For advertisement and donations contact
DEVINDER TOOR 416-902-9372
HARBANS SINGH 416-817-7142
Email: ppapmg@gmail.com
Om Parkash Sharma
647-891-8500
Email : omjagraon@yahoo.com
Pro-People Arts Project Media Group
"Sarokaran Di Awaz" Newspaper
29 Mapleview Ave Brampton
Ontario
Canada L6R 1M2
Email: ppapmg@gmail.com
Website: www.ppapmg.com

Voice of Social Concerns

Registration No. 210836300

# ਸਰੋਕਾਰਾਂ ਦੀ ਆਵਾਜ਼

Pro-People Arts Project Media Group

ਸਾਲ-4, ਅੰਕ-8, ਅਗਸਤ 2014

Pro-People Arts
Project Media Group
SAROKARAN DI AWAZ
29 MAPLEVIEW AVE
BRAMPTON ONTARIO
CANADA L6R 1M2
E-Mail : ppapmg@gmail.com
www.ppapmg.com
ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ
ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ

ਹਾਥੀ ਦੇ ਦੰਦ ਖਾਣ ਨੂੰ ਹੋਰ ਤੇ ਦਿਖਾਉਣ ਨੂੰ ਹੋਰ ਦੀ ਕਹਾਵਤ ਵਾਂਗ ਲੋਕਾਂ ਨਾਲ ਦੁਨੀਆ ਭਰ ਵਿਚ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਵਲੋਂ ਕੀਤੇ ਦਾਅਵਿਆਂ ਦਾ ਮਖੌਟਾ ਉਸ ਸਮੇਂ ਢਹਿ-ਢੇਰੀ ਹੋ ਜਾਂਦਾ ਹੈ ਜਦੋਂ ਦੁਨੀਆ ਵਿਚ ਜਮਹੂਰੀਅਤ ਦੇ ਨਾਮ 'ਤੇ ਮਨੁੱਖੀ ਸ਼ਾਂਤੀ ਲਈ ਦੁਨੀਆ ਭਰ ਦੀਆਂ ਵੱਖੋ-ਵੱਖਰੀਆਂ ਸਰਕਾਰਾਂ ਵਲੋਂ ਵੱਡੇ-ਵੱਡੇ ਲੋਕਪੱਖੀ ਹੋਣ ਦੇ ਐਲਾਨਨਾਮਿਆਂ ਦਾ ਹੜ੍ਹ ਆ ਰਿਹਾ ਹੈ। ਸੰਸਾਰ ਪੱਧਰ 'ਤੇ ਆਰਥਿਕ ਮੰਦਵਾੜੇ ਅਤੇ ਕੁਝ ਕੁ ਮੁੱਠੀ ਭਰ ਲੋਕਾਂ ਵਲੋਂ ਆਪਣਾ ਆਰਥਿਕ ਗਲਬਾ ਕਾਇਮ ਰੱਖਣ ਲਈ ਤਰ੍ਹਾਂ-ਤਰ੍ਹਾਂ ਦੇ ਬੁਛਾਏ ਜਾ ਰਹੇ ਜਾਲਾਂ ਕਾਰਨ ਲੋਕਾਂ ਵਿਚ ਵਧ ਰਹੀ ਬੇਚੈਨੀ, ਰੋਸ ਲੋਕ ਘੋਲਾਂ ਦਾ ਰੂਪ ਧਾਰਨ ਕਰ ਰਹੇ ਹਨ। ਸਰਮਾਏਦਾਰੀ ਦੀਆਂ ਨੀਹਾਂ 'ਤੇ ਖੜ੍ਹੀਆਂ ਸਰਕਾਰਾਂ ਆਪਣੇ ਭਾਈਵਾਲਾਂ ਦੀ ਸੁਰੱਖਿਆ ਲਈ ਲੋਕਾਂ ਦੀ ਅਮਨ ਕਾਨੂੰਨ ਦੀ ਰਾਖੀ, ਚੰਗੇ ਪ੍ਰਸ਼ਾਸਨ, ਆਮ ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਦੇ ਬਹਾਨੇ ਅਸਲ ਵਿਚ ਦੁਨੀਆ ਭਰ ਵਿਚ ਉੱਠ ਰਹੀਆਂ ਲੋਕ ਲਹਿਰਾਂ ਨੂੰ ਦਬਾਉਣ ਲਈ ਬਣਾਉਂਦੀਆਂ ਹਨ ਜਿਸ ਦੇ ਵਿਚੋਂ ਹੀ ਪੰਜਾਬ (ਜਨਤਕ ਅਤੇ ਨਿੱਜੀ ਜਾਇਦਾਦ ਨੁਕਸਾਨ ਰੋਕਥਾਮ) ਬਿੱਲ-2014 ਅਤੇ ਕੈਨੇਡਾ ਵਿਚ ਗੁੰਡਾ ਗੈਂਗ ਨੂੰ ਰੋਕਣ ਦੇ ਨਾਮ 'ਤੇ ਸੀ-294 ਲਾਗੂ ਕੀਤੇ ਗਏ ਹਨ। ਅੱਜ ਜਦੋਂ ਜਮਹੂਰੀ ਲਹਿਰਾਂ ਨੂੰ ਕੁਚਲਣ ਲਈ ਜਬਰੀ ਕਾਨੂੰਨਾਂ ਦਾ ਸਿਕੰਜ਼ਾ ਕੱਸਿਆ ਜਾ ਰਿਹਾ ਹੈ, ਉਥੇ ਲੋਕਾਂ ਦਾ ਧਿਆਨ ਅਸਲੀ ਜ਼ਿੰਦਗੀ ਦੌਰਾਨ ਆ ਰਹੀਆਂ ਮੁਸੀਬਤਾਂ ਨੂੰ ਸਮਝ ਦੀ ਬਜਾਏ ਉਨ੍ਹਾਂ ਦਾ ਧਿਆਨ ਅਸਲੀਅਤ ਤੋਂ ਪਾਸੇ ਹਟਾਉਣ ਲਈ ਤਰ੍ਹਾਂ-ਤਰ੍ਹਾਂ ਦੇ ਧਾਰਮਿਕ ਸੋਸ਼ਿਆਂ ਦਾ ਬਾਜ਼ਾਰ ਵੀ ਗਰਮ ਰੱਖਿਆ ਜਾਂਦਾ ਹੈ। ਜਦੋਂ ਦੁਨੀਆ ਭਰ ਵਿਚ ਕਰੋੜਾਂ ਲੋਕ ਭੁੱਖ ਨਾਲ ਤਰਸ ਰਹੇ ਹਨ ਤਾਂ ਖੇਡਾਂ ਦੇ ਨਾਮ 'ਤੇ ਕਰੋੜਾਂ ਰੁਪਿਆ ਵਰਤ ਕੇ ਮੁਨਾਫ਼ਾ ਕਮਾਇਆ ਜਾ ਰਿਹਾ ਹੈ। ਮੌਜੂਦਾ ਪੂੰਜੀਵਾਦੀ ਯੁੱਗ ਦੀਆਂ ਸਵਾਰਥੀ ਕਦਰਾਂ ਕੀਮਤਾਂ ਨੂੰ ਅਮਲੀ ਰੂਪ ਦੇਣ ਲਈ ਸੱਭਿਆਚਾਰ ਦੇ ਨਾਮ 'ਤੇ ਅਸ਼ਲੀਲਤਾ ਤੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਨੂੰ ਟੱਪਿਆ ਜਾ ਰਿਹਾ ਹੈ। ਦੁਨੀਆ ਭਰ ਵਿਚ ਆਪਣੀ ਆਜ਼ਾਦੀ ਦੀ ਪ੍ਰਾਪਤੀ ਜਾਂ ਮਨੁੱਖਤਾ ਦੀ ਬਹਾਲੀ ਲਈ ਲੜੇ ਗਏ ਘੋਲਾਂ ਦੇ ਜੁਝਾਰੂਆਂ ਦੇ ਦਿਨ ਮਨਾਉਣ ਸਮੇਂ ਕੀਤੇ ਜਾ ਰਹੇ ਸਟੇਜ ਸ਼ੋਆਂ ਸਮੇਂ ਵੀ ਕੋਈ ਕਸਰ ਬਾਕੀ ਨਹੀਂ ਛੱਡੀ ਜਾਂਦੀ। ਕੀਤੇ ਜਾ ਰਹੇ ਪ੍ਰਦਰਸ਼ਨਾਂ ਤੇ ਲੱਚਰਤਾ ਦੀ ਬਹਾਰ ਦੇਖੀ ਜਾ ਸਕਦੀ ਹੈ ਤਾਂ ਕਿ ਆਉਣ ਵਾਲੀ ਨੌਜਵਾਨ ਪੀੜ੍ਹੀ ਇਤਿਹਾਸ ਨੂੰ ਸਮਝ ਕੇ ਮੌਜੂਦਾ ਸਮੱਸਿਆਵਾਂ ਦੇ ਪ੍ਰਸੰਗ ਵਿਚ ਸੋਚ ਕੇ ਅਸਲੀਅਤ ਵਲ ਅੱਗੇ ਨਾ ਵਧ ਸਕੇ। ਉਨ੍ਹਾਂ ਆਜ਼ਾਦੀ ਘੁਲਾਟੀਆਂ, ਗ਼ਦਰੀ ਬਾਬਿਆਂ, ਕਾਮਾਗਾਟਾ ਮਾਰੂ ਸਮਾਗਮਾਂ ਤੇ ਮਈ ਵਰਗੇ ਪਵਿੱਤਰ ਦਿਹਾੜਿਆਂ ਨੂੰ ਬੜੇ ਹੀ ਵੱਖਰੇ ਲਹਿਜੇ ਵਿਚ ਮਨਾਇਆ ਜਾ ਰਿਹਾ ਹੈ। ਇਹ ਕੋਈ ਮਾਮੂਲੀ ਘਟਨਾਵਾਂ ਨਹੀਂ ਬਲਕਿ ਬੜੇ ਹੀ ਸੁਚੱਜੀ ਸੋਚ ਨਾਲ ਲਾਗੂ ਕਰਕੇ ਲੋਕਾਂ ਤੇ ਨੌਜਵਾਨ ਪੀੜ੍ਹੀ ਨੂੰ ਸਮੇਂ ਦੀਆਂ ਹਕੀਕਤਾਂ ਨੂੰ ਸਮਝਣ ਤੋਂ ਅਸਮਰੱਥ ਬਣਾਇਆ ਜਾ ਰਿਹਾ ਹੈ। ਹੁਣ ਸੋਚਣ ਦੀ ਲੋੜ ਹੈ ਕਿ ਇਨਕਲਾਬੀ ਧਿਰਾਂ ਨੂੰ ਆਪਣੇ ਇਨਕਲਾਬੀ ਤਜਰਬੇ ਨੂੰ ਵਰਤਕੇ ਕੋਈ ਅਜਿਹਾ ਹੱਲ ਪੇਸ਼ ਕਰਨ ਤਾਂ ਜੋ ਲੋਕਾਂ ਦੀ ਬੇਚੈਨੀ ਦਾ ਅਸਲੀ ਹੱਲ ਲੱਭਿਆ ਜਾ ਸਕੇ।

-ਹਰਬੰਸ ਸਿੰਘ



ਵਿਦੇਸ਼ੀ ਸਾਮਰਾਜ ਤੋਂ ਸਾਨੂੰ ਅਖੌਤੀ ਆਜ਼ਾਦੀ ਮਿਲੀ ਨੂੰ 67 ਸਾਲ ਹੋ ਚੁੱਕੇ ਹਨ। ਹਰ ਸਾਲ ਆਜ਼ਾਦੀ ਦਿਵਸ 'ਤੇ ਭਾਰਤ ਦੀ ਖੁਸ਼ਹਾਲੀ ਦੇ ਨਾਅਰੇ ਲੰਬੀਆਂ-ਲੰਬੀਆਂ ਬਾਹਾਂ ਚੁੱਕ ਕੇ ਅਸੀਂ ਬੜੀ ਬੇਸ਼ਰਮੀ ਨਾਲ ਮਾਰਦੇ ਆ ਰਹੇ ਹਾਂ। ਇਸ ਵਾਰ ਵੀ ਮਾਰਾਂਗੇ। ਗੁਲਾਮੀ ਦੇ ਸੰਗਲਾਂ ਨੂੰ ਤੋੜ ਕੇ ਆਪਣੇ ਗਲੇ ਵਿਚ ਫਾਂਸੀ ਦੇ ਰੱਸੇ ਪਾਉਣ ਵਾਲੇ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਵਿਚ ਅਸੀਂ ਕਿੰਨੇ ਕੁ ਕਾਮਯਾਬ ਹੋਏ ਹਾਂ, ਹਾਲਾਤ ਵੇਖ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਜਦੋਂ ਪੜ੍ਹਨ ਤੇ ਖੇਡਣ ਦੀ ਉਮਰ ਦੇ ਬੱਚੇ ਆਪਣੇ ਅਤੇ ਆਪਣਿਆਂ ਮਾਪਿਆਂ ਦੇ ਪੇਟ ਨੂੰ ਝੁਲਕਾ ਦੇਣ ਲਈ ਵਿੱਤੋਂ ਵੱਧ ਭਾਰਾ ਕੰਮ ਕਰਕੇ ਸੜਕਾਂ 'ਤੇ ਪਸੀਨਾ ਡੋਲਣ ਲਈ ਮਜਬੂਰ ਹੁੰਦੇ ਹਨ ਅਤੇ ਉਹ ਪੜ੍ਹਾਈ ਤੋਂ ਵਿਰਵੇ ਰਹਿ ਜਾਂਦੇ ਹਨ। ਸਰਮਾਏਦਾਰੀ ਨਿਜਾਮ ਵਲੋਂ ਬੱਚਿਆਂ ਦੇ ਹੱਥ ਫੜਾਏ ਤਰੰਗੇ ਸਿਰਫ਼ ਆਪਣੀ ਸ਼ੋਭਾ ਵਧਾਉਣ ਲਈ ਤਾਂ ਆਖੇ ਜਾ ਸਕਦੇ ਹਨ ਪਰ ਨੰਗੇ ਪੈਰੀਂ ਤਪਦੀ ਸੜਕ 'ਤੇ ਭਾਰ ਢੋਣਾਂ ਸਾਡੇ ਵਿਗੜੇ ਨਿਜ਼ਾਮ ਦੇ ਅਸੇਵੇਂਪਣ ਦੀ ਸ਼ਰਮਨਾਕ ਤਸਵੀਰ ਪੇਸ਼ ਕਰਦਾ ਹੈ, ਤੇ ਜਮਹੂਰੀਅਤ 'ਤੇ ਲੱਗੇ ਕਲੰਕ ਦੀ ਸ਼ਾਅਦੀ ਭਰਦਾ ਹੈ। ਭੁੱਖੇ ਢਿੱਡੀਂ ਮਜ਼ਦੂਰੀ ਤੇ ਨੰਗੇ ਪੈਰਾਂ ਵਿਚ ਪਏ ਛਾਲੇ ਪੁਕਾਰ-ਪੁਕਾਰ ਕੇ ਕਹਿ ਰਹੇ ਨੇ ਕਿ ਸਾਡੀ ਆਜ਼ਾਦੀ ਕਿੱਥੇ ਹੈ? ਭੁੱਖੇ ਢਿੱਡੀਂ ਵਾਲਿਆਂ ਨੂੰ ਖੁਸ਼ਹਾਲੀ ਦੇ ਨਾਅਰੇ ਮਾਰਨ ਲਈ ਮਜਬੂਰ ਕੀਤਾ ਜਾਂਦਾ ਹੈ। ਦੇਸ਼ ਦਾ ਭਵਿੱਖ ਸਿਰਜਨ ਵਾਲਿਆਂ ਦਾ ਚਿੱਟੇ ਦਿਨ ਸੋਸ਼ਣ ਹੁੰਦਾ ਹੈ ਤੇ ਉਹ ਪਤਾ ਨਹੀਂ ਕਦੋਂ ਪੁੱਛਣਗੇ ਕਿ ਸਾਨੂੰ ਆਜ਼ਾਦੀ ਦਾ ਨਿੱਘ ਕਦੋਂ ਪ੍ਰਾਪਤ ਹੋਵੇਗਾ?




ਆਜ਼ਾਦੀ ਅਤੇ ਅਸਲੀ ਆਜ਼ਾਦੀ ਨੂੰ ਤਰਸਦੇ ਭਾਰਤ ਦੇ ਲੋਕ




Business of Education generates Rs. 48,400 crores of black money every year in India




ਦਿਸਹੱਦਿਆਂ ਤੋਂ ਪਾਰ ਵਾਲਾ ਨਜ਼ਰੀਆ




ਜੀ.ਐਮ. ਬੀਜਾਂ ਦੇ ਸੰਭਾਵਿਤ ਖਤਰਿਆਂ ਤੋਂ ਸੁਚੇਤ ਹੋਣ ਦੀ ਲੋੜ

SUPER VISA INSURANCE
PUNJAB INSURANCE INC.
• Life Insurance • Mortgage Insurance
• Critical Illness Insurance • Disability Insurance
• RESP, RRSP

Sherjang Singh Rana
416.910.9000
www.punjabinsurance.ca

Ravinder Singh Basra
416.845.6232

# ਭਖਦੀ ਸਮੱਸਿਆ ਬੁਲਿੰਗ ਬਾਰੇ ਕਮਿਊਨਟੀ ਨੂੰ ਚੇਤਨ ਕਰਦਾ ਨਾਟਕ ਸਹਿਮ ਦੇ ਪਲ

ਹਰਜੀਤ ਸਿੰਘ ਬੇਦੀ

ਨਾਹਰ ਔਜਲਾ ਤੇ ਅਵਤਾਰ ਔਜਲਾ ਵਲੋਂ ਸਾਂਝੇ ਤੌਰ ਤੇ ਲਿਖਿਆ ਤੇ ਨਿਰਦੇਸ਼ਤ ਕੀਤਾ ਨਾਟਕ ਸਹਿਮ ਦੇ ਪਲ 21 ਜੂਨ ਨੂੰ ਬਰੈਂਪਟਨ ਦੇ ਪੀਅਰਸਨ ਥੀਏਟਰ ਚ ਦੇਖਣ ਦਾ ਮੌਕਾ ਮਿਲਿਆ। ਇਹੋ ਜਿਹਾ ਨਾਟਕ ਖੇਡਣਾ ਚੇਤਨਾ ਕਲਚਰਲ ਸੈਂਟਰ ਦੀ ਟੀਮ ਦਾ ਵਧੀਆ ਉਪਰਾਲਾ ਹੈ। ਨਾਟਕ ਦਰਸ਼ਾਉਦਾ ਹੈ ਕਿ ਸਾਡੇ ਬੱਚੇ ਕਿਸ ਤਰ੍ਹਾਂ ਬੁਲਿੰਗ ਰਾਹੀ ਸਰੀਰਕ ਤੇ ਮਾਨਸਿਕ ਪੀੜਾ ਦਾ ਸ਼ਿਕਾਰ ਹੁੰਦੇ ਹਨ। ਉਹਨਾਂ ਦੀਆਂ ਆਪਣੇ ਮਾਪਿਆਂ ਨਾਲ ਮਾਨਸਿਕ ਤੰਦਾ ਜੁੜੀਆਂ ਨਾਂ ਹੋਣ ਕਾਰਨ ਆਪਣੀ ਪੀੜਾ ਨੂੰ ਅੰਦਰੋ ਅੰਦਰੀ ਝਲਦੇ ਹਨ ਪਰ ਆਪਣੇ ਮਾਪਿਆਂ ਨਾਲ ਸਾਂਝੀ ਨਹੀਂ ਕਰਦੇ। ਉਹ ਗੁੰਮ ਸੁੰਮ ਰਹਿਣ ਲਗਦੇ ਹਨ, ਕਈ ਵਾਰ ਤਾਂ ਬੱਚੇ ਇੱਥੋਂ ਤਕ ਨਿਰਾਸ਼ ਹੋ ਜਾਂਦੇ ਹਨ ਕਿ ਆਤਮ-ਹੱਤਿਆ ਵਰਗਾ ਕਦਮ ਵੀ ਚੁੱਕ ਲੈਂਦੇ ਹਨ।

ਨਾਟਕ ਦੀ ਪਾਤਰ ਹਰਜੀਤ ਜਿਹੜੀ ਬੁਲਿੰਗ ਦਾ ਸ਼ਿਕਾਰ ਹੋਏ ਬੱਚੇ (ਰਵੀ) ਦੀ ਮਾਂ ਹੈ, ਉਹ ਅਸਲ ਕਾਰਣ ਸਮਝਣ ਦੀ ਥਾਂ ਬੱਚੇ ਦੇ ਉਦਾਸ ਤੇ ਚੁੱਪ ਰਹਿਣ ਨੂੰ ਅੰਧ ਵਿਸਵਾਸ਼ ਨਾਲ ਜੋੜ ਲੈਂਦੀ ਹੈ। ਲੜਕੇ ਦਾ ਬਾਪ ਆਪਣੀ ਪਤਨੀ ਅਤੇ ਬੱਚੇ ਨਾਲ ਬਹੁਤ ਹੀ ਰੁੱਖਾ ਵਰਤਾਓ ਕਰਦਾ ਹੈ। ਉਸ ਦੀ ਮਾਨਸਿਕਤਾ ਆਪਣੀ ਪਤਨੀ ਤੇ ਬੱਚਿਆਂ ਨੂੰ ਦਬਾਅ ਕੇ ਰੱਖਣ ਦੀ ਹੈ। ਉਹ ਆਪਣੇ ਪੁੱਤਰ(ਰਵੀ)ਦੀ ਸਮੱਸਿਆ ਸਮਝਣ ਦੀ ਥਾਂ ਉਸ ਨਾਲ ਸਖਤੀ ਵਰਤਣ ਦਾ ਰੁਝਾਨ ਰਖਦਾ ਹੈ। ਪਤੀ ਦੇ ਵਰਤਾਅ ਅਤੇ ਬੱਚੇ ਦੀ ਸਮੱਸਿਆ ਨਾਲ ਪਰੇਸ਼ਾਨ ਹੋਈ ਮਾਂ ਬਾਬਿਆਂ ਦੀ ਸ਼ਰਨ ਲੈਣ ਲਈ ਤਿਆਰ ਹੋ ਜਾਂਦੀ ਹੈ। ਉਸਦੀ ਸਹੇਲੀ ਜੋ ਕਿ ਸੰਤਾਂ ਦੀ ਚੇਲੀ ਹੈ, ਸੰਤ ਨੂੰ ਲੈ ਕੇ ਹਰਜੀਤ ਦੇ ਘਰ ਆਉਂਦੀ ਹੈ। ਪਰ ਹਰਜੀਤ ਦਾ ਭਰਾ ਜੋ ਕਿ ਚੇਤਨਾ ਦਾ ਪ੍ਰਤੀਕ ਹੈ, ਆਪਣੀ ਭੈਣ ਨੂੰ ਪਖੰਡੀ ਸੰਤ ਦੀ ਲੁੱਟ ਤੋਂ ਬਚਾਅ ਲੈਂਦਾ ਹੈ। ਉਸਦੇ ਵਿਚਾਰਾਂ ਦਾ ਸਾਹਮਣਾ ਨਾ ਕਰਦੇ ਹੋਏ ਤੇ ਉਸਦੇ ਗੁੱਸੇ ਤੋਂ ਡਰਦੇ ਮਾਰੇ ਸੰਤ ਤੇ ਉਸਦੀ ਚੇਲੀ ਆਪਣਾ ਫੋਨ ਵੀ ਉੱਥੇ ਹੀ ਛੱਡ ਕੇ ਖਿਸਕਣ ਦੀ ਕਰਦੇ ਹਨ। ਹਰਜੀਤ ਦਾ ਬਾਪ ਬਜ਼ੁਰਗਾਂ ਦੀ ਮਾਨਸਿਕਤਾ ਦਾ ਪਰਤੀਕ ਹੈ ਜੋ ਜੁਗਾੜੀ ਸੁਭਾਅ ਦਾ ਬੰਦਾ ਹੈ, ਬਜੁਰਗਾਂ ਦੇ ਗਰੁੱਪਾਂ ਚ ਲੀਡਰੀ ਕਰਨੀ ਤੇ ਵਧੀਆ ਖਾਣਾ ਪੀਣਾ ਉਸਦਾ ਜੱਦੀ ਸੌਂਕ ਹੈ। ਨਾਟਕ ਦੇਖ ਕੇ ਇਹ ਸਪੱਸ਼ਟ ਹੁੰਦਾ ਹੈ ਕਿ ਰਵੀ ਦੀ ਸਮੱਸਿਆ ਨੂੰ ਉਸਦੀ ਟੀਚਰ ਤੇ ਸਟੂਡੈਂਟ ਕਾਊਂਸਲਰ ਸਮਝ ਤਾਂ ਜਾਦੇ ਹਨ ਪਰ ਉਹ ਵੀ ਇਸ ਸਿਸਟਮ ਵਿੱਚ ਵਿਚਰਦਿਆਂ ਬਹੁਤਾ ਕੁਝ ਕਰ ਨਹੀਂ ਸਕਦੇ। ਨਾਟਕ ਦੇ ਅੰਤ ਵਿੱਚ ਰਵੀ ਦੀ ਭੈਣ ਗੁੰਡਿਆ ਅੱਗੇ ਦਲੇਰੀ ਨਾਲ ਪੇਸ਼ ਆਉਂਦੀ ਹੈ, ਪਰ ਬਦਮਾਸ ਮੁੰਡਿਆ ਵਲੋਂ ਉਸ ਦੀ ਭੈਣ ਤੇ ਹੱਥ ਚੁੱਕਣ ਤੇ ਰਵੀ ਵੀ ਦਲੇਰੀ ਫੜ ਲੈਂਦਾ ਹੈ ਜਿਸ ਨਾਲ ਸਮੱਸਿਆ ਦੇ ਹੱਲ ਲਈ ਇੱਕ ਰਸਤਾ ਖੁੱਲ ਜਾਂਦਾ ਹੈ। ਨਾਟਕ ਵਿੱਚ ਦਰਸਾਇਆ ਗਿਆ ਹੈ ਕਿ ਸਕੂਲ ਜਾਂ ਅਥਾਰਟੀ ਸਮੱਸਿਆ ਦਾ ਹੱਲ ਇਕੱਲੇ ਤੌਰ ਤੇ ਨਹੀਂ ਕਰ ਸਕਦੇ, ਸਾਨੂੰ ਖੁਦ ਨੂੰ ਹੀ ਆਪਣੀਆਂ ਸਮੱਸਿਆਵਾਂ ਪ੍ਰਤੀ ਸੁਚੇਤ ਹੋ ਕੇ ਉਹਨਾਂ ਨੂੰ ਸੁਲਝਾਉਣ ਦੀ ਲੋੜ ਹੈ।

ਅਜੋਕੇ ਸਮੇਂ ਦੀ ਚੂਹਾ-ਦੌੜ ਵਿੱਚ ਸ਼ਾਮਲ ਮਾਪੇ ਆਪਣੇ ਬੱਚਿਆਂ ਲਈ ਵਿਹਲ ਨਹੀਂ ਕੱਢ ਰਹੇ, ਉਹਨਾਂ ਨਾਲ ਗੱਲਾਂ ਸਾਂਝੀਆਂ ਨਹੀਂ ਕਰਦੇ ਜਿਸ ਕਾਰਨ ਕਈ ਵਾਰ ਉਹਨਾਂ ਦਾ ਸਾਂਝ ਵਾਲਾ ਰਿਸ਼ਤਾ ਤਿੜਕ ਜਾਂਦਾ ਹੈ। ਅੱਜ ਸਾਡੇ ਬੱਚੇ ਆਪਣੇ ਸਾਥੀਆਂ, ਮਾਪਿਆਂ, ਬਜੁਰਗਾਂ ਤੇ ਸਕੇ- ਸਬੰਧੀਆਂ ਦੀ ਸੰਗਤ ਮਾਣਨ ਤੋਂ ਵਿਰਵੇ ਹਨ। ਉਹਨਾਂ ਦਾ ਰਿਸ਼ਤਾ ਮਨੁੱਖਾਂ ਦੀ ਥਾਂ ਕੰਪਿਊਟਰਾਂ ਆਦਿ ਨਾਲ ਜੁੜ ਜਾਂਦਾ ਹੈ। ਉਹਨਾਂ ਨੂੰ ਸਮਾਜ ਵਿੱਚ ਆਪਣੇ ਆਲੇ ਦੁਆਲੇ ਦੀ ਕੋਈ ਸੁੱਧ ਨਹੀਂ ਰਹਿੰਦੀ ਤੇ ਉਹ ਆਪਣੇ ਆਪ ਨੂੰ ਇਕੱਲਤਾ ਦੇ ਹਨੇਰੇ ਵਿੱਚ ਧੱਕ ਲੈਂਦੇ ਹਨ। ਉਹਨਾਂ ਨੂੰ ਕੋਈ ਆਪਣਾ ਹਮਦਰਦ ਨਹੀਂ ਦਿਸਦਾ ਇੱਥੋਂ ਤੱਕ ਕਿ ਆਪਣੇ ਮਾਂ ਬਾਪ ਨਾਲ ਆਪਣਾ ਦੁਖ-ਸੁਖ ਸਾਂਝਾਂ ਕਰਨ ਦੀ ਥਾਂ ਉਹ ਅੰਦਰੇ ਅੰਦਰੇ ਤਿਲ-ਤਿਲ ਕਰ ਕੇ ਭੁਜਦੇ ਰਹਿੰਦੇ ਹਨ। ਨਾਟਕ ਵਿਚਲੇ ਬੱਚੇ (ਰਵੀ) ਦੇ ਰਹਿਣ ਲਈ ਵਧੀਆ ਘਰ ਹੈ, ਵਧੀਆ ਖਾਣਾ, ਪਾਉਣ ਲਈ ਸੋਹਣੇ ਕਪੜੇ ਅਤੇ ਹੋਰ ਸਹੂਲਤਾਂ ਵੀ ਹਨ ਪਰ ਫਿਰ ਵੀ ਉਸਦਾ ਜੀਵਣ ਹਨੇਰੇ ਵਿੱਚ ਹੈ। ਅਸੀਂ ਆਪਣੇ ਬੱਚਿਆਂ ਨੂੰ ਸਹੂਲਤਾਂ ਦੇ ਕੇ ਸੁਰਖਰੂ ਹੋ ਜਾਂਦੇ ਹਾਂ ਪਰ ਅਸੀਂ ਆਪਣੇ ਬੱਚਿਆਂ ਲਈ ਬਿਗਾਨੇ ਅਤੇ ਉਹ ਸਾਡੇ ਲਈ ਬਿਗਾਨੇ ਬਣੇ ਰਹਿੰਦੇ ਹਨ। ਘਰ ਵਿੱਚ ਇੱਕ ਦੂਜੇ ਲਈ ਮਾਨਸਿਕ ਸਾਂਝ ਤੇ ਅਪਣੱਤ ਦੀ ਘਾਟ ਤਾਂ ਹੈ ਹੀ, ਪਰ ਵਿਦਿਅਕ ਢਾਂਚੇ ਵਿੱਚ ਵੀ ਅਚੇਤ ਤੌਰ ਤੇ ਜਾਂ ਸੋਚੀ ਸਮਝੀ ਸਕੀਮ ਅਧੀਨ ਨਿਜੀ ਅਜ਼ਾਦੀ ਦੇ ਨਾਂ ਤੇ ਉਹਨਾਂ ਨੂੰ ਦੂਜਿਆਂ ਨਾਲੋ ਵੱਖਰਾ ਰਹਿਣ ਦੀ ਸੋਚ ਵੱਲ ਧੱਕਿਆ ਜਾ ਰਿਹਾ ਹੈ। ਉਹ ਦੂਜਿਆ ਦੀ ਪਰਵਾਹ ਨਹੀਂ ਕਰਦੇ, ਆਈ ਡੌਂਟ ਬੌਦਰ, ਆਈ ਡੌਂਟ ਕੇਅਰ, ਜਿਹੇ ਵਾਕ ਉਹਨਾਂ ਦੇ ਮੂੰਹੋ ਆਮ ਹੀ ਸੁਣਨ ਨੂੰ ਮਿਲਦੇ ਹਨ। ਕੁੱਲ ਮਿਲਾ ਕੇ ਸਾਡੀ ਨਵੀਂ ਪੀੜ੍ਹੀ ਆਪਣੇ ਆਪ ਤੱਕ ਸਿਮਟ ਕੇ ਰਹਿ ਜਾਂਦੀ ਹੈ ਜਿਸ ਨਾਲ ਸਮੱਸਿਆਵਾਂ ਦਾ ਜੰਗਲ ਪੈਦਾ ਹੋ ਰਿਹਾ ਹੈ। ਸਾਡੀ ਆਉਣ ਵਾਲੀ ਪੀੜ੍ਹੀ ਦਾ ਉਸ ਜੰਗਲ ਵਿੱਚ ਗੁੰਮ ਹੋਣ ਦਾ ਖਦਸ਼ਾ ਹੈ।

ਇਹ ਨਾਟਕ ਲਿਖਿਆ ਤਾਂ ਬੁਲਿੰਗ ਦੀ ਸਮੱਸਿਆ ਨੂੰ ਲੈ ਕੇ ਹੈ, ਪਰ ਇਹ ਬਹੁ-ਪਰਤੀ ਨਾਟਕ ਹੈ। ਲੇਖਕ ਤੇ ਨਿਰਦੇਸ਼ਕ ਨੇ ਉਹ ਸਾਰੀਆਂ ਪਰਤਾਂ ਬਹੁਤ ਹੀ ਸੁਚੱਜੇ ਢੰਗ ਨਾਲ ਦਰਸ਼ਕਾਂ ਅੱਗੇ ਪੇਸ਼ ਕੀਤੀਆਂ ਹਨ। ਭਾਵੇਂ ਸਾਨੂੰ ਇੱਥੋਂ ਦਾ ਸਿਸਟਮ ਬਹੁਤ ਵਧੀਆ ਲਗਦਾ ਹੈ ਪਰ ਅਸੀਂ ਆਪਣੇ ਬੱਚਿਆਂ ਦੀ ਜਿੰਦਗੀ ਇਸ ਸਿਸਟਮ ਨੂੰ ਸੌਂਪ ਕੇ ਸੁਰਖਰੂ ਨਹੀਂ ਹੋ ਸਕਦੇ। ਬੱਚਿਆਂ ਲਈ ਮਾਂ ਬਾਪ ਦੀ ਆਪਣੀ ਮਹੱਤਤਾ ਹੈ ਅਤੇ ਬੱਚੇ ਮਾਂ ਬਾਪ ਲਈ ਸਭ ਹੋਰ ਚੀਜਾਂ ਨਾਲੋਂ ਮਹੱਤਵਪੂਰਣ ਹਨ। ਸਾਡਾ ਧਨ, ਵੱਡੇ ਘਰ, ਮਹਿੰਗੀਆਂ ਕਾਰਾਂ ਕਦੇ ਵੀ ਸਾਡੀ ਆਪਣੇ ਬੱਚਿਆਂ ਨਾਲ ਭਾਵਨਾਤਮਕ ਸਾਂਝ ਦੀ ਥਾਂ ਨਹੀਂ ਲੈ ਸਕਦੀਆਂ। ਪਰਿਵਾਰ ਦੇ ਜੀਅ ਇੱਕ ਦੂਜੇ ਨਾਲ ਬੇਗਿਆਨਿਆਂ ਵਾਂਗ ਰਹਿ ਕੇ ਕਦੇ ਵੀ ਵਧੀਆ ਪਰਿਵਾਰ ਨਹੀਂ ਸਿਰਜ ਸਕਦੇ ਤੇ ਇਹ ਸਮਾਜ ਤਾਂ ਹੀ ਵਧੀਆ ਬਣੇਗਾ ਜੇ ਪਰਿਵਾਰ ਵਧੀਆ ਹੋਣਗੇ ਤੇ ਬੱਚੇ ਚਿੰਤਾ ਮੁਕਤ ਹੋਣਗੇ। ਇਹ ਨਾਟਕ ਸਾਨੂੰ ਸੁਨੇਹਾ ਦਿੰਦਾ ਹੈ ਕਿ ਸਾਨੂੰ ਆਪਣੇ ਬੱਚਿਆਂ ਦੇ ਵਰਤਾਰੇ ਬਾਰੇ ਤੇ ਉਹਨਾਂ ਦੇ ਸੁਭਾਅ ਚ ਅਚਾਨਕ ਹੀ ਆਈ ਹਰ ਤਬਦੀਲੀ ਬਾਰੇ ਪੂਰੀ ਜਾਣਕਾਰੀ ਹੋਵੇ। ਜਿੱਥੇ ਇਸ ਵਧੀਆ ਪੇਸ਼ਕਾਰੀ ਲਈ ਨਾਹਰ ਤੇ ਅਵਤਾਰ ਔਜਲਾ ਵਧਾਈ ਦੇ ਹੱਕਦਾਰ ਹਨ, ਉੱਥੇ ਨਾਲ ਹੀ ਇਸ ਦੇ ਸਾਰੇ ਕਲਾਕਾਰ ਵੀ ਪੂਰੀ ਪ੍ਰਸੰਸਾ ਦੇ ਹੱਕਦਾਰ ਹਨ ਜਿਹਨਾਂ ਨੇ ਕੈਨੇਡਾ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਸਮਾਂ ਕੱਢ ਕੇ ਪੂਰੀ ਮਿਸਾਲੀ ਤਿਆਰੀ ਕਰ ਕੇ ਪਾਤਰਾਂ ਨੂੰ ਸੰਜੀਵ ਰੂਪ ਵਿੱਚ ਜੀਵਿਆ ਹੈ। ਪਿਤਾ ਦੇ ਰੋਲ ਚ ਅਵਤਾਰ ਜੰਡੂ, ਮਾਂ ਦੇ ਰੋਲ 'ਚ ਹਰਜਸਪ੍ਰੀਤ ਕੌਰ ਗਿੱਲ, ਪੀੜਤ ਲੜਕੇ ਦੇ ਰੋਲ ਚ ਤਨਵੀਰ ਚਾਹਲ, ਰਵੀ ਦੇ ਦੋਸਤ ਲੜਕੇ ਦੇ ਰੋਲ ਚ ਅਮਰ, ਮਾਮੇ ਦੇ ਰੋਲ ਚ ਨਰੇਸ਼ ਭੱਠਲ, ਨਾਨੇ ਦੇ ਰੋਲ ਚ ਰਣਜੀਤ ਬਗਲੀ, ਟੀਚਰ ਮੰਨੂ ਦਿਉਲ, ਬੁਲਿੰਗ ਕਰਨ ਵਾਲੇ ਲੜਕੇ ਦੇ ਰੋਲ ਚ ਲੱਕੀ ਦਿਉਲ, ਸ਼ਿਵਦੇਵ ਗਿੱਲ, ਕਾਊਂਸਲਰ ਦੇ ਰੋਲ ਚ ਸਰਬਜੀਤ ਗੰਡਮ ਤੇ ਰਵੀ ਦੀ ਭੈਣ ਦੇ ਰੋਲ ਚ ਨਵੀ ਔਜਲਾ ਨੇ ਆਪਣੇ ਰੋਲ ਬਾਖੂਬੀ ਨਿਭਾਏ। ਨਾਟਕ ਦੇਖਦਿਆਂ ਇਹ ਮਹਿਸੂਸ ਹੁੰਦਾ ਸੀ ਜਿਵੇਂ ਅਸੀਂ ਨਾਟਕ ਨਾ ਦੇਖ ਰਹੇ ਹੋਈਏ ਸਗੋ ਸਭ ਕੁੱਝ ਸਾਡੇ ਸਾਹਮਣੇ ਅਸਲ ਵਿੱਚ ਵਾਪਰ ਰਿਹਾ ਹੋਵੇ। ਸੰਤ ਦੇ ਰੋਲ ਚ ਸੰਨੀ ਸ਼ਿਵਰਾਜ ਤੇ ਚੇਲੀ ਦੇ ਰੋਲ ਚ ਗੁਰਬੀਰ ਗੋਗੋ ਨੇ ਤਾਂ ਕਮਾਲ ਹੀ ਕਰ ਦਿੱਤੀ। ਨਿਰਦੇਸ਼ਕ ਦੁਆਰਾ ਸੰਤ ਤੇ ਚੇਲੀ ਦੀ ਐਂਟਰੀ ਵੀ ਬੜੇ ਹੀ ਨਿਵੇਕਲੇ ਤੇ ਕਲਾਤਮਕ ਜਿਹੇ ਢੰਗ ਨਾਲ ਕਰਵਾਈ ਗਈ। ਸੰਤ ਦੇ ਚਿਮਟੇ ਦੀ ਅਵਾਜ਼, ਗੋਗੋ ਦੀਆਂ ਟੱਲੀਆਂ ਤੇ ਦਰਸ਼ਕਾਂ ਦੀਆਂ ਤਾੜੀਆਂ ਦੇ ਖੜਾਕ ਨੇ ਇੱਕ ਵਾਰ ਤਾਂ ਸਾਰੇ ਹਾਲ ਨੂੰ ਹੀਂ ਗੂੰਜਣ ਲਾ ਦਿੱਤਾ। ਪਾਖੰਡੀ ਬਾਬਿਆਂ ਦੀ ਮੱਕਾਰੀ ਵੀ ਪੂਰੀ ਤਰ੍ਹਾਂ ਉੱਭਰ ਕੇ ਸਾਹਮਣੇ ਆਈ।

ਸਮਾਜ ਚ ਚੇਤਨਾ ਪੈਦਾ ਕਰਨ ਲਈ ਅਜਿਹੇ ਨਾਟਕਾਂ ਦੀ ਅਤਿਅੰਤ ਲੋੜ ਹੈ। ਇਸ ਪੇਸ਼ਕਾਰੀ ਨੇ ਨਾਹਰ ਔਜਲਾ, ਅਵਤਾਰ ਔਜਲਾ ਤੇ ਉਹਨਾਂ ਦੇ ਸਾਰੇ ਸਾਥੀਆਂ ਵਲੋਂ ਬਣਾਈ ਸੰਸਥਾ ਚੇਤਨਾ ਕਲਚਰਲ ਸੈਂਟਰ ਦੇ ਨਾਂ ਨੂੰ ਚੇਤਨਾ ਭਰਪੂਰ ਨਾਟਕ ਪੇਸ਼ ਕਰ ਕੇ ਸਾਕਾਰ ਕਰ ਦਿੱਤਾ ਹੈ। ਦਰਸ਼ਕਾਂ ਨੂੰ ਇਹਨਾਂ ਤੋਂ ਪਹਿਲਾਂ ਦੀ ਤਰ੍ਹਾਂ ਭਵਿੱਖ ਵਿੱਚ ਵੀ ਅਜਿਹੇ ਹੀ ਸਮਾਜਿਕ ਵਿਸ਼ਿਆਂ ਤੇ ਗਿਆਨ ਭਰਪੂਰ ਨਾਟਕਾਂ ਦੀ ਆਸ ਹਮੇਸਾਂ ਬਣੀ ਰਹੇਗੀ।

905-794-8871


Home Life/Superstars
HOMELIFE HIGHER STANDARDS
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092

Sukdev Singh Liddar
*2555 Steeles Ave E. Unit 11 *Brampton *ON*L6T4L6


Village of India
Restaurant & Sweets
Tel : 905-450-3333 www.villageofindia.ca
*Open days a week *Pur Veg. Authentic Fine Indian Cuisine
PARTY HALL (up to 100 people)
Party Hall+Catering+Seating
Arrangement+Sound System+Lighting
*DINE IN * TAKE OUT *CATERING *SWEETS&SNACKS
114 Kennedy Road, South, Brampton, ON L6W 3E7
(Between Queen/HWY 7 & Steeles)


Kulwant Singh Pannu
Sales Representative
416.276.1566
k.pannu@hotmail.com
AIR MILES
Century 21
Century 21 Green Realty Inc., Brokerage
REALTOR
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
MLS
Buy Green, Build Green...Save Environment!!!
Each office is independently owned and operated.
Trademarks of AIRMILES International Trading B.V. used under license by Loyalty Management Group Canada Inc. and Century 21 Canada Ltd. Partnership

# ਆਜ਼ਾਦੀ ਅਤੇ ਅਸਲੀ ਆਜ਼ਾਦੀ ਨੂੰ ਤਰਸਦੇ ਭਾਰਤ ਦੇ ਲੋਕ

-ਸੁਮੀਤ ਸਿੰਘ



**ਬੇਸ਼ੱਕ ਭਾਰਤ ਦਾ ਸਮਾਜਕ ਢਾਂਚਾ ਪੱਛਮੀ ਦੇਸ਼ਾਂ ਨਾਲੋਂ ਕੁਝ ਬਿਹਤਰ ਹੈ, ਪਰ ਮੌਜੂਦਾ ਪੂੰਜੀਵਾਦੀ ਯੁਗ ਦੀਆਂ ਸਵਾਰਥੀ ਕਦਰਾਂ-ਕੀਮਤਾਂ ਅਤੇ ਪੱਛਮੀ ਸਭਿਆਚਾਰ ਦੇ ਵਧ ਰਹੇ ਪ੍ਰਭਾਵ ਨੇ ਸਾਡੇ ਸਮਾਜਕ ਢਾਂਚੇ ਨੂੰ ਅੰਦਰੋ-ਅੰਦਰ ਖੋਖਲਾ ਕਰ ਦਿੱਤਾ ਹੈ। ਪੱਛਮੀ ਸਭਿਆਚਾਰ ਨੂੰ ਅਪਣਾ ਕੇ ਅਸੀਂ ਅਸ਼ਲੀਲਤਾ ਤੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਰਹੇ ਹਾਂ। ਪਰਵਾਰ ਵਿੱਚ ਇੱਕ ਦੂਜੇ ਤੋਂ ਅੱਖਾਂ ਬਚਾਉਣ ਵਾਲੀ ਮਾਨਸਿਕਤਾ ਬਣ ਰਹੀ ਹੈ।**

ਭਾਰਤ 15 ਅਗਸਤ 1947 ਨੂੰ ਅੰਗਰੇਜ਼ ਹਕੂਮਤ ਤੋਂ ਆਜ਼ਾਦ ਹੋ ਗਿਆ ਸੀ, ਪਰ ਬਟਵਾਰੇ ਵੇਲੇ ਲੱਖਾਂ ਨਿਰਦੋਸ਼ ਇਨਸਾਨਾਂ ਦੇ ਫਿਰਕੂ ਦੰਗੇ-ਫਸਾਦਾਂ ਵਿੱਚ ਮਾਰੇ ਜਾਣ ਅਤੇ ਕਰੋੜਾਂ ਦੇ ਘਰੋਂ ਬੇਘਰ ਹੋਣ ਤੋਂ ਬਾਅਦ ਮਿਲੀ ਰਸਮੀ ਆਜ਼ਾਦੀ ਦੇ ਬਾਵਜੂਦ ਪਿਛਲੇ 67 ਸਾਲਾਂ ਵਿੱਚ ਦੇਸ਼ ਦੀ ਜਨਤਾ ਨੂੰ ਅਸਲ ਆਜ਼ਾਦੀ ਦੇ ਦਰਸ਼ਨ ਨਹੀਂ ਹੋ ਸਕੇ।

ਸ਼ਹੀਦ ਭਗਤ ਸਿੰਘ ਅਤੇ ਦੇਸ਼ ਦੇ ਦੂਜੇ ਇਨਕਲਾਬੀ ਸ਼ਹੀਦਾਂ ਦਾ ਸੁਫਨਾ ਬਰਤਾਨਵੀ ਹਕੂਮਤ ਤੋਂ ਸਿਰਫ ਰਸਮੀ ਆਜ਼ਾਦੀ ਪ੍ਰਾਪਤ ਕਰਨ ਤੱਕ ਸੀਮਤ ਨਹੀਂ ਸੀ, ਬਲਕਿ ਉਹ ਆਜ਼ਾਦ ਭਾਰਤ ਵਿੱਚ ਇੱਕ ਅਜਿਹਾ ਜਮਾਤ ਰਹਿਤ ਲੋਕ-ਪੱਖੀ ਰਾਜ ਪ੍ਰਬੰਧ ਸਥਾਪਤ ਕਰਨਾ ਚਾਹੁੰਦੇ ਸਨ, ਜਿਸ ਵਿੱਚ ਹਰ ਨਾਗਰਿਕ ਨੂੰ ਸਹੀ ਅਰਥਾਂ ਵਿੱਚ ਆਰਥਿਕ, ਸਮਾਜਕ, ਮਾਨਸਿਕ ਅਤੇ ਰਾਜਨੀਤਕ ਆਜ਼ਾਦੀ, ਬਰਾਬਰੀ ਅਤੇ ਨਿਆਂ ਮਿਲੇ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੁੰਦੀ ਹੋਵੇ। ਬੜੇ ਅਫਸੋਸ ਦੀ ਗੱਲ ਹੈ ਕਿ ਆਜ਼ਾਦੀ ਤੋਂ ਬਾਅਦ ਸੱਤਾ ਉੱਤੇ ਕਾਬਜ਼ ਵੱਖ-ਵੱਖ ਸਿਆਸੀ ਜਮਾਤਾਂ ਨੇ ਸ਼ਹੀਦਾਂ ਦੇ ਸੁਫਨਿਆਂ ਨੂੰ ਸਾਕਾਰ ਕਰਨ ਲਈ ਕਦੇ ਗੰਭੀਰਤਾ ਨਾਲ ਕੋਸ਼ਿਸ਼ ਨਹੀਂ ਕੀਤੀ। ਉਲਟਾ ਦੇਸ਼ ਦੇ ਹਾਲਾਤ ਇਸ ਕਦਰ ਬਦਤਰ ਅਵਸਥਾ ਵਿੱਚ ਪਹੁੰਚ ਚੁੱਕੇ ਹਨ ਕਿ ਆਜ਼ਾਦੀ ਸਿਰਫ ਕਾਗਜ਼ੀ ਪੁਤਲਾ ਬਣ ਕੇ ਰਹਿ ਗਈ ਹੈ। ਅਸੀਂ ਆਜ਼ਾਦ ਹੋ ਕੇ ਵੀ ਗੁਲਾਮਾਂ ਵਾਲਾ ਜੀਵਨ ਭੋਗ ਰਹੇ ਹਾਂ।

ਜੇ ਲੋਕਾਂ ਦੀ ਆਰਥਿਕ ਆਜ਼ਾਦੀ ਦੇ ਪੱਖੋਂ ਗੱਲ ਕੀਤੀ ਜਾਵੇ ਤਾਂ ਇਹ ਹਕੀਕਤ ਸਾਡੇ ਸਾਹਮਣੇ ਹੈ ਕਿ ਦੇਸ਼ ਦੀ 80 ਫੀਸਦੀ ਆਬਾਦੀ ਸਿਖਿਆ, ਸਿਹਤ, ਰੁਜ਼ਗਾਰ, ਬਿਜਲੀ ਅਤੇ ਸਾਫ ਪਾਣੀ ਦੀਆਂ ਬੁਨਿਆਦੀ ਸਹੂਲਤਾਂ ਨੂੰ ਤਰਸ ਰਹੀ ਹੈ। ਇਸ ਵਿੱਚੋਂ ਵੀ 40 ਕਰੋੜ ਤੋਂ ਵੱਧ ਲੋਕ ਇਨ੍ਹਾਂ ਬੁਨਿਆਦੀ ਸਹੂਲਤਾਂ ਤੋਂ ਵਿਰਵੇ ਹੋ ਕੇ ਗਰੀਬੀ ਰੇਖਾ ਤੋਂ ਹੇਠਾਂ ਦਾ ਡੰਗ ਟਪਾਊ ਜੀਵਨ ਗੁਜ਼ਾਰ ਰਹੇ ਹਨ। ਭੁੱਖਮਰੀ, ਗਰੀਬੀ, ਮਹਿੰਗਾਈ, ਬੇਰੁਜ਼ਗਾਰੀ ਅਤੇ ਅਨਪੜ੍ਹਤਾ ਨੇ ਗਰੀਬ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ। ਦੇਸ਼ ਦੀ ਸੱਤਾ ਉੱਤੇ ਸਮੇਂ-ਸਮੇਂ ਰਾਜ ਕਰਨ ਵਾਲੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੇਸ਼ ਵਿੱਚੋਂ ਇਹ ਸਮੱਸਿਆਵਾਂ ਖਤਮ ਕਰਨ ਅਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਦਾ ਲਾਰਾ ਲਾ ਕੇ ਪਿਛਲੇ 67 ਸਾਲਾਂ ਤੋਂ ਜਨਤਾ ਨੂੰ ਗੁੰਮਰਾਹ ਕਰਨ ਰਹੀਆਂ ਹਨ। ਸਰਕਾਰ ਦੀਆਂ ਪੂੰਜੀਪਤੀ ਪੱਖੀ ਆਰਥਿਕ ਨੀਤੀਆਂ ਕਾਰਨ ਇਹ ਸਮੱਸਿਆਵਾਂ ਹੋਰ ਗੰਭੀਰ ਰੂਪ ਅਖਤਿਆਰ ਕਰ ਰਹੀਆਂ ਹਨ। ਨਤੀਜੇ ਵਜੋਂ ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋ ਰਿਹਾ ਹੈ।

ਸਾਡੀਆਂ ਹਾਕਮ ਜਮਾਤਾਂ ਵਲੋਂ ਵਿਸ਼ਵ ਵਪਾਰ ਸੰਸਥਾ ਸੰਸਾਰ ਬੈਂਕ ਅਤੇ ਕੌਮਾਂਤਰੀ ਵਿੱਤ ਫੰਡ ਦੇ ਦਬਾਅ ਹੇਠ ਉਹ ਲੋਕ ਵਿਰੋਧੀ ਆਰਥਿਕ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦੇ ਤਹਿਤ ਬਹੁ-ਕੌਮੀ ਕੰਪਨੀਆਂ ਨੂੰ ਵੱਧ ਤੋਂ ਵੱਧ ਰਿਆਇਤਾਂ ਅਤੇ ਟੈਕਸ ਛੋਟਾਂ ਨਾਲ ਦੇਸ਼ ਦੀ ਆਰਥਿਕਤਾ ਦਾ ਅਰਬਾਂ ਰੁਪਏ ਦਾ ਨੁਕਸਾਨ ਕਰਾਇਆ ਜਾ ਰਿਹਾ ਹੈ, ਪਰ ਇਸਦੇ ਉਲਟ ਘਰੇਲੂ ਸਨਅਤ ਅਤੇ ਖੇਤੀ ਦੇ ਖੇਤਰ ਵਿੱਚੋਂ ਰਿਆਇਤਾਂ ਅਤੇ ਛੋਟਾਂ ਖਤਮ ਕਰ ਕੇ ਇਨ੍ਹਾਂ ਨੂੰ ਮੰਦਹਾਲੀ ਵੱਲ ਧੱਕਣ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਮੁਨਾਫੇ ਵਿੱਚ ਜਾ ਰਹੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਅਤੇ ਨਿਗਮੀਕਰਨ ਕਰ ਕੇ ਵੱਡੇ ਪੂੰਜੀਪਤੀ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਸੌਂਪੇ ਜਾ ਰਹੇ ਹਨ। ਸੰਸਾਰੀਕਰਨ, ਉਦਾਰੀਕਰਨ ਅਤੇ ਆਰਥਿਕ ਸੁਧਾਰਾਂ ਦੇ ਨਾਂ ਹੇਠ ਵਿਸ਼ੇਸ਼ ਆਰਥਿਕ ਜੋਨ ਸਥਾਪਤ ਕਰਨ ਦੀਆਂ ਨੀਤੀਆਂ ਤਹਿਤ ਕਿਸਾਨਾਂ ਅਤੇ ਛੋਟੇ ਜ਼ਿਮੀਂਦਾਰਾਂ ਦੀਆਂ ਵਾਹੀਯੋਗ ਜ਼ਮੀਨਾਂ ਜ਼ਬਰਦਸਤੀ ਸਸਤੇ ਭਾਅ ਹਥਿਆ ਕੇ ਉਨ੍ਹਾਂ ਨੂੰ ਆਰਥਿਕ ਪੱਖੋਂ ਉਜਾੜਿਆ ਜਾ ਰਿਹਾ ਹੈ। ਪੱਛਮੀ ਬੰਗਾਲ ਵਿੱਚ ਸਿੰਗੂਰ ਅਤੇ ਨੰਦੀਗ੍ਰਾਮ ਜ਼ਿਲਿਆਂ ਵਿੱਚ ਕਿਸਾਨਾਂ ਵਲੋਂ ਜਬਰੀ ਜ਼ਮੀਨਾਂ ਖੋਹਣ ਕਾਰਨ ਹੋਈਆਂ ਭਿਆਨਕ ਹਿੰਸਕ ਘਟਨਾਵਾਂ ਵਿੱਚ ਕਈ ਕੀਮਤੀ ਜਾਨਾਂ ਗਈਆਂ ਹਨ। ਝਾਰਖੰਡ, ਛੱਤੀਸਗੜ੍ਹ, ਉੜੀਸਾ, ਬਿਹਾਰ ਵਿਚਲੇ ਜੰਗਲਾਂ ਵਿੱਚ ਦੱਬੇ ਕਈ ਖਰਬਾਂ ਰੁਪਏ ਦੇ ਕੁਦਰਤੀ ਖਣਿਜ ਪਦਾਰਥਾਂ ਨੂੰ ਦੇਸੀ ਤੇ ਵਿਦੇਸ਼ੀ ਕੰਪਨੀਆਂ ਕੋਲ ਕੌਡੀਆਂ ਦੇ ਭਾਅ ਵੇਚ ਕੇ ਉੱਥੋਂ ਦੇ ਗਰੀਬ ਆਦਿਵਾਸੀਆਂ ਅਤੇ ਆਮ ਲੋਕਾਂ ਨੂੰ ਭੁੱਖੇ ਮਰਨ ਉੱਤੇ ਮਜਬੂਰ ਕੀਤਾ ਜਾ ਰਿਹਾ ਹੈ। ਇਨ੍ਹਾਂ ਦੂਰ-ਦੁਰਾਡੇ ਇਲਾਕਿਆਂ ਵਿੱਚ ਬੁਨਿਆਦੀ ਸਹੂਲਤਾਂ ਦਾ ਨਾਮੋ-ਨਿਸ਼ਾਨ ਨਜ਼ਰ ਨਹੀਂ ਆਉਂਦਾ। ਸਰਕਾਰਾਂ ਵਲੋਂ ਕੁਦਰਤੀ ਖਜ਼ਾਨਿਆਂ ਉੱਤੇ ਕਬਜ਼ਾ ਕਰਨ ਅਤੇ ਵਿਕਾਸ ਪੱਖੋਂ ਅਣਗੌਲਿਆਂ ਕਰਨ ਕਰ ਕੇ ਹੀ ਅਜਿਹੇ ਰਾਜ ਮਾਓਵਾਦ ਦੀ ਸਮੱਸਿਆ ਦਾ ਸਾਹਮਣਾ ਕਰਨਾ ਰਹੇ ਹਨ।

ਲੋਕ ਵਿਰੋਧੀ ਅਤੇ ਭ੍ਰਿਸ਼ਟ



ਸਿਆਸਤਦਾਨਾਂ ਦੀ ਮਿਲੀਭੁਗਤ ਨਾਲ ਸੱਤਾ ਉੱਤੇ ਸਿੱਧੇ ਅਤੇ ਅਸਿੱਧੇ ਤੌਰ 'ਤੇ ਕਾਬਜ਼ ਵੱਡੇ ਪੂੰਜੀਪਤੀ ਘਰਾਣਿਆਂ ਅਤੇ ਵਿੱਤੀ ਸੰਸਥਾਵਾਂ ਵਲੋਂ ਦੇਸ਼ ਦੀ ਵਿਕਾਸ ਦਰ ਹਰ ਸਾਲ ਵਧਣ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ। ਦੇਸੀ ਤੇ ਵਿਦੇਸ਼ੀ ਮੀਡੀਆ ਵਲੋਂ ਇਸ ਅਖੌਤੀ ਵਿਕਾਸ ਨੂੰ ਵੱਡੇ ਪੱਧਰ ਉੱਤੇ ਪ੍ਰਚਾਰਿਆ ਜਾ ਰਿਹਾ ਹੈ। ਹੇਠਲੇ ਪੱਧਰ ਉੱਤੇ ਨਜ਼ਰ ਮਾਰ ਕੇ ਪਤਾ ਲੱਗਦਾ ਹੈ ਕਿ ਪਿੰਡਾਂ, ਕਸਬਿਆਂ, ਛੋਟੇ ਅਤੇ ਦਰਮਿਆਨੇ ਸ਼ਹਿਰਾਂ ਅਤੇ ਪਛੜੇ ਵਰਗ ਦੇ ਲੋਕਾਂ ਵਿੱਚ ਵਿਕਾਸ ਕਿਤੇ ਵੀ ਨਜ਼ਰ ਨਹੀਂ ਆਉਂਦਾ।

ਸਪੱਸ਼ਟ ਹੈ ਕਿ ਇਹ ਵਿਕਾਸ ਦੇਸ਼ ਦੀ ਜਨਤਾ ਦਾ ਨਹੀਂ, ਸਗੋਂ ਵਿਕਾਸ ਫੰਡਾਂ ਨੂੰ ਲੁੱਟਣ ਵਾਲੇ ਭ੍ਰਿਸ਼ਟ ਸਿਆਸਤਦਾਨਾਂ, ਮੰਤਰੀਆਂ, ਅਫਸਰਸ਼ਾਹੀ ਅਤੇ ਵੱਡੇ ਪੂੰਜੀਪਤੀ ਘਰਾਣਿਆਂ ਦਾ ਹੋ ਰਿਹਾ ਹੈ। ਜਿਸ ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਗਰੀਬੀ ਦੀ ਰੇਖਾ ਦੇ ਨੇੜੇ-ਤੇੜੇ ਭੁੱਖਮਰੀ ਤੇ ਗਰੀਬੀ ਦੀ ਜੂਨ ਹੰਢਾ ਰਹੀ ਹੋਵੇ, ਉਸ ਨੂੰ ਅਸਲ ਆਜ਼ਾਦੀ ਨਹੀਂ ਕਿਹਾ ਜਾ ਸਕਦਾ।

ਭਾਰਤ ਨੇ ਵਿਗਿਆਨ ਤੇ ਤਕਨਾਲੋਜੀ ਦੇ ਖੇਤਰ ਵਿੱਚ ਭਾਵੇਂ ਆਪਣੇ ਦੇਸ਼ ਨੂੰ ਦੁਨੀਆ ਦੇ ਮੋਹਰੀ ਦੇਸ਼ਾਂ ਦੀ ਕਤਾਰ ਵਿੱਚ ਸ਼ਾਮਲ ਕਰ ਲਿਆ ਹੈ, ਲੋਕਾਂ ਵਿੱਚ ਵਿਗਿਆਨਕ ਸੋਚ ਅਤੇ ਸਵੈ-ਵਿਸ਼ਵਾਸ ਦੀ ਬਹੁਤ ਜ਼ਿਆਦਾ ਘਾਟ ਹੈ। ਇਹੋ ਵਜ੍ਹਾ ਹੈ ਕਿ ਆਪਣੀ ਹਰ ਸਫਲਤਾ, ਅਸਫਲਤਾ ਲਈ ਪ੍ਰਮਾਤਮਾ, ਕਿਸਮਤ ਜਾਂ ਪਿਛਲੇ ਜਨਮ ਦੇ ਕਰਮਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਅਤੇ ਹਿੰਮਤ, ਮਿਹਨਤ, ਸੰਘਰਸ਼, ਸੱਚਾਈ, ਇਮਾਨਦਾਰੀ ਅਤੇ ਦ੍ਰਿੜ੍ਹ ਇਰਾਦੇ ਦੇ ਸੰਕਲਪਾਂ ਨੂੰ ਲੋਕ ਅੱਖੋਂ-ਪਰੋਖੇ ਕਰ ਦਿੰਦੇ ਹਨ। ਕਿਹਾ ਜਾ ਸਕਦਾ ਹੈ ਕਿ ਸਮਾਜ ਦੇ ਦੱਬੇ ਕੁਚਲੇ ਅਤੇ ਗਰੀਬ ਵਰਗ ਦੇ ਲੋਕ ਸਿੱਖਿਆ ਹਾਸਲ ਨਾ ਕਰਨ ਕਰ ਕੇ ਅੰਧ-ਵਿਸ਼ਵਾਸ ਵਹਿਮਾਂ-ਭਰਮਾਂ ਅਤੇ ਪਾਖੰਡੀ ਬਾਬਿਆਂ ਦੇ ਚੱਕਰਾਂ ਵਿੱਚ ਫਸੇ ਹੁੰਦੇ ਹਨ, ਪਰ ਸਮਾਜ ਤੇ ਦੇਸ਼ ਨੂੰ ਵਿਕਾਸ ਦੀਆਂ ਬੁਲੰਦੀਆਂ ਉੱਤੇ ਪਹੁੰਚਾਉਣ ਲਈ ਜ਼ਿੰਮੇਵਾਰ ਇੰਜੀਨੀਅਰ, ਡਾਕਟਰ, ਵਿਗਿਆਨੀ, ਵਕੀਲ, ਪ੍ਰੋਫੈਸਰ, ਬੁੱਧੀਜੀਵੀ, ਪ੍ਰਸ਼ਾਸਨਿਕ ਅਧਿਕਾਰੀ, ਪੱਤਰਕਾਰ ਅਤੇ ਹੋਰ ਪੜ੍ਹੇ ਲਿਖੇ ਤਬਕੇ ਵੀ ਜਦੋਂ ਅਨਪੜ੍ਹ ਤਾਂਤਰਿਕਾਂ, ਪਾਖੰਡੀ ਬਾਬਿਆਂ, ਚਲਾਕ ਜੋਤਸ਼ੀਆਂ, ਸਵਾਮੀਆਂ ਅਤੇ ਸਾਧਾਂ ਦੇ ਪੈਰਾਂ ਵਿੱਚ ਨੱਕ ਮੱਥੇ ਰਗੜਦੇ ਹਨ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਅਸੀਂ ਮਾਨਸਿਕ ਤੌਰ 'ਤੇ ਅਜੇ ਵੀ ਆਜ਼ਾਦ ਨਹੀਂ ਹੋਏ।

ਹੁਕਮਰਾਨਾਂ ਅਤੇ ਚਾਲਾਕ ਸਿਆਸਤਦਾਨਾਂ ਦੀ ਇਹ ਗੁਪਤ ਸਾਜ਼ਿਸ਼ ਹੁੰਦੀ ਹੈ ਕਿ ਆਮ ਜਨਤਾ ਨੂੰ ਆਸਥਾ, ਸ਼ਰਧਾ, ਧਾਰਮਿਕ ਭਾਵਨਾਵਾਂ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਰੂੜੀਵਾਦੀ ਰਸਮਾਂ, ਅਧਿਆਤਮਵਾਦ ਅਤੇ ਕਥਿਤ ਚਮਤਕਾਰਾਂ ਵਿੱਚ ਉਲਝਾ ਕੇ ਰੱਖਿਆ ਜਾਵੇ ਅਤੇ ਵਿਗਿਆਨ ਦਾ ਚਾਨਣ ਫੈਲਣ ਤੋਂ ਰੋਕਿਆ ਜਾਵੇ ਤਾਂ ਕਿ ਉਨ੍ਹਾਂ ਵਲੋਂ ਕੀਤੀ ਜਾਂਦੀ ਲੁੱਟ ਖਸੁੱਟ ਦੀ ਭ੍ਰਿਸ਼ਟ ਰਾਜਨੀਤੀ ਦਾ ਕਾਰੋਬਾਰ ਲੰਬੇ ਸਮੇਂ ਤੱਕ ਬਰਕਰਾਰ ਰਹਿ ਸਕੇ। ਪੀੜ੍ਹੀ ਦਰ ਪੀੜ੍ਹੀ ਅੰਧ-ਵਿਸ਼ਵਾਸੀ ਮਾਨਸਿਕਤਾ ਅਪਣਾਏ ਜਾਣ ਕਾਰਨ ਦੇਸ਼ ਦੇ ਜ਼ਿਆਦਾ ਲੋਕ ਧਾਗੇ-ਤਵੀਤਾਂ, ਜਾਦੂ ਟੂਣਿਆਂ, ਨਗਾਂ, ਪੱਥਰਾਂ, ਭੂਤ-ਪ੍ਰੇਤਾਂ, ਜੋਤਿਸ਼, ਰਾਸ਼ੀਫਲ, ਵਾਸਤੂ-ਸ਼ਾਸਤਰ ਅਤੇ ਕਿਸਮਤ ਆਦਿ ਦੇ ਚੱਕਰ ਵਿੱਚ ਫਸ ਕੇ ਆਪਣੀ ਹੱਕ ਹਲਾਲ ਦੀ ਕਮਾਈ ਲੁਟਾ ਰਹੇ ਹਨ। ਅਜਿਹੇ ਲੋਕ ਹਰ ਜਗ੍ਹਾ ਮੱਥਾ ਟੇਕਦੇ, ਮੰਨਤ ਮੰਨਦੇ ਅਤੇ ਤੀਰਥ ਯਾਤਰਾਵਾਂ ਕਰਦੇ ਵੇਖੇ ਜਾ ਸਕਦੇ ਹਨ। ਉਨ੍ਹਾਂ ਨੇ ਕਦੇ ਇਹ ਵਿਗਿਆਨਕ ਪਰਖ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਹ ਫਲਾਣੇ ਬਾਬੇ, ਧਾਰਮਿਕ ਅਸਥਾਨ, ਦਰਗਾਹ, ਡੇਰੇ ਉੱਤੇ ਮੱਥਾ ਟੇਕਣ ਕਿਉਂ ਜਾਂਦੇ ਹਨ? ਵੀਰਵਾਰ ਅਤੇ ਸ਼ਨੀਵਾਰ ਨੂੰ ਸਮਾਧਾਂ ਉੱਤੇ ਲੱਗਦੀਆਂ ਮੇਲੇ ਰੂਪੀ ਭੀੜਾਂ ਅਤੇ ਸਾਰਾ ਦਿਨ ਧਾਰਮਿਕ ਅਸਥਾਨਾਂ ਵਿਚਲੀ ਗਹਿਮਾ-ਗਹਿਮੀ ਸਾਡੇ ਦੇਸ਼ ਦੇ ਲੋਕਾਂ ਦੀ ਵਿਹਲੜ ਤੇ ਗੁਲਾਮ ਮਾਨਸਿਕਤਾ ਦੀ ਸਪੱਸ਼ਟ ਉਦਾਹਰਣ ਹੈ। ਸਾਡਾ ਮੀਡੀਆ ਵੀ ਅਜਿਹੀ ਲਾਈ-ਲੱਗ ਮਾਨਸਿਕਤਾ ਨੂੰ ਪ੍ਰਫੁੱਲਤ ਕਰਨ ਵਿੱਚ ਨਾਂਹ-ਪੱਖੀ ਭੂਮਿਕਾ ਨਿਭਾਅ ਰਿਹਾ ਹੈ।

ਬੇਸ਼ੱਕ ਭਾਰਤ ਦਾ ਸਮਾਜਕ ਢਾਂਚਾ ਪੱਛਮੀ ਦੇਸ਼ਾਂ ਨਾਲੋਂ ਕੁਝ ਬਿਹਤਰ ਹੈ, ਪਰ ਮੌਜੂਦਾ ਪੂੰਜੀਵਾਦੀ ਯੁਗ ਦੀਆਂ ਸਵਾਰਥੀ ਕਦਰਾਂ-ਕੀਮਤਾਂ ਅਤੇ ਪੱਛਮੀ ਸਭਿਆਚਾਰ ਦੇ ਵਧ ਰਹੇ ਪ੍ਰਭਾਵ ਨੇ ਸਾਡੇ ਸਮਾਜਕ ਢਾਂਚੇ ਨੂੰ ਅੰਦਰੋ-ਅੰਦਰ ਖੋਖਲਾ ਕਰ ਦਿੱਤਾ ਹੈ। ਪੱਛਮੀ ਸਭਿਆਚਾਰ ਨੂੰ ਅਪਣਾ ਕੇ ਅਸੀਂ ਅਸ਼ਲੀਲਤਾ ਤੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਰਹੇ ਹਾਂ। ਪਰਿਵਾਰ ਵਿੱਚ ਇੱਕ ਦੂਜੇ ਤੋਂ ਅੱਖਾਂ ਬਚਾਉਣ ਵਾਲੀ ਮਾਨਸਿਕਤਾ ਬਣ ਰਹੀ ਹੈ। ਫੈਸ਼ਨ ਅਤੇ ਨੰਗੇਜ਼ਵਾਦ ਦਾ ਦਿਖਾਵਾ ਸ਼ਾਇਦ ਸਾਡੀ ਅਖੌਤੀ ਆਧੁਨਿਕਤਾ ਦਾ ਇੱਕੋ-ਇੱਕ ਪੈਮਾਨਾ ਰਹਿ ਗਿਆ ਹੈ? ਦਾਜ, ਭਰੂਣ ਹੱਤਿਆ, ਨਸ਼ੇ, ਮਿਲਾਵਟਖੋਰੀ, ਜਿਸਮ-ਫਰੋਸ਼ੀ, ਜਾਤ-ਪਾਤ, ਫਿਰਕਾਪ੍ਰਸਤੀ, ਭ੍ਰਿਸ਼ਟਾਚਾਰ, ਬਾਲ-ਮਜ਼ਦੂਰੀ, ਅਨਪੜ੍ਹਤਾ, ਨਾ ਬਰਾਬਰੀ ਅਤੇ ਔਰਤਾਂ ਪ੍ਰਤੀ ਅਪਰਾਧ ਆਦਿ ਸਮਾਜਕ ਬੁਰਾਈਆਂ ਸਾਡੀ ਮਾਨਸਿਕਤਾ ਤੇ ਸਮਾਜ ਵਿੱਚ ਬੜੀ ਬੁਰੀ ਤਰ੍ਹਾਂ ਫੈਲ ਚੁੱਕੀਆਂ ਹਨ। ਇਹੀ ਵਜ੍ਹਾ ਹੈ ਕਿ ਸਾਡੇ ਸਮਾਜ ਵਿੱਚੋਂ ਨੈਤਿਕਤਾ, ਇਮਾਨਦਾਰੀ ਅਤੇ ਮਨੁੱਖੀ ਕਦਰਾਂ ਕੀਮਤਾਂ ਦਿਨੋ-ਦਿਨ ਮਨਫੀ ਹੋ ਰਹੀਆਂ ਹਨ। ਮੌਜੂਦਾ ਗੈਰ-ਸਮਾਜਕ ਢਾਂਚੇ ਲਈ ਬੇਸ਼ੱਕ ਸਾਡੀਆਂ ਸਰਕਾਰਾਂ ਦੀਆਂ ਪੱਛਮੀ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਾਲੀਆਂ ਲੋਕ ਵਿਰੋਧੀ ਆਰਥਿਕ ਤੇ ਸਮਾਜਕ ਨੀਤੀਆਂ ਜ਼ਿੰਮੇਵਾਰ ਹਨ, ਪਰ ਅਸੀਂ ਖੁਦ ਵੀ ਸਮਾਜਕ ਬੁਰਾਈਆਂ ਤੋਂ ਆਪਣੇ ਆਪ ਨੂੰ ਆਜ਼ਾਦ ਨਹੀਂ ਕਰਵਾ ਸਕੇ।

ਇਹ ਸਾਡੀ ਰਾਜਸੀ ਚੇਤਨਤਾ ਦੀ ਘਾਟ ਦਾ ਨਤੀਜਾ ਹੈ ਕਿ ਅਸੀਂ ਜਿਸ ਸਰਕਾਰ ਤੇ ਸਿਆਸੀ ਪਾਰਟੀ ਨੂੰ ਲੋਕ





ਵਿਰੋਧੀ ਅਤੇ ਭ੍ਰਿਸ਼ਟ ਕਹਿ ਕੇ ਸੱਤਾ ਤੋਂ ਪਾਸੇ ਕਰਦੇ ਹਾਂ, ਪੰਜ ਸਾਲ ਬਾਅਦ ਸਭ ਕੁਝ ਭੁੱਲ ਕੇ ਫਿਰ ਉਸੇ ਨੂੰ ਜਿਤਾ ਕੇ ਸੱਤਾ ਸੌਂਪ ਦਿੰਦੇ ਹਾਂ। ਅਸੀਂ ਆਪਣੇ ਸਵਾਰਥਾਂ, ਨਿੱਜੀ ਮੁਫਾਦਾਂ ਅਤੇ ਥੋੜ੍ਹ ਚਿਰੇ ਲਾਲਚਾਂ ਨੂੰ ਮੁੱਖ ਰੱਖਦੇ ਹੋਏ ਚੋਣਾਂ ਵਿੱਚ ਹਰ ਕਿਸਮ ਦੇ ਭ੍ਰਿਸ਼ਟ ਤੇ ਅਪਰਾਧੀ-ਨੁਮਾ ਸਿਆਸੀ ਨੇਤਾਵਾਂ ਅਤੇ ਉਮੀਦਵਾਰਾਂ ਦੀ ਮਦਦ ਕਰਦੇ ਹਾਂ ਅਤੇ ਬਾਅਦ ਵਿੱਚ ਉਨ੍ਹਾਂ ਹੀ ਭ੍ਰਿਸ਼ਟ ਨੇਤਾਵਾਂ ਤੇ ਚੁਣੇ ਹੋਏ ਨੁਮਾਇੰਦਿਆਂ ਵਿਰੁੱਧ ਆਪਣੀ ਭੜਾਸ ਕੱਢਣ ਲੱਗ ਪੈਂਦੇ ਹਾਂ। ਬੜੀ ਵੱਡੀ ਤ੍ਰਾਸਦੀ ਹੈ ਕਿ ਇੱਕ ਪਾਸੇ ਰਾਜਨੀਤੀ ਵਿੱਚ ਅਪਰਾਧੀਆਂ, ਬੇਈਮਾਨਾਂ, ਫਿਰਕਾਪ੍ਰਸਤਾਂ ਅਤੇ ਵੱਡੇ ਪੂੰਜੀਪਤੀਆਂ ਦੀ ਆਮਦ ਵਧਦੀ ਜਾ ਰਹੀ ਹੈ ਅਤੇ ਦੂਜੇ ਪਾਸੇ ਆਮ ਵੋਟਰ ਚੋਣਾਂ ਵੇਲੇ ਸਾਰੇ ਉਮੀਦਵਾਰਾਂ ਨੂੰ 'ਇੱਕੋ ਥੈਲੀ ਦੇ ਚੱਟੇ ਵੱਟੇ' ਕਹਿ ਕੇ ਵੋਟ ਪਾਉਣ ਤੋਂ ਕੰਨੀ ਖਿਸਕਾਉਂਦਾ ਹੈ। ਹੋਰ ਵੀ ਮਾੜਾ ਪੱਖ ਇਹ ਹੈ ਕਿ ਰਾਜਸੀ ਤੌਰ 'ਤੇ ਚੇਤਨ ਬੁੱਧੀਜੀਵੀ ਅਤੇ ਪੜ੍ਹੇ ਲਿਖੇ ਵਿਅਕਤੀ ਸਿਆਸਤ ਨੂੰ ਚਿੱਕੜ ਕਹਿ ਕੇ ਇਸ ਨੂੰ ਸਾਫ ਕਰਨ ਲਈ ਸਿਆਸਤ ਵਿੱਚ ਆਉਣ ਤੋਂ ਗੁਰੇਜ਼ ਕਰ ਰਹੇ ਹਨ।

ਸਿਆਸਤਦਾਨ ਹੁਣ ਲੋਕ ਸੇਵਕ ਨਾ ਹੋ ਕੇ ਵਪਾਰੀ ਬਣ ਚੁੱਕੇ ਹਨ। ਕਿੰਨੀ ਸ਼ਰਮ ਦੀ ਗੱਲ ਹੈ ਕਿ ਸੰਸਦ ਤੇ ਵਿਧਾਨ ਸਭਾਵਾਂ ਵਿੱਚ ਬੈਠ ਕੇ ਕਾਨੂੰਨ ਬਣਾਉਣ ਵਾਲੇ ਲੋਕ ਨੁਮਾਇੰਦੇ ਹੀ ਕਾਨੂੰਨ ਤੋੜਨ ਦੇ ਦੋਸ਼ੀ ਸਾਬਤ ਹੋ ਰਹੇ ਹਨ। ਇਹ ਸੱਚਾਈ ਸਾਡੇ ਸਾਹਮਣੇ ਹੈ ਕਿ ਕਿਸੇ ਵੀ ਦੋਸ਼ੀ ਸਿਆਸਤਦਾਨ ਨੂੰ ਨਿਆਂ ਪਾਲਕਾ ਵਲੋਂ ਮਿਸਾਲੀ ਸਜ਼ਾ ਨਹੀਂ ਦਿੱਤੀ ਜਾ ਸਕੀ। ਸੁਪਰੀਮ ਕੋਰਟ ਅਤੇ ਚੋਣ ਕਮਿਸ਼ਨ ਵਲੋਂ ਪੂਰਾ ਜ਼ੋਰ ਲਾਉਣ ਦੇ ਬਾਵਜੂਦ ਅਪਰਾਧੀਆਂ ਨੂੰ ਸੰਸਦ, ਵਿਧਾਨ ਸਭਾ ਅਤੇ ਹੋਰ ਸੰਵਿਧਾਨਕ ਅਹੁਦਿਆਂ ਉੱਤੇ ਪਹੁੰਚਣ ਤੋਂ ਰੋਕਿਆ ਨਹੀਂ ਜਾ ਸਕਿਆ, ਕਿਉਂਕਿ ਰਾਜਸੀ ਪਾਰਟੀਆਂ ਵਿੱਚ ਇਸ ਸਬੰਧੀ ਦੋ ਟੁੱਕ ਫੈਸਲਾ ਲੈਣ ਦੀ ਦ੍ਰਿੜ ਇੱਛਾ ਸ਼ਕਤੀ ਨਹੀਂ ਹੈ। ਮੌਜੂਦਾ ਰਾਜ ਪ੍ਰਬੰਧ ਵਿੱਚ ਦੇਸ਼ ਦੀ 80 ਫੀਸਦੀ ਆਬਾਦੀ ਦਾ ਜੀਵਨ ਇਸ ਕਦਰ ਬਦਤਰ ਹੋ ਚੁੱਕਾ ਹੈ ਕਿ ਬਹੁਤ ਸਾਰੇ ਲੋਕਾਂ ਅਤੇ ਖਾਸ ਕਰ ਕੇ ਬਜ਼ੁਰਗਾਂ ਨੂੰ ਇਹ ਕਹਿੰਦੇ ਸੁਣਿਆ ਜਾਂਦਾ ਹੈ ਕਿ ਇਸ ਨਾਲੋਂ ਤਾਂ ਅੰਗਰੇਜ਼ਾਂ ਦਾ ਰਾਜ ਵਧੀਆ ਸੀ। ਕਹਿਣ ਦਾ ਭਾਵ ਇਹ ਕਿ ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਆਜ਼ਾਦ ਹੋਣ ਦੇ ਬਾਵਜੂਦ ਰਾਜਸੀ ਗੁਲਾਮੀ ਭੋਗ ਰਿਹਾ ਹੈ।

ਕਿਸੇ ਵੀ ਵਿਅਕਤੀ ਦੀ ਆਜ਼ਾਦੀ ਚੇਤੰਨਤਾ ਤੇ ਵਿਕਾਸ ਦਾ ਸੰਬੰਧ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਸ ਦੀ ਆਰਥਿਕਤਾ ਨਾਲ ਜੁੜਿਆ ਹੁੰਦਾ ਹੈ। ਜਦੋਂ ਦੇਸ਼ ਦੇ ਜਿੰਮੇਵਾਰ ਪ੍ਰਧਾਨ ਮੰਤਰੀ, ਕੇਂਦਰੀ ਵਿੱਤ ਮੰਤਰੀ, ਖੇਤੀ ਮੰਤਰੀ ਅਤੇ ਯੋਜਨਾ ਕਮਿਸ਼ਨ ਦੇ ਚੇਅਰਮੈਨ ਮਹਿੰਗਾਈ ਨੂੰ ਰੋਕਣ ਅਤੇ ਆਮ ਜਨਤਾ ਦੀ ਆਰਥਿਕ ਹਾਲਤ ਸੁਧਾਰਨ ਸੰਬੰਧੀ ਸਪੱਸ਼ਟ ਤੌਰ 'ਤੇ ਆਪਣੀ ਅਸਮਰੱਥਾ ਪ੍ਰਗਟਾ ਚੁੱਕੇ ਹੋਣ ਅਤੇ ਲੋਕਾਂ ਨੂੰ ਵੱਡੇ ਮੁਨਾਫਾਖੋਰਾਂ ਅਤੇ ਸਾਮਰਾਜਵਾਦੀ ਬਹੁ-ਕੌਮੀ ਕੰਪਨੀਆਂ ਦੇ ਰਹਿਮੋ-ਕਰਮ ਉੱਤੇ ਛੱਡ ਦਿੱਤਾ ਗਿਆ ਹੋਵੇ, ਉਸ ਹਾਲਤ ਵਿੱਚ ਦੇਸ਼ ਦੀ ਜਨਤਾ ਲਈ ਆਜ਼ਾਦੀ ਦੇ ਕੋਈ ਮਾਅਨੇ ਨਹੀਂ ਰਹਿ ਜਾਂਦੇ। ਵਿਰੋਧੀ ਧਿਰ ਵਿੱਚ ਬੈਠੀਆਂ ਸਿਆਸੀ ਪਾਰਟੀਆਂ ਆਪਣੇ ਸਿਆਸੀ ਪੈਂਤੜਿਆਂ ਤੋਂ ਸਰਕਾਰੀ ਨੀਤੀਆਂ ਦਾ ਵਿਰੋਧ ਕਰਨ ਦੀ ਖਾਨਾ-ਪੂਰਤੀ ਕਰਦੀਆਂ ਹਨ, ਪਰ ਲੋਕ ਵਿਰੋਧੀ ਫੈਸਲਿਆਂ ਨੂੰ ਉਲਟਾਉਣ ਲਈ ਲੋਕ-ਪੱਖੀ ਫੈਸਲਾਕੁਨ ਸੰਘਰਸ਼ ਕਰਨ ਦੀ ਇਨ੍ਹਾਂ ਨੇ ਕਦੀ ਠੋਸ ਨੀਤੀ ਨਹੀਂ ਅਪਣਾਈ, ਕਿਉਂਕਿ ਸੱਤਾ ਹਾਸਲ ਕਰਨ ਤੋਂ ਬਾਅਦ ਇਨ੍ਹਾਂ ਪਾਰਟੀਆਂ ਨੇ ਵੀ ਇਹੋ ਲੋਕ ਮਾਰੂ ਆਰਥਿਕ ਨੀਤੀਆਂ ਲਾਗੂ ਕਰਨੀਆਂ ਹੁੰਦੀਆਂ ਹਨ। ਕਸੂਰ ਸਿਰਫ ਸਰਕਾਰਾਂ ਤੇ ਵਿਰੋਧੀ ਪਾਰਟੀਆਂ ਦਾ ਨਹੀਂ, ਦੇਸ਼ ਦੀ ਜਨਤਾ ਦਾ ਵੀ ਹੈ, ਜਿਸ ਨੂੰ ਹਰ ਤਰ੍ਹਾਂ ਦਾ ਜ਼ੁਲਮ, ਜ਼ਿਆਦਤੀ, ਬੇਇਨਸਾਫੀ ਅਤੇ ਤਸ਼ੱਦਦ ਚੁੱਪਚਾਪ ਬਰਦਾਸ਼ਤ ਕਰਨ ਦੀ ਆਦਤ ਪੈ ਚੁੱਕੀ ਹੈ। ਲੋਕ ਮਾਨਸਿਕਤਾ ਦਾ ਇਹ ਸਭ ਤੋਂ ਮਾੜਾ ਪੱਖ ਕਿਹਾ ਜਾ ਸਕਦਾ ਹੈ ਕਿ ਧਰਮ ਤੇ ਜਾਤ ਪਾਤ ਦੇ ਨਾਂ ਹੇਠ ਵੱਡੇ ਪੱਧਰ ਉੱਤੇ ਲਗਾਤਾਰ ਸੰਘਰਸ਼ ਕੀਤਾ ਜਾਂਦਾ ਹੈ, ਪਰ ਮਨੁੱਖ ਦੀ ਹੋਂਦ ਲਈ ਜ਼ਰੂਰੀ ਆਰਥਿਕ ਮੁੱਦਿਆਂ, ਭੁੱਖਮਰੀ, ਗਰੀਬੀ, ਮਹਿੰਗਾਈ ਅਤੇ ਬੇਰੁਜ਼ਗਾਰੀ ਨੂੰ ਖਤਮ ਕਰਨ ਲਈ ਕੋਈ ਫੈਸਲਾਕੁਨ ਤੇ ਜੇਤੂ ਸੰਘਰਸ਼ ਨਹੀਂ ਲੜਿਆ ਜਾਂਦਾ।

ਜਿਨ੍ਹਾਂ ਹਾਲਾਤ ਵਿੱਚ ਸਾਡੇ ਦੇਸ਼ ਦੀ ਅੱਸੀ ਫੀਸਦੀ ਜਨਤਾ ਆਪਣਾ ਡੰਗ ਟਪਾਊ ਜੀਵਨ ਬਤੀਤ ਕਰ ਰਹੀ ਹੈ, ਉਸ ਨੂੰ ਆਜ਼ਾਦੀ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਧਰਮ, ਜਾਤ-ਪਾਤ, ਇਲਾਕਾਵਾਦ, ਵੋਟਾਂ, ਨੋਟਾਂ, ਲੁੱਟਣ ਅਤੇ ਕੁੱਟਣ ਦੀ ਗੰਧਲੀ ਰਾਜਨੀਤੀ ਕਰਨ ਵਾਲੀਆਂ ਹਾਕਮ ਜਮਾਤਾਂ ਤੋਂ ਦੇਸ਼ ਦੀ ਜਨਤਾ ਲਈ ਆਰਥਿਕ, ਸਮਾਜਕ, ਮਾਨਸਿਕ ਅਤੇ ਰਾਜਨੀਤਕ ਆਜ਼ਾਦੀ ਦੀ ਨੇੜ ਭਵਿੱਖ ਵਿੱਚ ਆਸ ਨਜ਼ਰ ਨਹੀਂ ਆਉਂਦੀ। ਅਜਿਹੀ ਬਦਤਰ ਸਥਿਤੀ ਦੇ ਬਾਵਜੂਦ ਜੇ ਸਾਡੇ ਹੁਕਮਰਾਨ ਹਰ ਸਾਲ 15 ਅਗਸਤ ਤੇ 26 ਜਨਵਰੀ ਨੂੰ ਆਪਣੇ ਲੱਛੇਦਾਰ ਭਾਸ਼ਣਾਂ ਵਿੱਚ ਜਨਤਾ ਦਾ ਹਰ ਪੱਖੋਂ ਵਿਕਾਸ ਕਰਨ ਦੇ ਲੰਬੇ ਚੌੜੇ ਦਾਅਵੇ ਕਰਨ ਤਾਂ ਸਮਾਜ ਦੇ ਬੁੱਧੀਜੀਵੀ ਵਰਗ, ਖਾਸ ਕਰ ਕੇ ਲੋਕਤੰਤਰ ਦੇ ਚੌਥੇ ਥੰਮ੍ਹ ਮੀਡੀਆ, ਦਾ ਨੈਤਿਕ ਫਰਜ਼ ਹੈ ਕਿ ਉਹ ਅਜਿਹੇ ਹਾਕਮਾਂ ਦਾ ਲੋਕ ਕਚਹਿਰੀ ਵਿੱਚ ਪਰਦਾ ਫਾਸ਼ ਕਰਨ। ਦੇਸ਼ ਦੀਆਂ ਸਮੂਹ ਲੋਕ ਪੱਖੀ ਪ੍ਰਗਤੀਸ਼ੀਲ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਲੁੱਟ ਰਹਿਤ ਤੇ ਵਿਕਸਤ ਸਮਾਜਵਾਦੀ ਪ੍ਰਬੰਧ ਦੀ ਉਸਾਰੀ ਯਕੀਨੀ ਬਣਾਉਣ ਦਾ ਸੰਘਰਸ਼ ਲੜਨ, ਜਿਸ ਵਿੱਚ ਹਰ ਵਿਅਕਤੀ ਨੂੰ ਪੂਰਨ ਆਜ਼ਾਦੀ, ਬਰਾਬਰੀ ਅਤੇ ਸਮਾਜਕ ਨਿਆਂ ਮਿਲ ਸਕੇ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ।

## ਗੰਭੀਰ ਹਿਰਦੇ ਰੋਗ ਤੋਂ ਪੀੜਤ ਸ਼੍ਰੋਮਣੀ ਕਵੀ ਸ਼ਿਵ ਨਾਥ ਸਰਕਾਰ ਦੀ ਅਣਦੇਖੀ ਦਾ ਸ਼ਿਕਾਰ



ਇਨ੍ਹੀਂ ਦਿਨੀਂ ਪੰਜਾਬੀ ਦੇ ਸ਼੍ਰੋਮਣੀ ਕਵੀ ਸ਼ਿਵ ਨਾਥ ਗੰਭੀਰ ਹਿਰਦੇ ਰੋਗ ਤੋਂ ਪੀੜਤ ਹੈ ਅਤੇ ਪੀ. ਜੀ. ਆਈ. ਤੋਂ ਜ਼ੇਰੇ ਇਲਾਜ ਹੈ। ਇਸ ਸ਼੍ਰੋਮਣੀ ਸਾਹਿਤਕਾਰ ਤੇ ਬੇਹੱਦ ਆਰਥਿਕ ਤੰਗੀ ਕਰਕੇ ਗੁਜ਼ਰ-ਬਸਰ ਕਰਨ ਵਾਲੇ ਸ਼ਿਵ ਨਾਥ ਨੇ 18 ਪੁਸਤਕਾਂ ਮਾਂ ਬੋਲੀ ਦੀ ਝੋਲੀ ਪਾਈਆਂ ਹਨ। ਕੌਮਾਂਤਰੀ ਪ੍ਰਸਿੱਧੀ ਵਾਲੇ ਇਸ ਸ਼ਾਇਰ ਨੇ ਕੌਮੀ ਸੁਤੰਤਰਾ ਸਗਰਾਮ ਦੇ ਉਘੇ ਦੇਸ਼ ਭਗਤਾਂ ਬਾਰੇ ਇਤਿਸਾਹਕ ਮਹੱਤਵ ਵਾਲੀ ਪੁਸਤਕ ਲਿਖੀ ਹੈ। ਡਾਕਟਰਾਂ ਅਨੁਸਾਰ ਉਨ੍ਹਾਂ ਦੇ ਇਲਾਜ ਲਈ ਚਾਰ ਤੋਂ ਪੰਜ ਲੱਖ ਰੁਪਏ ਦੀ ਰਾਸ਼ੀ ਤੁਰੰਤ ਚਾਹੀਦੀ ਹੈ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਪਿਛਲੇ 10 ਦਿਨ ਤੋਂ ਪੰਜਾਬ ਸਰਕਾਰ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਰਹੇ ਹਨ ਤਾਂ ਜੋ ਸ਼ਿਵ ਨਾਥ ਦਾ ਇਲਾਜ ਤੁਰੰਤ ਸ਼ੁਰੂ ਕੀਤਾ ਜਾਵੇ ਪਰ ਉਨ੍ਹਾਂ ਪੱਲੇ ਨਿਰਾਸ਼ਾ ਹੀ ਪਈ। ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸੁਖਦੇਵ ਸਿਰਸਾ, ਜਨਰਲ ਸਕੱਤਰ ਡਾ. ਅਨੂਪ ਅਤੇ ਸੀਨੀਅਰ ਮੀਤ ਪ੍ਰਧਾਨ ਡਾ. ਸੁਰਜੀਤ, ਇਪਟਾ ਪੰਜਾਬ ਪ੍ਰਧਾਨ ਸੋਢੀ ਰਾਣਾ, ਜਨਰਲ ਸਕੱਤਰ ਸੰਜੀਵਨ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ, ਜਨਰਲ ਸਕੱਤਰ ਡਾ. ਕਰਮਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਅਤਰਜੀਤ, ਪੰਜਾਬ ਕਲਾ ਪ੍ਰੀਸ਼ਦ ਦੀ ਚੈਅਰਮੈਨ ਬੀਬੀ ਹਰਜਿੰਦਰ ਕੌਰ, ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਪ੍ਰਧਾਨ ਕੇਵਲ ਧਾਲੀਵਾਲ ਅਤੇ ਪੰਜਾਬੀ ਦੇ ਸਿਰਮੌਰ ਲੇਖਕਾਂ ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ, ਪ੍ਰੋ. ਗੁਰਦਿਆਲ ਸਿੰਘ, ਗੁਲਜ਼ਾਰ ਸੰਧੂ, ਮੋਹਨ ਭੰਡਾਰੀ, ਹਰਭਜਨ ਸਿੰਘ ਹੁੰਦਲ, ਡਾ. ਐਸ. ਤਰਸੇਮ, ਸੁਰਜੀਤ ਪਾਤਰ, ਪ੍ਰੋ. ਅਜਮੇਰ ਸਿੰਘ ਔਲਖ, ਮਿਤਰ ਸੈਨ ਮੀਤ, ਗੁਰਭਜਨ ਸਿੰਘ ਗਿੱਲ, ਰਿਪੁਦਮਨ ਸਿਘ ਰੂਪ, ਪ੍ਰੋ. ਅਨੂਪ ਸਿੰਘ ਵਿਰਕ, ਗੁਰਨਾਮ ਕੰਵਰ, ਡਾ. ਸਰਬਜੀਤ ਸਿੰਘ, ਸ਼ੁਸੀਲ ਦੁਸਾਂਝ, ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਪ੍ਰਧਾਨ ਸ਼ਿਰੀ ਰਾਮ ਅਰਸ਼ ਅਤੇ ਜਨਰਲ ਸਕੱਤਰ ਬਲਕਾਰ ਸਿੱਧੂ ਪੰਜਾਬੀ ਸਾਹਿਤ ਸਭਾ ਮੁਹਾਲੀ ਦੇ ਪ੍ਰਧਾਨ ਸੁਰਿੰਦਰ ਗਿੱਲ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਉਹ ਲੇਖਕਾਂ ਪ੍ਰਤੀ ਉਦਾਸੀਨਤਾ ਵਾਲਾ ਰਵੱਈਆ ਛੱਡ ਕੇ ਸ਼ਿਵ ਨਾਥ ਦੇ ਇਲਾਜ ਲਈ ਰਾਸ਼ੀ ਤੁਰੰਤ ਮੁੱਹਇਆ।

# ਫ਼ਿਰਕੂ ਤੱਤਾਂ ਵੱਲੋਂ ਨਾਟਕ ਮੰਚਣ ਰੋਕਣਾ ਵਿਚਾਰਾਂ ਦੀ ਆਜ਼ਾਦੀ 'ਤੇ ਹੱਲਾ : ਪਲਸ ਮੰਚ




ਜਲੰਧਰ : ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ) ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਹੈ ਕਿ ਸੰਗੀਤਾ ਗੁਪਤਾ ਦੁਆਰਾ ਨਿਰਦੇਸ਼ਤ ਨਾਟਕ "ਧਰਮਰਾਜ ਡਾਟ ਕਾਮ: ਅੱਛੇ ਦਿਨ ਆਨੇ ਵਾਲੇ ਹੈਂ" ਦਾ ਚੰਡੀਗੜ੍ਹ ਹੋਣ ਵਾਲਾ ਮੰਚਨ ਕੁਝ ਫ਼ਿਰਕੂ ਕੱਟੜ ਪੰਥੀਆਂ ਵੱਲੋਂ ਰੋਕਣ ਲਈ ਹੁੱਲੜਬਾਜ਼ੀ ਕਰਨ, ਧਮਕੀਆਂ ਦੇਣ ਅਤੇ ਉਹਨਾਂ ਦੀ ਚੰਡੀਗੜ੍ਹ ਪੁਲਸ ਅਤੇ ਸਿਵਲ ਪ੍ਰਸਾਸ਼ਨ ਵੱਲੋਂ ਪਿੱਠ ਥਾਪੜਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਕਲਮ, ਕਲਾ, ਵਿਚਾਰਾਂ ਦੇ ਪ੍ਰਗਟਾਵੇ, ਬੋਲਣ ਅਤੇ ਇਕੱਠੇ ਹੋਣ ਦੇ ਲੋਕਾਂ ਦੇ ਜਨਮ ਸਿੱਧ ਅਧਿਕਾਰਾਂ ਦੀ ਸੰਘੀ ਨੱਪਣ ਦਾ ਲਸੰਸ, ਹਕੂਮਤੀ ਥਾਪੜਾ ਹਾਸਲ ਜਨੂੰਨੀ ਜੱਥੇਬੰਦੀਆਂ ਨੂੰ ਦੇ ਦਿੱਤਾ ਹੈ।

ਪ੍ਰਧਾਨ ਅਮੋਲਕ ਸਿੰਘ ਨੇ ਕਿਹਾ ਕਿ ਅਜੇ ਅੱਜ ਭਲਕ ਵਿੱਚ ਪੰਜਾਬ ਸਰਕਾਰ ਲੋਕਾਂ ਦੀ ਜ਼ੁਬਾਨਬੰਦੀ ਲਈ ਕਾਲੇ ਕਾਨੂੰਨ ਮੜ੍ਹਨ ਜਾ ਰਹੀ ਹੈ। ਉਸ ਦਾ 'ਪਹਿਲ ਕਦਮੀ' ਨਾਲ 'ਉਦਘਾਟਨ' ਕਰਦਿਆਂ ਚੰਡੀਗੜ੍ਹ ਪੁਲਸ ਅਤੇ ਪ੍ਰਸਾਸ਼ਨ ਦੇ ਝਮਲਾਏ ਫ਼ਿਰਕੂ ਤੱਤਾਂ ਨੇ ਰੰਗਕਰਮੀਆਂ, ਸਾਹਿਤਕਾਰਾਂ, ਬੁੱਧੀਜੀਵੀਆਂ, ਤਰਕਸ਼ੀਲਾਂ, ਜਮਹੂਰੀਅਤ, ਇਨਸਾਫ਼ਪਸੰਦ ਅਤੇ ਕਲਾ-ਪ੍ਰੇਮੀਆਂ ਦੇ ਮੂੰਹ ਤਾਲੇ ਲਾਉਣ ਦੀ ਜੋ ਤਿੱਖੀ ਚੁਣੌਤੀ ਦਿੱਤੀ ਹੈ ਇਸਦਾ ਪੰਜਾਬ ਦੀਆਂ ਸਮੂਹ ਲੋਕ-ਹਿਤੈਸ਼ੀ ਸ਼ਕਤੀਆਂ ਇਕਜੁੱਟ ਹੋਕੇ ਮੂੰਹ ਤੋੜਵਾਂ ਜਵਾਬ ਦੇਣਗੀਆਂ।

ਚੰਡੀਗੜ੍ਹ ਵਿਖੇ ਸੰਗੀਤਾ ਗੁਪਤਾ ਦੀ ਅਗਵਾਈ 'ਚ ਰੰਗ ਕਰਮੀਆਂ ਵੱਲੋਂ ਮੂੰਹ 'ਤੇ ਪੱਟੀਆਂ ਬੰਨ੍ਹਕੇ, ਪੈਰੀਂ ਬੇੜੀਆਂ ਪਾ ਕੇ ਰੋਸ ਮਾਰਚ ਕਰਨ ਅਤੇ ਸ਼ਾਮ ਨੂੰ ਮੋਮਬੱਤੀਆਂ ਨਾਲ ਵਿਖਾਵਾ ਕਰਨ ਦੀ ਪਲਸ ਮੰਚ ਵੱਲੋਂ ਡਟਵੀਂ ਹਮਾਇਤ ਕਰਦਿਆਂ ਐਲਾਨ ਕੀਤਾ ਹੈ ਕਿ ਲੋਕ-ਰੰਗ ਮੰਚ ਦੇ ਸਫ਼ਰ ਨੂੰ ਸੰਗੀਨਾ, ਫ਼ਿਰਕੂ ਤਾਕਤਾਂ ਅਤੇ ਕਾਲੇ ਕਾਨੂੰਨਾਂ ਨਾਲ ਰੋਕਿਆ ਨਹੀਂ ਜਾ ਸਕਦਾ।

ਉਹਨਾਂ ਐਲਾਨ ਕੀਤਾ ਕਿ 27 ਸਤੰਬਰ ਬਰਨਾਲਾ ਵਿਖੇ ਸਾਰੀ ਰਾਤ ਮਨਾਏ ਜਾ ਰਹੇ 'ਇਨਕਲਾਬੀ ਰੰਗ ਮੰਚ ਦਿਹਾੜਾ ਸਮਾਗਮ' ਦੀ ਸਫ਼ਲਤਾ ਲਈ ਚੰਡੀਗੜ੍ਹ ਸਮੇਤ ਪੰਜਾਬ ਦੇ ਕੋਨੇ ਕੋਨੇ ਅੰਦਰ ਰੰਗ ਮੰਚ ਦੀ ਹੁਣ ਤੋਂ ਲੜੀ ਤੋਰਕੇ ਬਜਰੰਗ ਦਲ ਵਰਗੀਆਂ ਭੂਤਰੀਆਂ ਸ਼ਕਤੀਆਂ ਨੂੰ ਕਰਾਰਾ ਜਵਾਬ ਦਿੱਤਾ ਜਾਵੇਗਾ।



# ਨਾਗਰਿਕਾਂ ਦੇ ਜਮਹੂਰੀ ਅਤੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਪੰਜਾਬ (ਸਰਕਾਰੀ ਤੇ ਨਿੱਜੀ ਜਾਇਦਾਦ ਵਿਰੁੱਧ ਨੁਕਸਾਨ ਰੋਕੂ) ਬਿੱਲ 2014

## ਵਿਸ਼ਾਲ ਜਾਗਰੂਕ ਮੁਹਿੰਮ ਲਾਮਬੰਦ ਕਰੋ

ਨਰਭਿੰਦਰ



ਰਾਜ ਜਦੋਂ ਲੋਕਾਈ ਜਾਂ ਆਪਣੇ ਨਾਗਰਿਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਹੱਲ ਕਰਨ ਤੋਂ ਅਸਮਰਥ ਰਹਿੰਦਾ ਹੈ ਤਾਂ ਉਹ ਆਪਣੇ ਰਾਜਕੀ ਢਾਂਚੇ ਨੂੰ ਮਜ਼ਬੂਤ ਕਰਦਿਆਂ ਅਥਾਹ ਕਾਨੂੰਨੀ ਸ਼ਕਤੀਆਂ ਹਾਸਲ ਕਰਨ ਵੱਲ ਵੱਧਦਾ ਹੈ। ਇੰਝ ਕਰਦਿਆਂ ਉਹ ਆਪਣੇ ਹੀ ਸੰਵਿਧਾਨ ਵਿਚ ਨਾਗਰਿਕ ਦੇ ਅਧਿਕਾਰਾਂ ਨੂੰ ਦਰੜਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਸੋ ਇਹ ਸਮਝ ਲੈਣਾ ਚਾਹੀਦਾ ਹੈ ਕਿ ਕਾਨੂੰਨ ਸਮੇਂ ਦੇ ਰਾਜਸੀ ਪ੍ਰਬੰਧ ਦੀਆਂ ਲੋੜਾਂ ਇੱਛਾਵਾਂ ਦਾ ਖੁੱਲ੍ਹਾ ਪ੍ਰਗਟਾਅ ਹੁੰਦਾ ਹੈ। ਇਸੇ ਸੰਦਰਭ 'ਚ ਹੀ ਪੰਜਾਬ ਦੀ ਹਕੂਮਤ ਵਲੋਂ ਲਿਆਂਦਾ ਜਾ ਰਿਹਾ ਬਿੱਲ ਜਿਹਨੂੰ ਕੈਬਨਿਟ ਨੇ ਮਨਜ਼ੂਰੀ ਦੇ ਦਿੱਤੀ ਹੈ ਅਤੇ ਵਿਧਨ ਸਭਾ ਨੇ ਪਾਸ ਕਰਨਾ ਹੈ -"ਪੰਜਾਬ [ਸਰਕਾਰੀ ਅਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ] ਬਿੱਲ-2014"-ਵੇਖਿਆ ਜਾ ਸਕਦਾ ਹੈ। ਅਕਾਲੀ ਭਾਜਪਾ ਸਰਕਾਰ ਵਲੋਂ ਲਿਆਂਦਾ ਜਾ ਰਿਹਾ ਇਹ ਕਾਨੂੰਨ ਰਾਜ ਉਤੇ ਕਾਬਜ਼ ਜਮਾਤਾਂ ਦੀਆਂ ਲੋੜਾਂ 'ਚੋਂ ਨਿਕਲਿਆ ਹੈ। ਇਸ ਦਾ ਨਾਂ ਜਿੰਨਾ ਭੁਲੇਖਾ ਪਾਊ ਹੈ ਤੱਤ ਉਨਾ ਹੀ ਭਿਆਨਕ। ਇਹ ਬਿੱਲ ਨਾ ਸਿਰਫ਼ ਸੰਵਿਧਾਨ ਦੀ ਧਾਰਾ 19 ਮੁਤਾਬਕ ਸਭ ਨਾਗਰਿਕਾਂ ਨੂੰ ਬੋਲਣ, ਇਕੱਠੇ ਹੋਣ, ਯੂਨੀਅਨ ਬਣਾਉਣ ਅਤੇ ਖੁੱਲ੍ਹੇ ਤੌਰ 'ਤੇ ਆਪਣੇ ਵਿਚਾਰ ਪ੍ਰਗਟ ਕਰਨ ਦੇ ਅਧਿਕਾਰਾਂ ਨੂੰ ਹੀ ਕੁਚਲਦਾ ਹੈ ਸਗੋਂ ਇਸ ਦੀਆਂ ਸਭ ਤੋਂ ਖਤਰਨਾਕ ਮੱਦਾਂ ਅੰਗਰੇਜ਼ੀ ਹਕੂਮਤ ਦੀ ਜ਼ਾਲਮੀ ਦੌਰ ਨੂੰ ਦੁਹਰਾਉਣ ਵਾਲੀਆਂ ਹਨ। ਵਿਸ਼ੇਸ਼ ਕਰਕੇ 'ਜਾਇਦਾਦਾਂ ਜ਼ਬਤੀ ਦੇ ਕਾਨੂੰਨ' ਬਰਤਾਨਵੀ ਅੰਗਰੇਜ਼ੀ ਹਕੂਮਤ ਦੀਆਂ ਦੇਣਾਂ ਸਨ।

ਮੌਜੂਦਾ ਸੰਵਿਧਾਨਕ ਅਧਿਕਾਰ ਭਾਰਤੀ ਲੋਕਾਂ ਨੇ ਅੰਗਰੇਜ਼ਾਂ ਵਿਰੁੱਧ ਲਗਭਗ 200 ਸਾਲ ਦੀ ਇਕ ਲੰਬੀ ਲੜਾਈ ਤੋਂ ਪਿਛੋ ਹਾਸਲ ਕੀਤੇ ਸਨ। ਇਸੇ ਆਜ਼ਾਦੀ ਦੀ ਲੜਾਈ 'ਚ ਵਿਅਕਤੀ ਜਾਂ ਨਾਗਰਿਕਾਂ ਦੀ ਨਿੱਜੀ ਆਜ਼ਾਦੀ ਸਵੈਮਾਨ ਨਾਲ ਜਿਊਣ ਦਾ ਹੱਕ ਅਤੇ ਇਸ ਦੀ ਪ੍ਰਾਪਤੀ ਲਈ ਸੰਘਰਸ਼ ਕਰਨ, ਹੱਕ ਦੇ ਮੁੱਦੇ ਉਭਰੇ ਜਿਨ੍ਹਾਂ ਨੂੰ, 1947 'ਚ ਬਰਤਾਨਵੀ ਜੇਲ੍ਹ ਦੀ ਮੁਕਤੀ ਪਿਛੋਂ ਨਵੀਂ ਬਣੀ ਹਕੂਮਤ ਨੂੰ ਸੰਵਿਧਾਨ 'ਚ ਦਰਜ ਕਰਨਾ ਪਿਆ ਸੀ। ਪਰ ਪਿਛਲੇਰੇ 67 ਸਾਲਾਂ ਤੋਂ ਭਾਰਤੀ ਹਕੂਮਤ ਇਨ੍ਹਾਂ ਨੂੰ ਸਹਿਜੇ-ਸਹਿਜੇ ਨਾ ਸਿਰਫ਼ ਤਰਾਸ਼ਦੀ ਰਹੀ ਸਗੋਂ ਰਾਜ ਵਲੋਂ ਆਪਣੇ ਹੱਕਾਂ ਲਈ ਲੜਨ ਵਾਲੇ ਲੋਕਾਂ ਨੂੰ ਕੁਚਲਣ ਲਈ ਲਗਾਤਾਰ ਦਮਨਕਾਰੀ ਕਾਨੂੰਨ ਲਿਆਂਦੇ ਗਏ ਅਤੇ ਲਿਆਂਦੇ ਜਾ ਰਹੇ ਸਨ ਅਤੇ ਹਨ। ਪਰ ਪੰਜਾਬ ਦੀ ਮੌਜੂਦਾ ਹਕੂਮਤ ਵਲੋਂ ਲਿਆਂਦਾ ਇਹ ਕਾਨੂੰਨ ਜਿਵੇਂ ਇਸ ਦੇ ਨਾਂ ਤੋਂ ਹੀ ਸਾਫ਼ ਹੈ ਕਿ "ਰਾਜ ਨੂੰ ਆਪਣੇ ਨਾਗਰਿਕਾਂ ਪ੍ਰਤੀ ਚਿੰਤਾ ਨਹੀਂ, ਸਗੋਂ ਜਾਇਦਾਦ (ਭਾਵ ਪੂੰਜੀ) ਨੂੰ ਸੁਰੱਖਿਅਤ ਕਰਨ ਦੀ ਚਿੰਤਾ ਹੈ। ਰਾਜ ਦੇ ਏਜੰਡੇ ਉਤੇ-ਉਨ੍ਹਾਂ ਦੀ ਸਵੈਮਾਨ ਵਾਲੀ ਜ਼ਿੰਦਗੀ ਜਿਸ 'ਚ ਵਿਦਿਆ ਹਾਸਲ ਕਰਨਾ, ਸਿਹਤ ਸਹੂਲਤਾਂ, ਰੁਜ਼ਗਾਰ, ਰਿਹਾਇਸ਼ ਅਤੇ ਇਕ ਚੰਗਾ ਨਰੋਆ ਸਮਾਜ ਤੇ ਨਿਆਂਸ਼ੀਲ ਪ੍ਰਬੰਧ-ਦੇਣਾ ਨਹੀਂ। ਸਗੋਂ ਇਸ ਦੀ ਮੰਗ ਕਰਦੇ ਲੋਕਾਂ ਨੂੰ ਰਾਜ ਦੇ ਡੰਡੇ ਨਾਲ ਕੁਚਲਣਾ ਹੈ ਅਤੇ ਇਹ ਬਿਲ (2014) ਤਾਂ ਹੋਰ ਵੀ ਅੱਗੇ ਵੱਧ ਕੇ ਨਾਗਰਿਕ ਦੀ ਅਹਿਮੀਅਤ ਨਾਲੋਂ ਪੂੰਜੀ (ਜਾਇਦਾਦ) ਦੀ ਅਹਿਮੀਅਤ ਵਧੇਰੇ ਸਮਝਦਾ ਹੈ ਅਤੇ ਜਦੋਂ ਰਾਜ ਆਪਣੇ ਹੀ ਨਾਗਰਿਕ ਦੀ ਹੋਂਦ ਦੇ ਸੁਆਲ ਨੂੰ ਪਹਿਲ ਦੇਣ ਦੀ ਥਾਂ ਪੂੰਜੀ ਨੂੰ ਪਹਿਲ ਦੇਣ ਲੱਗ ਜਾਵੇ ਤਾਂ ਇਹ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅਸੀਂ ਪਹਿਲਾਂ ਇਹ ਬਿੱਲ ਤੇ ਥੋੜ੍ਹੀ ਚਰਚਾ ਕਰਾਂਗੇ।

1. ਪੰਜਾਬ (ਸਰਕਾਰੀ ਤੇ ਨਿੱਜੀ ਜਾਇਦਾਦ ਰੋਕੂ) ਬਿੱਲ 2014 ਜਿਸ ਦਾ ਅਸੀਂ ਕਾਲਾ ਬਿੱਲ 2014 ਦੇ ਨਾਂ ਨਾਲ ਜ਼ਿਕਰ ਕਰਾਂਗੇ, ਨੂੰ ਹਕੂਮਤ ਇਸ ਦਲੀਲ ਹੇਠ ਲਿਆ ਰਹੀ ਹੈ ਕਿ -"ਐਜੀਟੇਸ਼ਨ ਸਟਰਾਈਕ, ਹੜਤਾਲ ਧਰਨਾ, ਬੰਦ, ਮੁਜ਼ਾਹਰਾ ਮਾਰਚ ਜਾਂ ਜਲੂਸ ਜਾਂ ਰੇਲ ਰੋਕਣਾ"-ਇਕ ਨੁਕਸਾਨ ਵਾਲੀ ਕਾਰਵਾਈ ਹਨ ਜਿਨ੍ਹਾਂ ਨੂੰ ਰੋਕਣ ਲਈ ਅਜਿਹੇ ਬਿੱਲ ਦੀ ਲੋੜ ਹੈ। ਹਕੂਮਤ ਨੇ ਇਹ ਸਾਰੀਆਂ ਕਾਰਵਾਈਆਂ ਭੰਨਤੋੜ ਦੀਆਂ ਕਾਰਵਾਈਆਂ 'ਚ ਦਰਜ ਕਰ ਲਈਆਂ ਹਨ। ਜਦੋਂ ਕਿ ਇਹ ਮਨੁੱਖੀ ਅਧਿਕਾਰਾਂ ਦੇ ਕੌਮਾਂਤਰੀ ਚਾਰਟਰ ਜਿਸ ਉਤੇ ਭਾਰਤੀ ਹਕੂਮਤ ਦੀ ਵੀ ਸਹਿਮਤੀ ਹੈ, ਦਾ ਹਿੱਸਾ ਹਨ ਜਿਸ ਮੁਤਾਬਕ ਕੋਈ ਵੀ ਵਰਗ ਆਪਣੀਆਂ ਹੱਕੀ ਮੰਗਾਂ ਜਾਂ ਜਾਇਜ਼ ਉਦੇਸ਼ਾਂ ਲਈ ਵਿਸ਼ਾਲ ਲੋਕ ਲਾਮਬੰਦੀ ਦੀ ਸਹਿਮਤੀ ਬਣਾਉਣ ਹਿੱਤ ਇਨ੍ਹਾਂ ਦੀ ਵਰਤੋਂ ਕਰਨ ਦਾ ਅਧਿਕਾਰ ਰੱਖਦਾ ਹੈ। ਭਾਰਤੀ ਸੰਵਿਧਾਨ ਵੀ ਇਸ ਦੀ ਪ੍ਰੋੜਤਾ ਕਰਦਾ ਹੈ ਪਰ ਪੰਜਾਬ ਦੇ ਕਾਲੇ ਬਿੱਲ 2014 ਨੇ ਇਕ ਹੀ ਝਟਕੇ 'ਚ ਲੇਬਰ ਕਾਨੂੰਨਾਂ, ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਸਮੁੱਚੇ ਨਾਗਰਿਕਾਂ ਤੋਂ ਹੀ ਖੋਹ ਲਿਆ ਹੈ।

ਹਕੂਮਤ ਦੀ ਇਹ ਦਲੀਲ ਕਿ ਇਹ ਭੰਨਤੋੜ ਦੀਆਂ ਜਾਂ ਨੁਕਸਾਨ ਪਹੁੰਚਾਊ ਕਾਰਵਾਈਆਂ ਹਨ ਅਤੇ ਇਨ੍ਹਾਂ ਨੂੰ 'ਜਥੇਬੰਦੀਆਂ ਯੂਨੀਅਨ ਜਾਂ ਪਾਰਟੀ ਪ੍ਰਬੰਧਕ (ਆਰਗੇਨਾਈਜ਼ਰ), ਜਥੇਬੰਦ ਕਰਦੇ ਹਨ ਜਾਂ 'ਉਕਸਾਉਣ ਜਾਂ ਸਾਜ਼ਿਸ਼ ਕਰਨ ਦੀ ਸਲਾਹ ਦਿੰਦੇ ਹਨ ਜਾਂ ਮਾਰਗ ਦਰਸ਼ਕ ਕਰਦੇ ਹਨ।"-ਹਕੀਕਤ ਇਹ ਹੈ ਕਿ ਹਰ ਜਥੇਬੰਦੀ ਦੇ ਐਲਾਨੀਆ-ਸੰਵਿਧਾਨ ਅਤੇ ਐਲਾਨਨਾਮੇ ਹਨ ਜਿਨ੍ਹਾਂ 'ਚ ਦਰਜ ਉਨ੍ਹਾਂ ਦੇ ਉਦੇਸ਼ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸਪਸ਼ਟ ਦਰਜ ਹੁੰਦੇ ਹਨ ਅਤੇ ਕੋਈ ਵੀ ਜਥੇਬੰਦੀ ਭੰਨਤੋੜ ਜਾਂ ਨੁਕਸਾਨ ਪਹੁੰਚਾਉਣ ਦਾ ਐਲਾਨ ਨਹੀਂ ਕਰਦੀ।" ਭੰਨਤੋੜ ਇਕ ਵਿਸ਼ੇਸ਼ ਭੜਕਾਹਟ ਦਾ ਸਿੱਟਾ ਹੁੰਦੀ ਹੈ ਜਿਹੜੀ ਹਕੂਮਤੀ ਮਸ਼ੀਨਰੀ ਵਲੋਂ ਪੈਦਾ ਕੀਤੀ ਜਾਂਦੀ ਹੈ ਜਾਂ ਫਿਰ ਹਕੂਮਤੀ ਮਸ਼ੀਨਰੀ ਦੇ ਹੱਥਠੋਕੇ ਸ਼ਰਾਰਤੀ ਲੋਕ ਅਜਿਹਾ ਕਰਦੇ ਹਨ। 'ਧਰਨਾ ਲਾਉਣਾ ਪ੍ਰਦਰਸ਼ਨ ਕਰਨਾ ਜਲੂਸ ਜਾਂ ਮੁਜ਼ਾਹਰਾ ਜਾਂ ਆਵਾਜਾਈ ਰੋਕਣਾ' ਕਾਨੂੰਨੀ ਅਧਿਕਾਰਾਂ ਦੇ ਘੇਰੇ 'ਚ ਹਨ। ਜਦੋਂ ਹਕੂਮਤ ਲੋਕਾਈ ਦੇ ਹਿੱਤਾਂ ਨੂੰ ਅਣਦੇਖੀ ਕਰਦੀ ਹੈ ਤਾਂ ਹਕੂਮਤ ਉਤੇ ਦਬਾਅ ਬਣਾਉਣ ਲਈ ਇਹ ਉਨ੍ਹਾਂ ਕੋਲ ਹੱਕ ਹੈ ਜਿਸ ਦੀ ਵਰਤੋਂ ਉਹ ਇਕ ਫਰਜ਼ ਨਿਭਾਉਣ ਹਿੱਤ ਕਰਦੇ ਹਨ। ਜੇ ਪ੍ਰਬੰਧ ਜਮਹੂਰੀ ਕਹਾਉਂਦਾ ਹੈ ਤਾਂ ਇਹ ਅਧਿਕਾਰ ਵੀ ਬਣਿਆ ਰਹੇਗਾ। ਹਾਂ ਤਾਨਾਸ਼ਾਹ ਜਾਂ ਏਕਾਅਧਿਕਾਰ ਹਕੂਮਤਾਂ ਲਈ ਇਹ ਬਰਦਾਸ਼ਤ ਕਰਨ ਯੋਗ ਨਹੀਂ। ਪਰ ਭਾਰਤੀ ਹਕੂਮਤ ਅਤੇ ਹਕੂਮਤ ਉਤੇ ਬਿਰਾਜਮਾਨ ਜਮਾਤ ਜਾਂ ਅਜੇ ਇਹਨੂੰ ਜਮਹੂਰੀ ਅਤੇ ਉਹ ਵੀ 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ' ਦਾ ਦਾਅਵਾ ਕਰਦੀ ਹੈ। ਉਸ ਦੇ ਇਕ ਰਾਜ ਵਲੋਂ ਇਨ੍ਹਾਂ ਜਮਹੂਰੀ ਰਾਜਾਂ ਨੂੰ ਖੋਹਣਾ ਇਕ ਚਿੰਤਾ ਦਾ ਵਿਸ਼ਾ ਹੈ।

ਇਸ ਬਿੱਲ 'ਚ -"ਪ੍ਰਦਰਸ਼ਨ, ਹੜਤਾਲ, ਸਟਰਾਈਕ, ਧਰਨਾ, ਬੰਦ, ਮਾਰਚ ਜਲੂਸ ਜਾਂ ਸੜਕ ਰੋਕਣ ਜਾਂ ਰੇਲ ਰੋਕਣ ਦੌਰਾਨ ਕੋਈ ਵੀ ਸਰਕਾਰੀ ਜਾਂ ਨਿੱਜੀ ਜਾਇਦਾਦ ਨੂੰ ਨੁਕਸਾਨ ਘਾਟਾ ਜਾਂ ਤਬਾਹੀ ਹੋਈ ਹੋਵੇ ਇਸ ਨੂੰ ਨੁਕਸਾਨ ਕਰਨ ਦੀ ਕਾਰਵਾਈ ਮੰਨਿਆ ਜਾਵੇਗਾ ਅਤੇ ਇਹ ਇਸ ਕਾਨੂੰਨ ਦੇ ਘੇਰੇ 'ਚ ਆਵੇਗਾ।" ਇਹ ਕਾਲਾ ਬਿੱਲ ਸਿਰਫ਼ ਭੰਨਤੋੜ ਤੱਕ ਸੀਮਤ ਨਹੀਂ ਉਸ ਤੋਂ ਵੀ ਅੱਗੇ ਜਾਂਦਿਆਂ-'ਘਾਟਾ ਜਾਂ ਨੁਕਸਾਨ' ਕਿੰਨਾ ਸ਼ਰਾਰਤਮਈ ਹੈ ਕਿ ਸਿਰਫ਼ ਭੰਨਤੋੜ ਨਾਲ ਨੁਕਸਾਨ ਨਹੀਂ ਸਗੋਂ ਸੜਕ ਰੋਕਣ ਪ੍ਰਦਰਸ਼ਨ ਜਾਂ ਜਲੂਸ ਨਾਲ ਹੋਇਆ ਨੁਕਸਾਨ ਜਾਂ ਘਾਟਾ ਵੀ ਇਸ 'ਚ ਦਰਜ ਕੀਤਾ ਜਾ ਸਕਦਾ ਹੈ। ਇਕ ਜਥੇਬੰਦੀ ਵਲੋਂ ਹੱਕੀ ਮੰਗਾਂ ਲਈ ਕੀਤੀ ਅਜਿਹੀ ਕਾਰਵਾਈ ਤਾਂ 'ਨੁਕਸਾਨ ਤੇ ਘਾਟਾ (ਆਰਥਿਕ) ਵਿਚ' ਲਿਆਂਦਾ ਹੈ, ਪਰ ਜਦੋਂ ਹਕੂਮਤੀ ਲੀਡਰਾਂ ਲੰਘਣਾ ਹੋਵੇ ਤਾਂ ਰਾਹ ਬੰਦ ਕਰ ਦਿੱਤਾ ਜਾਂਦਾ ਹੈ, ਟਰੈਫਿਕ ਰੋਕ ਦਿੱਤਾ ਜਾਂਦਾ ਹੈ, ਇਸ ਦੌਰਾਨ ਜਿਹੜਾ ਲੋਕਾਂ ਨੂੰ ਪ੍ਰੇਸ਼ਾਨੀ ਤੇ ਨੁਕਸਾਨ ਹੁੰਦਾ ਹੈ ਉਹ ਦੀ ਭਰਪਾਈ ਲਈ ਤਾਂ ਅਜਿਹਾ ਕਾਨੂੰਨ ਕੋਈ ਨਹੀਂ? ਇਸ ਕਾਲੇ ਬਿੱਲ 'ਚ 2014 'ਚ ਅਜਿਹੀਆਂ ਕਾਰਵਾਈਆਂ ਗੈਰ ਕਾਨੂੰਨੀ ਹਨ ਅਤੇ ਇਨ੍ਹਾਂ 2 (4) ਮੁਤਾਬਕ 'ਘੱਟੋ ਘੱਟ ਸਜ਼ਾ ਤਿੰਨ ਸਾਲ ਦੀ ਕੈਦ ਅਤੇ ਇਕ ਲੱਖ ਤੱਕ ਜੁਰਮਾਨਾ ਹੋਵੇਗਾ ਅਤੇ ਅਗਜ਼ਨੀ ਜਾਂ ਹੋਰ ਧਮਾਕੇ ਵਾਲੀਆਂ ਕਾਰਵਾਈਆਂ ਲਈ ਇਹ ਸਜ਼ਾ ਇਕ ਤੋਂ ਪੰਜ ਸਾਲ ਜਾਂ ਤਿੰਨ ਲੱਖ ਤੱਕ ਜੁਰਮਾਨਾ ਹੋ ਸਕੇਗੀ।

ਪਰ ਗੱਲ ਸਿਰਫ਼ ਐਨੀ ਨਹੀਂ ਬਿੱਲ 'ਚ ਦਰਜ ਸਜ਼ਾ ਤੱਕ ਸੀਮਤ ਹੁੰਦੀ ਤਾਂ ਹੋਰ ਗੱਲ ਸੀ। ਬਿੱਲ 2014 ਅਜਿਹੇ ਕੇਸ ਦਰਜ ਕਰਨ ਦਾ ਅਧਿਕਾਰ ਇਕ ਹੈਡ ਕਾਂਸਟੇਬਲ (ਹੌਲਦਾਰ) ਨੂੰ ਦਿੱਤਾ ਹੈ। ਜਦੋਂ ਕਿ ਕਾਨੂੰਨੀ ਪ੍ਰਕਿਰਿਆ 'ਚ ਅਜਿਹੇ ਕੇਸ ਡੀ. ਐਸ. ਪੀ. ਦੇ ਅਹੁਦੇ ਤੋਂ ਘੱਟ ਰੈਂਕ ਦੇ ਪੁਲਿਸ ਅਧਿਕਾਰੀ ਹੀ ਦਰਜ ਕਰਨ ਦੀ ਸਿਫਾਰਸ਼ ਕਰਦਾ ਸੀ। ਸਾਧਾਰਨ ਭਾਰਤੀ ਕਾਨੂੰਨੀ ਪ੍ਰਕਿਰਿਆ ਨੂੰ ਹੀ ਇਹ ਬਿੱਲ ਰੱਦ ਕਰਦਾ ਹੈ। 8 (1 ਤੇ 2) ਮੁਤਾਬਕ ਅਜਿਹੇ ਜੁਰਮਾਂ 'ਚ ਜ਼ਮਾਨਤ ਨਹੀਂ ਮਿਲੇਗੀ ਅਤੇ ਇਥੋਂ ਤੱਕ ਕਿ ਮਾਨਯੋਗ ਜੱਜ ਦੇ ਵੀ ਹੱਥ ਬੰਨ੍ਹ ਦਿੱਤੇ ਹਨ 8 (2) ਕਿ ਜਦੋਂ ਤੱਕ ਇਤਗਾਹਗਾਂ ਧਿਰ (ਪੁਲਿਸ) ਨੂੰ ਅਜਿਹੀ ਜ਼ਮਾਨਤ ਦੇ ਵਿਰੋਧ ਦਾ ਮੌਕਾ ਨਹੀਂ ਦਿੱਤਾ ਜਾਂਦਾ। ਜੁਡੀਸ਼ਰੀ ਇਨ੍ਹਾਂ ਦੀ ਜ਼ਮਾਨਤ ਮਨਜ਼ੂਰ ਨਹੀਂ ਕਰ ਸਕਦੀ। ਇਸ ਤੋਂ ਅੱਗੇ ਹੋਰ ਹਿਟਲਰੀ ਆਦੇਸ਼ ਜੁਡੀਸ਼ਰੀ ਲਈ ਸਜ਼ਾ ਵਾਲੇ ਭਾਰਤ 3 (5) 'ਚ ਹਨ ਕਿ "ਜੇ ਅਦਾਲਤ" ਇਸ ਤੋਂ ਘੱਟ ਸਜ਼ਾ ਦਿੰਦੀ ਹੈ ਤਾਂ ਅਦਾਲਤ ਆਪਣੇ ਫੈਸਲੇ ਵਿਚ ਲਿਖਤੀ ਤੌਰ 'ਤੇ ਖਾਸ ਕਾਰਨ ਦੱਸਦੇ ਹੋਏ ਸਜ਼ਾ ਸੁਣਾਵੇ।

ਇਹ ਵੀ ਪਹਿਲੀ ਵੇਰ ਕਿਸੇ ਬਿਲ 'ਚ ਦਰਜ ਹੋਇਆ ਹੈ ਕਿ ਜੁਡੀਸ਼ਰੀ ਲਈ ਵੀ ਪੁਲਿਸ ਦੇ ਅਧੀਨ ਹੋ ਕੇ ਕੇਸ ਸੁਣਨਾ ਪਵੇਗਾ। ਇਹ ਹਵਾਲਦਾਰ ਰੈਂਕ ਦਾ ਅਧਿਕਾਰੀ ਜਿਹੜਾ ਕੇਸ ਦਰਜ ਕਰਦਾ ਹੈ ਇਕ ਜੱਜ ਤੋਂ ਵੱਧ ਸ਼ਕਤੀਸ਼ਾਲੀ ਹੋਵੇਗਾ।

ਇਸ ਪੰਜਾਬ ਕਾਲਾ ਬਿੱਲ 2014 ਦਾ ਉਦੇਸ਼ ਮਾਤਰ ਇਹ ਹੈ ਕਿ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਨ ਵਾਲੇ-ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਜਾਂ ਹੋਰ ਤਬਕਿਆਂ ਦੇ ਸੰਘਰਸ਼ਾਂ ਨੂੰ ਰੋਕਣਾ ਹੈ।

ਇਸ ਕਾਲੇ ਬਿੱਲ ਦਾ ਦੂਸਰਾ ਪੱਖ ਹੈ ਭਾਗ 6 (2), ਅਜਿਹੀ ਕਾਰਵਾਈ ਦੌਰਾਨ ਹੋਏ ਨੁਕਸਾਨ (ਸਰਕਾਰੀ ਅਤੇ ਨਿੱਜੀ) ਨੂੰ 'ਜਥੇਬੰਦ ਕਰਨ ਵਾਲੇ ਜਾਂ ਹਿੱਸਾ ਲੈਣ ਵਾਲਿਆਂ ਤੋਂ ਵਸੂਲੇਗੀ।" ਇਸ ਨੁਕਸਾਨ ਦਾ ਅੰਦਾਜ਼ਾ ਕੌਣ ਲਾਵੇਗਾ-ਇਹਦੇ ਲਈ ਇਕ 'ਯੋਗ ਅਥਾਰਟੀ' ਦਾ ਗਠਨ ਵੀ ਪੁਲਿਸ ਦੀ ਹਦਾਇਤ ਉਤੇ ਸੂਬਾ ਸਰਕਾਰ ਕਰੇਗੀ। 'ਇਹ 'ਯੋਗ ਅਥਾਰਟੀ' ਜਿਸ ਨੁਕਸਾਨ ਦਾ ਅਨੁਮਾਨ ਲਾਵੇਗੀ ਉਹਦੀ ਭਰਪਾਈ-ਉਪਰੋਕਤ ਜਥੇਬੰਦੀਆਂ ਦੇ ਆਗੂਆਂ ਅਤੇ ਹਿੱਸਾ ਲੈਣ ਵਾਲਿਆਂ ਤੋਂ ਵਸੂਲੇਗੀ। ਬੇਸ਼ੱਕ ਉਹ ਉਥੇ ਹਾਜ਼ਰ ਹੋਣ ਜਾਂ ਨਾ ਹੋਣ ਅਤੇ ਇਹ ਦੀ ਵਸੂਲੀ ਦਾ ਢੰਗ 6 (2) ਮੁਤਾਬਕ ਜਿਹੜੇ ਦੋਸ਼ੀ ਪਾਏ ਗਏ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਭਾਵ ਕੁਰਕ ਕਰਕੇ ਵਸੂਲਿਆ ਜਾਵੇਗਾ। ਯਾਦ ਰਹੇ ਬਰਤਾਨਵੀ ਹਾਕਮਾਂ ਨੇ ਅਜਿਹੇ ਕਾਨੂੰਨ ਬਸਤੀਵਾਦੀ ਹਕੂਮਤ ਦੌਰਾਨ ਲਿਆਂਦੇ ਸਨ। ਜਿਨ੍ਹਾਂ 'ਚ ਜੇ ਕਿਸਾਨ ਮਾਲੀਆ ਨਹੀਂ ਤਾਰਦਾ ਤਾਂ ਜ਼ਮੀਨ ਕੁਰਕ ਕਰ ਦਿਓ। ਜਾਂ 'ਗ਼ਦਰ ਪਾਰਟੀ' ਦੇ ਸਮੇਂ ਤੋਂ ਆਜ਼ਾਦੀ ਦੀਆਂ ਲਹਿਰਾਂ 'ਚ ਹਿੱਸਾ ਲੈਣ ਵਾਲਿਆਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਸਨ। ਭਾਰਤੀ ਹਕੂਮਤ ਨੇ ਪਹਿਲਾਂ ਇਹ ਕਾਨੂੰਨ ਬੈਂਕ ਦੇ ਕਰਜ਼ੇ ਦੀ ਵਸੂਲੀ ਲਈ ਲਿਆਂਦਾ ਕਿ ਜ਼ਮੀਨ 'ਕੁਰਕ' ਕਰਕੇ ਪੂਰਤੀ ਕਰੋ ਅਤੇ ਹੁਣ ਪੰਜਾਬ ਹਕੂਮਤ ਨੇ ਬਰਤਾਨਵੀ ਹਾਕਮਾਂ ਦੇ ਮੁਰਦੇ ਮੋਢੇ ਉਤੇ ਚੁੱਕ ਲਏ ਹਨ।

ਇਸ ਕਾਲੇ ਬਿਲ (2014) ਦਾ ਇਕ ਹੋਰ ਪੱਖ ਕਿ ਇਸ ਕੇਸ ਬਣਾਉਣ, ਚਲਾਉਣ, ਸਜ਼ਾ ਦਿਵਾਉਣ ਅਤੇ ਨੁਕਸਾਨ ਦਾ ਅੰਦਾਜ਼ਾ ਲਾਉਣ 'ਚ ਕੋਈ ਮੌਕੇ ਦੀ ਗਵਾਹੀ ਨਹੀਂ। ਬੱਸ ਇਕ ਹਵਾਲਦਾਰ ਵਲੋਂ ਦਰਜ ਕੇਸ ਅਤੇ ਉਹਦੀ ਹਮਾਇਤ 'ਚ ਕੀਤੀ ਵੀਡੀਓਗ੍ਰਾਫ਼ੀ ਹੀ ਇਕੋ ਇਕ ਤਸੱਲੀਬਖ਼ਸ਼ ਸਬੂਤ ਅਤੇ ਗਵਾਹੀ ਹੈ। ਡਿਜੀਟਲ ਗਵਾਹੀਆਂ ਕਿਵੇਂ ਬਣਾਈਆਂ ਜਾਣਗੀਆਂ। ਉਹ ਵੀ ਪੰਜਾਬ ਪੁਲਿਸ ਵਲੋਂ ਕਿਸੇ ਤੋਂ ਭੁੱਲੀ ਹੋਈ ਨਹੀਂ। ਹਾਲਾਂਕਿ ਡਿਜੀਟਲ ਗਵਾਹੀ ਨੂੰ ਅਜੇ ਤੱਕ ਕਿਸੇ ਅਦਾਲਤ ਨੇ ਪ੍ਰਵਾਨ ਨਹੀਂ ਕੀਤਾ ਪਰ ਇਹ ਬਿੱਲ 2014 ਸਿਰਫ਼ ਤੇ ਇਕੋ ਇਕ ਇਸ ਗਵਾਹੀ ਨੂੰ ਹੀ ਜਿਹੜੀ ਪੁਲਿਸ ਵਲੋਂ ਪੇਸ਼ ਕੀਤੀ ਜਾਵੇਗੀ (ਵੀਡੀਓਗ੍ਰਾਫ਼ੀ) ਨੂੰ ਕਾਨੂੰਨੀ ਜਾਮਾ ਪਹਿਨਾਉਣ ਦਾ ਰਿਹਾ ਹੈ। ਇਹ ਬਿੱਲ ਸਮੁੱਚੀ ਕਾਨੂੰਨੀ ਪ੍ਰਕਿਰਿਆ ਨੂੰ ਹੀ ਨਹੀਂ ਖੋਹਦਾ ਸਗੋਂ ਜੱਜਾਂ (ਜੁਡੀਸ਼ਰੀ) ਦੇ ਅਧਿਕਾਰਾਂ ਨੂੰ ਸੀਮਤ ਕਰ ਦਿੰਦਾ ਹੈ।

ਹਕੂਮਤ ਦਾ ਉਦੇਸ਼ ਸਾਫ਼ ਹੈ ਕਿ ਹਕੂਮਤ ਹੁਣ ਆਪਣੇ ਵਿਰੁੱਧ ਉਠੀ ਕੋਈ ਵੀ ਆਵਾਜ਼ ਸੁਣਨ ਨੂੰ ਜਾਂ ਬਰਦਾਸ਼ਤ ਕਰਨ ਨੂੰ ਹੀ ਤਿਆਰ ਨਹੀਂ। ਹਕੂਮਤ ਤੇ ਬਿਰਾਜਮਾਨ ਜਮਾਤਾਂ ਲਈ ਆਪਣੀ ਕੁਰਸੀ ਅਤੇ ਨਿੱਜੀ ਜਾਇਦਾਦਾਂ ਦੀ ਸੁਰੱਖਿਆ ਦੀ ਗਰੰਟੀ ਹੋਣੀ ਚਾਹੀਦੀ ਹੈ। ਉਨ੍ਹਾਂ ਲਈ ਰੋਜ਼ਗਾਰ ਮੰਗਦੇ ਨੌਜਵਾਨ ਅਤੇ ਹੋਰ ਤਬਕੇ, ਆਪਣੀ ਮੰਦਹਾਲੀ ਦੀ ਬੂ ਦੁਹਾਈ ਦਿੰਦੇ ਕਿਸਾਨ, ਕਿਰਤ ਦੀਆਂ ਅਮਾਨਵੀ ਹਾਲਤਾਂ ਵਿਰੁੱਧ ਆਵਾਜ਼ ਉਠਾਉਂਦੇ ਮਜ਼ਦੂਰ, ਮੁਲਾਜ਼ਮ, ਪਸ਼ੂ ਬਿਰਤੀ ਵਾਲੇ ਸਮਾਜ ਦਾ ਸ਼ਿਕਾਰ ਇਨਸਾਫ਼ ਮੰਗਦੀਆਂ ਔਰਤਾਂ ਸਭ ਤੋਂ ਖਤਰਨਾਕ ਅਤੇ ਨੁਕਸਾਨ ਪਹੁੰਚਾਊ ਵਰਗ ਹਨ। ਸ਼ਾਂਤਮਈ ਢੰਗ ਨਾਲ ਆਪਣੀ ਆਵਾਜ਼ ਉਠਾਉਣ। ਇਸ ਲਈ ਜਥੇਬੰਦ ਹੋਣ ਜਾਂ ਰੋਸ ਪ੍ਰਗਟ ਕਰਨਾ ਵੀ ਜਦੋਂ ਗੁਨਾਹ ਦਿਸਣ ਲੱਗ ਜਾਵੇ ਜਾਂ ਹਕੂਮਤ ਦੇ ਜਮਹੂਰੀ ਢਾਂਚੇ ਉਤੇ ਹੀ ਇਕ ਸੁਆਲੀਆ ਚਿੰਨ੍ਹ ਲੱਗਦਾ ਹੈ। ਜੇ ਜਮਹੂਰੀਅਤ 'ਚੋਂ ਲੋਕਾਂ ਨੂੰ ਨਾਗਰਿਕਾਂ ਨੂੰ ਹੀ ਇਕ ਅਧਿਕਾਰ ਨਹੀਂ ਤਾਂ ਫਿਰ ਇਹ ਜਮਹੂਰੀਅਤ ਕੀਹਦੇ ਲਈ ਹੈ? ਕੀਹਦੀ ਹੈ? ਭਾਵ ਰਾਜ ਕਰ ਰਹੀ ਜਮਾਤ ਤੇ ਹਕੂਮਤ ਲਈ ਹੁਣ ਆਪਣੇ ਨਾਗਰਿਕਾਂ ਨੂੰ ਹੀ ਭੰਗ ਕਰਨ ਦਾ ਸਮਾਂ ਆ ਗਿਆ ਹੈ।

ਹਕੂਮਤ ਨੂੰ ਭੁੱਖ ਨਾਲ ਮਰਨ ਵਾਲੇ ਨਾਗਰਿਕਾਂ ਦੀ ਚਿੰਤਾ ਨਹੀਂ, ਹਕੂਮਤ ਲਈ ਨੌਜਵਾਨਾਂ ਲਈ ਰੋਜ਼ਗਾਰ ਦੀ ਚਿੰਤਾ ਨਹੀਂ, ਤਬਾਹ ਹੋ ਰਹੀ ਕਿਸਾਨੀ ਦੀ ਚਿੰਤਾ

ਨਹੀਂ, ਜਿਥੇ ਲੱਖਾਂ ਲੋਕ ਸਾਧਾਰਨ ਬੀਮਾਰੀਆਂ ਨਾਲ ਮੌਤ ਦੇ ਮੂੰਹ ਜਾ ਰਹੇ ਹੋਣ ਅਤੇ ਹਕੂਮਤ ਸਿਹਤ ਸੇਵਾਵਾਂ ਨੂੰ ਪੂੰਜੀ ਦੇ ਰਹਿਮੋ ਕਰਮ ਉਤੇ ਛੱਡ ਦੇਵੇ। ਜਿਥੇ ਲੋਕਾਂ ਨੂੰ ਵਿੱਦਿਆ ਦੇਣ ਦੇ ਮੁਢਲੇ ਬੁਨਿਆਦੀ ਅਧਿਕਾਰ ਪ੍ਰਤੀ ਹਕੂਮਤ ਦੀ ਮਕਾਰੀ ਨੀਤੀ ਹੋਵੇ ਉਥੇ ਹਕੂਮਤ ਲਈ ਪੂੰਜੀ (ਜਾਇਦਾਦ) ਦੀ ਸੁਰੱਖਿਆ ਦੀ ਗਰੰਟੀ ਲਈ ਤਤਪਰਤਾ ਦਰਸਾਉਂਦੀ ਹੈ ਕਿ ਇਹ ਪ੍ਰਬੰਧ ਕਿੰਨਾ ਨਿਰਦਈ ਹੋਣ ਵੱਲ ਵੱਧ ਰਿਹਾ ਹੈ। ਕਿਸੇ ਦੇਸ਼ ਕੌਮ ਦੀ ਅਸਲੀ ਪੂੰਜੀ ਲੋਕ ਹੁੰਦੇ ਹਨ ਕਿਰਤ ਸ਼ਕਤੀ ਹੁੰਦੀ ਹੈ। ਨਾ ਕਿ ਬਿਲਡਿੰਗਾਂ ਮੋਟਰ ਗੱਡੀਆਂ, ਰੇਲ ਗੱਡੀਆਂ ਜਾਂ ਅਜਿਹਾ ਹੀ ਕੁਝ ਹੋਰ। ਅਸਲੀ ਪੂੰਜੀ (ਲੋਕਾਂ) ਦੀ ਤਬਾਹੀ ਪ੍ਰਤੀ ਹਕੂਮਤ ਦੀ ਗੈਰ ਜ਼ਿੰਮੇਦਾਰਾਨਾ ਪਹੁੰਚ ਅਤੇ ਜਾਇਦਾਦ (ਪੂੰਜੀ) ਦੀ ਸੁਰੱਖਿਆ ਪ੍ਰਤੀ ਫਿਰਕਮੰਦੀ ਇਕ ਅਮਾਨਵੀਆ ਸਮਾਜ ਦਾ ਪ੍ਰਤੀਕ ਹੈ।

ਇਹ ਨਹੀਂ ਕਿ ਸੰਵਿਧਾਨ ਵਿਚ ਜਾਂ ਪਿਛੋਂ ਵੀ ਮਨੁੱਖੀ ਅਧਿਕਾਰਾਂ ਨੂੰ ਸੀਮਤ ਕਰਨ, ਮਸਲਨ ਜਾਂ ਖੋਹਣ ਵਾਲੇ ਕਾਨੂੰਨ ਪਹਿਲਾਂ ਨਹੀਂ ਸਨ ਇਨ੍ਹਾਂ ਦੀ ਇਕ ਲੰਬੀ ਸੂਚੀ ਹੈ ਪਰ ਹਕੂਮਤ ਹੁਣ ਜਿਸ ਆਰਥਿਕ ਨਿਜਾਮ ਸਿਰਜਨ ਵਲ ਵਧ ਰਹੀ ਹੈ ਉਹ ਇਕ ਆਰਥਿਕ ਤਾਨਾਸ਼ਾਹ ਵਰਗ ਹੈ ਜਿਹਦੇ ਲਈ ਪੂੰਜੀ ਹੈ।

ਇਹ ਵਰਤਾਰਾ ਨਾ ਸਿਰਫ਼ ਛੋਟੀ ਮਾਲਕੀ ਨੂੰ ਦਰੜਨ ਤੇ ਤਬਾਹ ਕਰਨ ਵਾਲਾ ਹੈ ਸਗੋਂ ਮਨੁੱਖ ਵਲੋਂ ਇਕ ਲੰਮੀਆਂ ਲੜਾਈਆਂ ਨਾਲ ਹਾਸਲ ਕੀਤੇ ਮਨੁੱਖੀ ਅਧਿਕਾਰਾਂ ਨੂੰ ਵੀ ਟੁੰਡੇ ਕਰਨ ਅਤੇ ਖੋਹਣ ਵਲ ਵੱਧ ਰਿਹਾ ਹੈ। ਇਹੀ ਕਾਰਨ ਹੈ ਕਿ ਰਾਜ ਨੂੰ ਵਿਰੋਧ ਦੀ ਆਵਾਜ਼ ਬਰਦਾਸ਼ਤ ਨਹੀਂ ਜਿਸ ਨੂੰ ਚੁੱਪ ਕਰਾਉਣ ਲਈ ਅਜਿਹੇ ਕਾਲੇ ਕਾਨੂੰਨ ਲਿਆਉਣਾ ਉਨ੍ਹਾਂ ਦੀ ਲੋੜ ਹੈ। ਆਪਣੇ ਲੰਬੇ ਇਤਿਹਾਸਕ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਜਮਹੂਰੀ ਅਤੇ ਮਨੁੱਖੀ ਅਧਿਕਾਰਾਂ ਨੂੰ ਬਚਾ ਕੇ ਰੱਖਣਾ ਵਿਸ਼ਾਲ ਲੋਕਾਈ ਦੀ ਲੋੜ ਹੈ। ਹਕੂਮਤ ਅਜਿਹੇ ਕਾਨੂੰਨ (ਪੰਜਾਬ ਬਿਲ 2014) ਲਿਆ ਕੇ ਸੰਘਰਸ਼ਸ਼ੀਲ ਤਬਕਿਆਂ ਨੂੰ ਦਹਿਸ਼ਤਜਦਾ ਕਰਨ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਖੋਹ ਕੇ ਰੁਜ਼ਗਾਰ ਵਹੀਣ ਕਰਨ ਦੀ ਕਪਟੀ ਵਰਤਾਰੇ ਵੱਲ ਵੱਧ ਰਹੀ ਹੈ। ਹਕੂਮਤ ਜਾਣਦੀ ਹੈ ਜਦੋਂ ਲੜਨ ਵਾਲੇ ਲੋਕਾਂ ਦੇ ਆਰਥਿਕ ਸ੍ਰੋਤ ਖੋਹ ਲਏ ਜਾਣ ਤਾਂ ਉਹ ਅਪੰਗ ਹੋ ਜਾਂਦੇ ਹਨ। ਹਕੂਮਤ ਲੜ ਰਹੇ ਲੋਕਾਂ ਦੀ ਅਗਵਾਈ ਕਰਨ ਵਾਲਿਆਂ ਨੂੰ ਆਰਥਿਕ ਅਪਾਹਜ ਕਰਨ ਦੀ ਨੀਤੀ ’ਤੇ ਚਲ ਰਹੀ ਹੈ। ਮਨੁੱਖੀ ਇਤਿਹਾਸ ਇਸ ਦੀ ਸ਼ਾਹਦੀ ਭਰਦਾ ਹੈ ਕਿ ਜਦੋਂ ਹਕੂਮਤਾਂ ਲੋਕਾਂ ਦੇ ਮੌਲਿਕ ਤੇ ਜਮਹੂਰੀ ਅਧਿਕਾਰਾਂ ਨੂੰ ਖੋਹਣ ਦਾ ਯਤਨ ਕਰਦੀਆਂ ਹਨ ਤਾਂ ਚੇਤੰਨ ਲੋਕਾਈ ਦੇ ਹਿੱਸੇ ਇਸ ਨੂੰ ਬਰਦਾਸ਼ਤ ਨਹੀਂ ਕਰਦੇ ਸਗੋਂ ਹੋਰ ਸਿਰੜ ਅਤੇ ਸ਼ਿੱਦਤ ਨਾਲ ਇਨ੍ਹਾਂ ਦੀ ਰਾਖੀ ਲਈ ਅੱਗੇ ਆਉਂਦੇ ਹਨ। ਪੰਜਾਬ ਦੇ ਲੋਕਾਂ ਵਲੋਂ ਅਜਿਹੇ ਗੈਰ ਜਮਹੂਰੀ ਅਮਾਨਵੀ ਅਤੇ ਤਾਨਾਸ਼ਾਹ ਪ੍ਰਵਿਰਤੀ ਵਾਲੇ ਬਿੱਲ ਦਾ ਜ਼ਬਰਦਸਤ ਵਿਰੋਧ 2010 ’ਚ ਲਿਆਂਦੇ ਕਾਲੇ ਕਾਨੂੰਨਾਂ ਸਮੇਂ ਵੀ ਹੋਇਆ ਸੀ ਅਤੇ ਹੁਣ ਵੀ ਉਹ ਪਿਛੇ ਨਹੀਂ ਰਹਿਣਗੇ।

ਜਮਹੂਰੀ ਅਧਿਕਾਰ ਸਭਾ ਪੰਜਾਬ ਦੀਆਂ ਜਮਹੂਰੀਅਤ ਪਸੰਦ ਤਾਕਤਾਂ ਨੂੰ ਸੱਦਾ ਦਿੰਦੀ ਹੈ ਕਿ ਇਸ ਪੰਜਾਬ (ਸਰਕਾਰੀ ਤੇ ਨਿੱਜੀ ਜਾਇਦਾਦ ਸੁਰੱਖਿਆ) ਬਿੱਲ 2014 ਦਾ ਜਬਰਦਸਤ ਵਿਰੋਧ ਕਰਨ ਅਤੇ ਇਹਦੇ ਵਿਰੋਧ ’ਚ ਇਕ ਵਿਸ਼ਾਲ ਲਾਮਬੰਦੀ ਵਿਚ ਜੁਟ ਜਾਣ। ਇਸ ਬਿੱਲ ਦੇ ਵਿਰੋਧ ਵਿਚ ਹਰ ਵਰਗ ਨੂੰ ਚੇਤੰਨ ਹੋ ਕੇ ਆਵਾਜ਼ ਉਠਾਉਣ ਲਈ ਜਾਗਰੂਕ ਕਰਨਾ ਸਾਡਾ ਫਰਜ਼ ਹੋਣਾ ਚਾਹੀਦਾ ਹੈ। ਕਿਉਂਕਿ ਇਹ ਬਿੱਲ 1. ਭਾਰਤੀ ਸੰਵਿਧਾਨ ਦੀ ਅੰਤਰੀਵ ਆਤਮਾ ਨੂੰ ਕਤਲ ਕਰਦਾ ਹੈ ਜਿਸ ਦੀ ਬੁਨਿਆਦ ਉਤੇ ਭਾਰਤੀ ਜਮਹੂਰੀਅਤ ਖੜ੍ਹੀ ਹੈ। ਇਹ ਭਾਰਤੀ ਸੰਵਿਧਾਨ ਦੀ ਮੂਲ ਧਾਰਾ ਦੀ ਨਿਖੇਧੀ ਕਰਦਾ ਹੈ।

2. ਇਹ ਬਿੱਲ ਸਮੁੱਚੇ ਭਾਰਤੀ ਕਾਨੂੰਨੀ ਪ੍ਰਬੰਧ ਸਮੇਤ ਜੁਡੀਸ਼ਰੀ ਨੂੰ ਅਪਾਹਜ਼ ਕਰਦਾ ਹੈ ਅਤੇ ਇਕ ਪੁਲਿਸ ਤਾਨਾਸ਼ਾਹ ਰਾਜ ਵੱਲ ਵਧਣ ਦਾ ਸੰਕੇਤ ਹੈ।

3. ਇਹ ਬਿੱਲ ਲੋਕਾਂ ਦੀਆਂ ਜਾਇਦਾਦਾਂ ਹੜੱਪਣ ਦਾ, ਖੋਹਣ ਦਾ ਇਕ ਸੰਦ ਹੈ ਅਤੇ ਸੰਘਰਸ਼ਸ਼ੀਲ ਲੋਕਾਂ ਨੂੰ ਸਾਧਨ ਵਿਹੂਣੇ ਕਰਨ ਦਾ ਸੰਦ ਹੈ।

4. ਇਹ ਬਿੱਲ ਨਾਗਰਿਕਾਂ ਦੇ ਮੌਲਿਕ ਤੇ ਜਮਹੂਰੀ ਅਧਿਕਾਰਾਂ ਦੀ ਘੋਰ ਉਲੰਘਣਾ ਦਾ ਪ੍ਰਤੀਕ ਹੈ।

ਇਸ ਲਈ ਇਹ ਬਿੱਲ ਰੱਦ ਹੋਣਾ ਚਾਹੀਦਾ ਹੈ। ਇਹ ਪੰਜਾਬ ਦੀ ਇੱਕਜੁਟ ਆਵਾਜ਼ ਹੈ ਅਤੇ ਜਮਹੂਰੀ ਅਧਿਕਾਰਾਂ ਉਤੇ ਪਹਿਰੇਦਾਰੀ ਦਾ ਐਲਾਨ।

# Chandershekhar Azad



Chandershekhar Azad was born on 23rd July 1906 in Bhavra village of Jhabua district in present day Madhya Pradesh. He was born to mother Jagrani Devi and father Sita Ram Tiwari in a hut. His father Sita Ram Tiwari had migrated from Badraka village in Unnao district near Kanpur. His elder son Shukdev was born in Badraka. Parents had five children but only Chandershekhar Azad survived.

Azad had some elementary education in village,before going to Bombay at the age of 12-13 years, where he did some menial jobs. He went to Benaras and got enrolled in Sanskrit school. Here under the influence of non cooperation movement launched by Mahatma Gandhi in 1921, he took part in the movement and got 15 lashes on his back,shouting every time 'Mahatma Gandhi ki Jai'. He was badly bleeding after the punishment,but did not accept medication in jail and prefered being taken care of by some freedom fighter. After Gandhi withdrew the non cooperation movement as a fall out of Chauri Chaura incident on 4th February 1922,Azad got disillusioned by Gandhi and Congress movement. As Shachindernath Sanyal was trying to regroup revolutionary movement, Azad joined Hindustan Republican Army(HRA) along with many other young men like Ram Prasad Bismil, Ashfaquallah, Roshan Singh, Rajender Lahiri, Bhagat Singh etc. In Kakori rail dacoity on 9th August 1925, Azad and Kundan lal could not be arrested,whereas Bismil-Ashfaq-Roshan-Rajinder were hanged on 17th and 19th December in different jails of U.P.

In 1928,Bhagat Singh, Azad and many others regrouped in Ferozeshah Kotla grounds of Delhi on 8&9th September and rechristened their organisation as Hindustan Socialist Republican Army (HSRA) and it political wing as HRS Association. Chandershekhar Azad with the name of Balraj was appointed commander-in-chief of the armed wing and Bhagat Singh became the ideologue of political wing. They wanted to make mass organisations of students,youth and workers, but Lala Lajpat Rai's death at the hands of cruel British police lathi charge, made HSRA pledge to take revenge for this 'national insult'. Accordingly Bhagat Singh and Sukhdev killed police officer Saundres on 17th december 1928 at Lahore in front of SSP office. Azad supervised the whole operation and killed sub inspector Chanan Singh after repeated warnings, as he tried to follow and catch Bhagat Singh and Rajguru.

Later when organisation decided to send Bhagat Singh to throw bomb in Central Assembly Delhi on 8th April 1929, against the wishes of Azad, he saw to take care of all aspects of this act as well. Later HSRA planned to rescue Bhagat Singh from jail, but the plan was abandoned due to death of Bhagwati Charn Vohra on 28th May 1930 at Ravi Banks Lahore during bomb experiment.

Chandershekhar Azad remained active in the organisation, but on 27th February 1931 at Alfred Park Allahabad ,he was encircled by British police allegedly at the deception of someone in the group, named later as Vir Bhadar Tiwari. Sukhdev Raj with him at that time.Encounter took place around 9.a.m.Azad made Sukhdev Raj flee and faced the police with his mouser till the end,wounding many British officers. Even after firing stopped,British police was scared to go near his body. News spread in Allahabad and people gathered in large numbers. Police tried to cremate the body in hurry, but people foiled their attempt. Senior leaders like Kamla Nehru, wife of Pandit Jawaharlal Nehru, Padamkant Malviya, nephew of Madan Mohan Malviya and editor of 'Abhyudue', joined the funeral procession. Shachindernath Sanyal's wife made a passionate speech exhortin people to take with them the ashes of Azad's cremated body as people in Calcutta did at Khudi Ram Bose's cremation in 1908. People followed her advice and nothing survived of the ashes.

Azad used to go to Pt. Nehru's house in Allahabad and Pt. Moti Lal Nehru, father of Jawaharlal was more sympathetic to them.Moti lal nehru died on 6th February 1931. Jawaharlal nehru had given money to Azad for sending Yashpal and Surender Pandey to Moscow for the study of Socialist thought,which did not materialise after his martyrdom. Though Azad was not intellectual like Bhagat Singh,but he was convinced wit the ideas of Socialis. He has listened 'Communist Manifesto' from Shiv Verma in its Hindi rendering and was impressed with it.

Azad was very close to Bhagat Singh and both were like Ho Chi Minh and Gen. Giap combination of Vietnam or Castro-Che Guvera combination of Cuba or even Mao-Chu Teh combination in China. Had their revolutionary movement grown and succeeded in India, another combinatio would have been created. My salute to the memory of one of the finest, most honest,brave and sincere revolutionaries of India!

Azad's widowed mother lived in her village,without believing that Azad has been martyred. Jagrani Devi was brought to Jhansi by two of Azad's best disciples-Bhagwan Das Mahour and Sadashiv Malapurkar in 1948, only then she came to terms with Azad's martyrdom. She died in March 1951 and was shown fire by Sadashiv Malapurkar, revolutionary comrade of Azad. Bhagwan Das Mahour was married to Master Rudra Narayan's daughter, at whose house Azad used to spend long time in Jhansi.

# 'ਪੁਨਰ ਜੋਤ' ਹਸਪਤਾਲ ਅੱਖਾਂ ਦੀਆਂ ਪੁਤਲੀਆਂ ਬਦਲਣ 'ਚ ਮੋਹਰੀ : ਡਾ. ਰਮੇਸ਼ ਚੰਦ



***ਪੰਜਾਬ ਵਿੱਚ ਲੁਧਿਆਣਾ ਵਿਖੇ "ਪੁਨਰ ਜੋਤ" ਹਸਪਤਾਲ ਚਲਾ ਰਹੇ ਅੱਖਾਂ ਦੀਆਂ ਪੁਤਲੀਆਂ ਬਦਲਣ ਦੇ ਮਾਹਿਰ ਸਰਜਨ ਅਤੇ ਮੌਤ ਉਪਰੰਤ ਅੱਖਾਂ ਦਾਨ ਦੀ ਮੁਹਿੰਮ ਦੇ ਮੋਹਰੀ ਡਾ. ਰਮੇਸ਼ ਚੰਦ (ਐਮ.ਡੀ. ਅੱਖਾਂ) ਨਾਲ ਤਰਕਸ਼ੀਲ ਆਗੂ ਜਸਵੰਤ ਜੀਰਖ ਵੱਲੋਂ ਕੀਤੀ ਵਿਸ਼ੇਸ਼ ਮੁਲਾਕਾਤ ।***

**ਡਾ. ਸਾਹਿਬ ਪੰਜਾਬ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਤੁਹਾਡਾ ਨਾਂ ਅੱਖਾਂ ਦੇ ਮਸ਼ਹੂਰ ਡਾਕਟਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਤੁਸੀਂ ਇਸ ਮੁਕਾਮ 'ਤੇ ਕਿਸ ਤਰ੍ਹਾਂ ਪਹੁੰਚੇ, ਬਾਰੇ ਜਾਣਨਾ ਆਮ ਲੋਕਾਂ ਲਈ ਪ੍ਰੇਰਨਾ ਸ੍ਰੋਤ ਹੋਵੇਗਾ ਇਸ ਲਈ ਤੁਹਾਡੀ ਪ੍ਰੀਵਾਰਕ ਅਤੇ ਮੁੱਢਲੀ ਜ਼ਿੰਦਗੀ, ਪੜ੍ਹਾਈ ਆਦਿ ਬਾਰੇ ਜਾਣਦੇ ਹੋਏ ਅੱਗੇ ਵਧਾਂਗੇ। ਇਸ ਬਾਰੇ ਸੰਖੇਪ ਚਾਨਣਾ ਪਾਓ?**

– ਪ੍ਰੀਵਾਰਕ ਤੌਰ 'ਤੇ ਮੇਰਾ ਜਨਮ 6 ਅਪ੍ਰੈਲ 1964 ਨਵਾਂ ਨੰਗਲ ਜ਼ਿਲਾ ਰੋਪੜ ਵਿਖੇ ਪਿਤਾ ਸ੍ਰੀ ਪ੍ਰਤਾਪ ਸਿੰਘ ਅਤੇ ਮਾਤਾ ਸ੍ਰੀਮਤੀ ਸੰਤਰੀ ਦੇਵੀ ਦੇ ਘਰ ਹੋਇਆ। ਮੇਰੇ ਪਿਤਾ ਜੀ ਨੈਸ਼ਨਲ ਫਰਟੀਲਾਈਜ਼ਰ (ਲਿਮ.) ਵਿੱਚ ਸੁਪਰਵਾਈਜ਼ਰ ਵਜੋਂ ਮਕੈਨੀਕਲ ਅਹੁਦੇ 'ਤੇ ਕੰਮ ਕਰ ਰਹੇ ਸਨ। ਅਸੀਂ ਦੋ ਭਰਾ ਅਤੇ ਦੋ ਭੈਣਾਂ ਸਾਰੇ ਹੀ ਆਪਣੀ-ਆਪਣੀ ਥਾਂ ਵਧੀਆ ਜ਼ਿੰਦਗੀ ਜਿਉਂ ਰਹੇ ਹਾਂ ।

**ਤੁਸੀਂ ਆਪਣੀ ਮੁੱਢਲੀ ਵਿੱਦਿਆ ਕਿਥੋਂ ਪ੍ਰਾਪਤ ਕੀਤੀ ?**

– ਮੈਂ 10+1 ਤੱਕ ਦੀ ਵਿੱਦਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਵਾਂ ਨੰਗਲ (ਰੋਪੜ) ਤੋਂ ਹੀ ਪ੍ਰਾਪਤ ਕੀਤੀ ਜੋਕਿ ਨੈਸ਼ਨਲ ਫਰਟੀਲਾਈਜ਼ਰ (ਲਿਮ.) ਦੇ ਵਿੱਚ ਹੀ ਸਥਿਤ ਹੈ। 10+1 ਤੋਂ ਬਾਅਦ ਪ੍ਰੀਮੈਡੀਕਲ ਡੀ.ਏ.ਵੀ. ਕਾਲਜ ਚੰਡੀਗੜ੍ਹ ਤੋਂ ਕੀਤੀ ਅਤੇ ਸਾਲ 1982 ਤੋਂ 1986 ਤੱਕ ਐਮ. ਬੀ. ਬੀ. ਐਸ ਰਜਿੰਦਰਾ ਕਾਲਜ ਪਟਿਆਲਾ ਤੋਂ ਕੀਤੀ। 1989 ਵਿੱਚ ਐਮ.ਡੀ. ਦੀ ਡਿਗਰੀ ਰਜਿੰਦਰਾ ਹਸਪਤਾਲ ਪਟਿਆਲਾ ਤੋਂ ਹੀ ਕੀਤੀ ।

**ਤੁਸੀਂ ਲੁਧਿਆਣਾ ਕਦੋਂ ਤੇ ਕਿਵੇਂ ਆਏ?**

– ਲੁਧਿਆਣੇ ਤੋਂ ਪਹਿਲਾਂ ਮੈਂ 1991 ਵਿੱਚ ਫਰੀਦਕੋਟ ਦੇ ਸਰਕਾਰੀ ਹਸਪਤਾਲ ਵਿਖੇ ਬਤੌਰ ਅੱਖਾਂ ਦੇ ਇੰਚਾਰਜ ਦੇ ਤੌਰ 'ਤੇ ਸੇਵਾ ਨਿਭਾਈ। ਪੰਜਾਬ ਵਿੱਚ ਚਲ ਰਹੇ ਬਹੁਤ ਹੀ ਮਾੜੇ ਹਾਲਾਤਾਂ ਵਿੱਚ ਸਰਕਾਰੀ ਹਸਪਤਾਲ ਦੀ ਹਾਲਤ ਵੀ ਚੰਗੀ ਨਹੀਂ ਸੀ। ਇਥੇ ਖਾਸ ਤੌਰ 'ਤੇ ਪੇਂਡੂ ਖੇਤਰ ਨਾਲ ਮੇਰਾ ਬਹੁਤ ਲਗਾਅ ਰਿਹਾ ਅਤੇ ਬਹੁਤ ਹੀ ਮਿਹਨਤ ਨਾਲ ਕੰਮ ਕੀਤਾ।

ਸਾਲ 1992 ਵਿੱਚ ਲੁਧਿਆਣੇ ਜ਼ਿਲ੍ਹੇ ਦੇ ਪੇਂਡੂ ਸਰਕਾਰੀ ਹਸਪਤਾਲ ਮਨਸੂਰਾਂ ਵਿਖੇ ਮੇਰੀ ਬਦਲੀ ਹੋਈ। ਇਸ ਸਮੇਂ ਪੰਜਾਬ ਦੇ ਹਾਲਾਤ ਬਹੁਤ ਹੀ ਡਰਾਉਣੇ ਮਾਹੌਲ ਵਿਚੋਂ ਗੁਜਰ ਰਹੇ ਸਨ। ਮਨਸੂਰਾਂ ਦੇ ਸਰਕਾਰੀ ਹਸਪਤਾਲ ਵਿੱਚ ਵੀ ਫਰੀਦਕੋਟ ਦੀ ਤਰ੍ਹਾਂ ਹਾਲਾਤ ਬਹੁਤੇ ਚੰਗੇ ਨਹੀਂ ਸਨ। ਇਥੋਂ ਦਾ ਹਸਪਤਾਲ ਉਸ ਵੇਲੇ ਬੰਦ ਵਾਂਗੂ ਹੀ ਸੀ ਜਿਸ ਨੂੰ ਬਹੁਤ ਮਿਹਨਤ ਨਾਲ ਲੋਕਾਂ ਦੇ ਸਹਿਯੋਗ ਨਾਲ ਚਲਾਇਆ। 24 ਘੰਟੇ ਐਮਰਜੰਸੀ ਸੇਵਾ ਦੇਣੀ ਸ਼ੁਰੂ ਕੀਤੀ। ਹਾਲਾਤ ਅਜਿਹੇ ਸਨ ਕਿ ਰਾਤ ਸਮੇਂ ਲੋਕ ਘਰਾਂ 'ਚੋਂ ਬਾਹਰ ਨਹੀਂ ਸੀ ਨਿਕਲਦੇ ਮਰੀਜ਼ਾਂ ਨੂੰ ਲੁਧਿਆਣੇ ਕਿਸੇ ਹਸਪਤਾਲ ਵਿੱਚ ਲੈ ਕੇ ਜਾਣਾ ਖਤਰੇ ਤੋਂ ਖਾਲੀ ਨਹੀਂ ਸੀ। ਇਥੋਂ ਆਸ-ਪਾਸ ਦੇ ਪਿੰਡਾਂ ਵਿਚਲੇ ਗਰੀਬ ਲੋਕ ਹੀ ਵਧੇਰੇ ਕਰਕੇ ਇਸ ਹਸਪਤਾਲ ਵਿੱਚ ਆਉਂਦੇ ਜਿਨ੍ਹਾਂ ਨੂੰ ਮੇਰੇ ਵਲੋਂ ਹਰ ਤਰ੍ਹਾਂ ਦਾ ਪਿਆਰ ਸਤਿਕਾਰ ਦਿੱਤਾ ਜਾਂਦਾ ਅਤੇ ਉਨ੍ਹਾਂ ਨੇ ਵੀ ਮੇਰੇ ਵਲੋਂ ਕੀਤੇ ਜਾਂਦੇ ਲੋਕ ਪੱਖੀ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਵਿੱਚ ਹਰ ਪੱਖੋਂ ਸਹਿਯੋਗ ਦਿੱਤਾ। ਇਥੋਂ ਹੀ ਮੇਰਾ ਨਾਮ ਮਨਸੂਰਾਂ ਵਾਲੇ ਡਾਕਟਰ ਦੇ ਨਾਮ 'ਤੇ ਪ੍ਰਸਿੱਧ ਹੋਇਆ। ਇਸ ਹਸਪਤਾਲ ਵਿੱਚ ਸੇਵਾ ਨਿਭਾਉਂਦੇ ਤੇ ਨਾਲ ਦੀ ਨਾਲ ਸਮਾਜ ਭਲਾਈ ਦੇ ਹੋਰ ਕੰਮਾਂ ਕਾਰਾਂ ਕਾਰਨ ਲੋਕਾਂ ਵਿੱਚ ਪਹਿਚਾਣ ਬਣਨੀ ਸੁਭਾਵਿਕ ਸੀ। ਇਥੇ ਹਸਪਤਾਲ ਤੋਂ ਬਾਹਰ ਪਿੰਡਾਂ ਵਿੱਚ ਅੱਖਾਂ ਸੰਬਧੀ ਕੈਂਪ ਆਦਿ ਲਾਉਣ ਦਾ ਕੰਮ ਇਨਾ ਵਧ ਗਿਆ ਜੋ ਸਰਕਾਰੀ ਨੌਕਰੀ ਦੀਆਂ ਸੀਮਤਾਈਆਂ ਕਾਰਨ ਪੂਰਾ ਨਹੀਂ ਸੀ ਹੋ ਸਕਦਾ। ਇਸੇ ਕਰਕੇ ਮੈਨੂੰ 2003 ਵਿੱਚ ਸਰਕਾਰੀ ਨੌਕਰੀ ਛੱਡਣੀ ਪਈ ਅਤੇ ਆਪਣੇ ਅਨੁਸਾਰ ਆਜਾਦਾਨਾ ਤੌਰ 'ਤੇ ਕੰਮ ਸ਼ੁਰੂ ਕਰਕੇ ਲੋਕ ਸੇਵਾ ਨਿਭਾ ਰਿਹਾ ਹਾਂ।

**ਕੀ ਤੁਸੀਂ ਸਮਝਦੇ ਹੋ ਕਿ ਤਰਕਸ਼ੀਲ ਸੁਸਾਇਟੀ ਵਲੋਂ ਸ਼ੁਰੂ ਕੀਤੀ ਸਰੀਰ ਦਾਨ, ਅੰਗ ਦਾਨ ਕਰਨ ਦੀ ਮੁਹਿੰਮ ਨਾਲ ਤੁਹਾਡੇ ਕੰਮ ਵਿੱਚ ਕੋਈ ਉਤਸਾਹ ਮਿਲਿਆ ਹੈ?**

– ਤਰਕਸ਼ੀਲ ਸੁਸਾਇਟੀ ਬਾਰੇ ਮੈਨੂੰ ਸਾਲ ਤਾਂ ਯਾਦ ਨਹੀਂ ਜਦੋਂ ਲੁਧਿਆਣੇ ਦੇ ਆਰੀਆ ਕਾਲਜ ਵਿੱਚ ਤਰਕਸ਼ੀਲ ਸੁਸਾਇਟੀ ਵਲੋਂ ਇੱਕ ਸਮਾਗਮ ਵਿੱਚ ਮੈਨੂੰ ਬੁਲਾਇਆ ਗਿਆ ਸੀ। ਉਦੋਂ ਲੁਧਿਆਣੇ ਵਿੱਚ ਤਰਕਸ਼ੀਲ ਸੁਸਾਇਟੀ ਦਾ ਕੰਮ ਬਹੁਤ ਬੁਲੰਦੀਆਂ 'ਤੇ ਚਲ ਰਿਹਾ ਸੀ। ਮੌਤ ਉਪਰੰਤ ਸਰੀਰ ਦਾਨ ਕਰਨ ਅਤੇ ਅੰਗ ਦਾਨ ਕਰਨ ਦੀ ਪਿਰਤ ਨੇ ਮਨੁੱਖਤਾ ਪ੍ਰਤੀ ਹਮਦਰਦੀ ਰੱਖਣ ਵਾਲੇ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇਸੇ ਕਾਰਨ ਹੀ ਅੱਜ ਖਾਸ ਤੌਰ 'ਤੇ ਅੱਖਾਂ ਦਾਨ ਕਰਨ ਵਾਲੇ ਲੋਕਾਂ ਦੀ ਗਿਣਤੀ ਦਿਨੋ-ਦਿਨ ਵੱਧ ਰਹੀ ਹੈ ।

**ਮੌਤ ਉਪਰੰਤ ਅੰਗ ਦਾਨ ਕਰਨ ਦੇ ਮਾਮਲੇ ਵਿੱਚ ਕੀ ਪ੍ਰਚਲਤ ਵਹਿਮਾ-ਭਰਮਾ ਵਿੱਚ ਵੀ ਕੋਈ ਠੱਲ ਪਈ ਮਹਿਸੂਸ ਕਰਦੇ ਹੋ?**

– ਹਾਂ, ਇਸ ਬਾਰੇ ਲੋਕਾਂ ਵਿੱਚ ਪਏ ਅੰਧਵਿਸ਼ਵਾਸਾਂ ਵਿੱਚ ਫਰਕ ਪਿਆ ਹੈ ਪਰ ਅਜੇ ਵੀ ਹੇਠਲੇ ਪੱਧਰ 'ਤੇ ਆਮ ਲੋਕਾਂ ਤੱਕ ਪ੍ਰਚਾਰ ਦੀ ਬਹੁਤ ਵੱਡੀ ਲੋੜ ਹੈ। ਤਰਕਸ਼ੀਲ ਸੋਸਾਇਟੀ ਵਲੋਂ ਸ਼ੁਰੂ ਕੀਤੀ ਸਰੀਰ ਦਾਨ ਕਰਨ ਦੀ ਮੁਹਿੰਮ ਦਾ ਵੀ ਲੋਕਾਂ ਨੇ ਅਸਰ ਕਬੂਲਿਆ ਹੈ ਜਿਸ ਕਾਰਨ ਅੱਜ ਹਸਪਤਾਲਾਂ ਵਿੱਚ ਮ੍ਰਿਤਕ ਸਰੀਰਾਂ ਦੀ ਕੋਈ ਘਾਟ ਨਹੀਂ ਰਹੀ। ਇਸੇ ਤਰ੍ਹਾਂ ਅੱਖ ਦਾਨ ਦੇ ਖੇਤਰ ਵਿੱਚ ਵੀ ਇੱਕ ਤਰ੍ਹਾਂ ਦੀ ਕ੍ਰਾਂਤੀ ਆਈ ਹੈ ।

**ਸਿਆਸੀ ਆਗੂਆਂ ਤੇ ਧਾਰਮਿਕ ਲੋਕਾਂ ਵਲੋਂ ਤੁਹਾਡੇ ਕੰਮਾਂ ਦੀ ਸ਼ਲਾਘਾ ਤਾਂ ਕੀਤੀ ਜਾਂਦੀ ਹੈ ਪਰ ਕੀ ਉਨ੍ਹਾਂ ਵਲੋਂ ਆਪਣਾ ਸਰੀਰ ਜਾਂ ਕੋਈ ਹੋਰ ਅੰਗ ਦਾਨ ਕਰਨ ਦੀ ਇੱਛਾ ਪ੍ਰਗਟਾਈ ਜਾਂਦੀ ਹੈ?**

– ਹਾਂ, ਹੁਣ ਸਿਆਸੀ ਆਗੂਆਂ ਅਤੇ ਧਾਰਮਿਕ ਆਗੂਆਂ ਨੇ ਵੀ ਇਸ ਪਾਸੇ ਆਪਣੇ ਕਦਮ ਵਧਾਏ ਹਨ ਮਿਸਾਲ ਦੇ ਤੌਰ 'ਤੇ ਸਾਬਕਾ ਕੈਬਨਿਟ ਮੰਤਰੀ ਸ੍ਰੀ ਤੀਕਸ਼ਨ ਸੂਦ ਨੇ ਆਪਣੇ ਸਾਰੇ ਪ੍ਰੀਵਾਰ ਸਮੇਤ ਮੌਤ ਉਪਰੰਤ ਅੱਖਾਂ ਦਾਨ ਕਰਨ ਦੇ ਫਾਰਮ ਭਰੇ ਹਨ ਇਸੇ ਤਰ੍ਹਾਂ ਜਰਗ ਵਾਲੇ ਬਾਬੇ ਨੇ ਵੀ ਆਪਣੀਆਂ ਅੱਖਾਂ ਦਾਨ ਕਰਨ ਦਾ ਫਾਰਮ ਭਰਿਆ ਹੈ। ਇਸੇ ਤਰ੍ਹਾਂ ਹੋਰ ਵੀ ਕਈ ਧਾਰਮਿਕ ਅਤੇ ਸਿਆਸੀ ਲੋਕਾਂ ਵਲੋਂ ਇਸ ਕੰਮ ਵਿੱਚ ਉਤਸ਼ਾਹ ਵਿਖਾਇਆ ਜਾ ਰਿਹਾ ਹੈ ।

**ਵਿਦੇਸ਼ੀ ਮਾਹਿਰ ਡਾਕਟਰ ਵੀ ਤੁਹਾਡੇ ਕੋਲ ਆਉਂਦੇ ਰਹਿੰਦੇ ਹਨ ਅਤੇ ਤੁਸੀਂ ਵੀ ਵਿਦੇਸ਼ ਜਾਂਦੇ ਰਹਿੰਦੇ ਹੋ, ਇਥੋਂ ਤੇ ਉਥੋਂ ਦੇ ਇਲਾਜ ਪ੍ਰਬੰਧਾਂ ਵਿੱਚ ਕੀ ਫਰਕ ਹੈ?**

– ਸਾਡੇ ਕੋਲ ਵੀ ਸਾਰੀਆਂ ਮਸ਼ੀਨਾਂ ਵਿਦੇਸ਼ੀ ਹਨ ਇਥੇ ਆਮ ਤੌਰ 'ਤੇ ਗਰੀਬ ਤੇ ਮੱਧ ਵਰਗ ਦੇ ਮਰੀਜ਼ਾਂ ਦੀ ਗਿਣਤੀ ਬਹੁਤ ਹੈ। ਜੇ ਆਮ ਵੇਖਿਆ ਜਾਵੇ ਤਾਂ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਬਹੁਤ ਮਹਿੰਗੇ ਹੋਣ ਕਾਰਨ ਆਮ ਲੋਕ ਉਥੇ ਜਾਣ ਤੋਂ ਝਿਜਕਦੇ ਹਨ। ਪਰ ਸਾਡਾ ਕੰਮ ਲੋਕਾਂ ਦੀ ਸੇਵਾ ਕਰਨ ਨੂੰ ਪਹਿਲ ਦੇਣਾ ਹੈ ਅਤੇ ਪੈਸਾ ਦੂਜੇ ਨੰਬਰ 'ਤੇ ਹੈ ਇਸੇ ਕਰਕੇ ਤੁਸੀਂ ਪੁਨਰਜੋਤ ਹਸਪਤਾਲ ਵੇਖ ਸਕਦੇ ਹੋ ਕਿ ਇੱਥੇ ਕਿਵੇਂ ਮਰੀਜ਼ਾਂ ਦੀ ਭੀੜ ਰਹਿੰਦੀ ਹੈ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਇੱਥੇ ਇਨਸਾਨੀ ਕਦਰਾਂ-ਕੀਮਤਾਂ ਦਾ ਧਿਆਨ ਪਹਿਲੇ ਨੰਬਰ ਤੇ ਰੱਖਿਆ ਜਾਂਦਾ ਹੈ।

**ਕੀ ਵਿਦੇਸ਼ਾਂ 'ਚੋਂ ਵੀ ਆਕੇ ਤੁਹਾਡੇ ਕੋਲੋਂ ਕਿਸੇ ਨੇ ਇਲਾਜ ਕਰਵਾਇਆ ਹੈ?**

– ਹਾਂ, ਵਿਦੇਸ਼ਾਂ ਵਿਚੋਂ ਬਹੁਤ ਸਾਰੇ ਲੋਕ ਇਲਾਜ ਲਈ ਆਉਂਦੇ ਰਹਿੰਦੇ ਹਨ ਕੁਝ ਸਮਾਂ ਪਹਿਲਾਂ ਅਲੀ ਅਕਬਰ ਲਾਹੌਰ (ਪਾਕਿਸਤਾਨ) ਨੇ ਇਥੇ ਆ ਕੇ ਆਪਣੀ ਬੰਦ ਹੋਈ ਨਿਗਾ ਪੁਤਲੀ ਬਦਲਵਾ ਕੇ ਰੋਸ਼ਨ ਕਰਵਾਈ ਹੈ ਇਹ ਪੁਤਲੀ ਜਲੰਧਰ ਨਿਵਾਸੀ ਮੱਖਮਲ ਨਾਮ ਦੀ ਔਰਤ ਦੀ ਮੌਤ ਤੋਂ ਬਾਅਦ ਦਾਨ ਕੀਤੀ ਅੱਖ ਰਾਹੀਂ ਪ੍ਰਾਪਤ ਹੋਈ ਸੀ। ਵਿਦੇਸ਼ਾਂ ਵਿੱਚ ਰਹਿ ਰਹੇ ਕਈ ਸਮਾਜ ਸੇਵੀ ਸਾਡੇ ਕੋਲੋਂ ਪੇਂਡੂ ਖੇਤਰਾਂ ਵਿੱਚ ਕੈਂਪ ਲਗਾਉਂਦੇ ਹਨ ਜਿਥੇ ਆਮ ਲੋਕਾਂ ਨੂੰ ਬਹੁਤ ਰਾਹਤ ਮਿਲਦੀ ਹੈ ਜਿਵੇਂ ਕਿ ਵੈਨਕੂਵਰ (ਕੇਨੈਡਾ) ਤੋਂ ਸ੍ਰੀ ਸੁਰਿੰਦਰ ਸਿੰਘ ਵਲੋਂ ਹਰ ਸਾਲ 30-35 ਮੁਫਤ ਅੱਖਾਂ ਦੇ ਕੈਂਪ ਪੇਂਡੂ ਖੇਤਰਾਂ ਵਿੱਚ ਲਗਾਏ ਜਾਂਦੇ ਹਨ। ਪੁਨਰਜੋਤ ਹਸਪਤਾਲ ਵਲੋਂ ਇਨ੍ਹਾਂ ਨੂੰ ਸੋਨੇ ਦਾ ਤਮਗਾ ਦੇਕੇ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਸਾਡੇ ਕੋਲ ਡਾਕਟਰ ਟ੍ਰੇਨਿੰਗ ਲੈਣ ਵੀ ਆਉਂਦੇ ਹਨ ਜਿਵੇਂ ਅੱਜ ਕੱਲ ਵੀ ਕੇਰਲਾ ਤੋਂ ਇੱਕ ਡਾਕਟਰ ਟ੍ਰੇਨਿੰਗ ਲਈ ਆਈ ਹੋਈ ਹੈ ।

**ਕੀ ਪੰਜਾਬ ਵਿੱਚ ਹੋਰ ਕਿਧਰੇ ਵੀ ਤੁਹਾਡਾ ਹਸਪਤਾਲ ਹੈ?**

– ਸਾਡੀਆਂ ਚਾਰ ਬਰਾਂਚਾਂ ਵੱਖ-ਵੱਖ ਥਾਵਾਂ 'ਤੇ ਚੱਲ ਰਹੀਆ ਹਨ।

1. ਰਾਏਕੋਟ : ਇਥੇ ਹਰ ਐਤਵਾਰ ਸਿਰਫ 20 ਰੁਪਏ ਦੀ ਫੀਸ ਲੈਕੇ ਅੱਖਾਂ ਦੇ ਸਾਰੇ ਚੈਕਅੱਪ ਕੀਤੇ ਜਾਂਦੇ ਹਨ ।
2. ਕਪੂਰਥਲਾ: ਇੱਥੇ 50 ਰੁਪਏ ਫੀਸ ਨਾਲ ਪੂਰਾ ਚੈਕਅੱਪ ਕੀਤਾ ਜਾਂਦਾ ਹੈ ।
3. ਸਹਿਜਾਦ: ਇੱਥੇ ਹਰ ਬੁੱਧਵਾਰ ਬਿਲਕੁੱਲ ਮੁਫਤ ਸੇਵਾ ਦਿੱਤੀ ਜਾਂਦੀ ਹੈ ।
4. ਲੁਧਿਆਣਾ: 50 ਰੁਪਏ ਦੀ ਫੀਸ ਨਾਲ ਪੂਰਾ ਚੈਕਅੱਪ ਕੀਤਾ ਜਾਂਦਾ ਹੈ ।

**ਹੁਣ ਤੱਕ ਤੁਸੀਂ ਕਿੰਨੇ ਮੋਤੀਏ ਦੇ ਅਤੇ ਅੱਖਾਂ ਦੀਆਂ ਪੁਤਲੀਆਂ ਬਦਲਣ ਦੇ ਆਪਰੇਸ਼ਨ ਕਰ ਚੁੱਕੇ ਹੋ?**

– ਅਸੀਂ ਹੁਣ ਤੱਕ 60 ਹਜ਼ਾਰ ਤੋਂ ਵੱਧ ਚਿਟੇ ਮੋਤੀਏ ਦੇ ਆਪਰੇਸ਼ਨ ਬਿਲਕੁੱਲ ਮੁਫਤ ਕੀਤੇ ਹਨ। ਇਸੇ ਤਰ੍ਹਾਂ ਮਈ 2014 ਤੱਕ 4415 ਤੋਂ ਵੱਧ ਅੱਖਾਂ ਦੀਆਂ ਪੁਤਲੀਆਂ ਬਦਲਣ ਦੇ ਮੁਫਤ ਆਪਰੇਸ਼ਨ ਕੀਤੇ ਹਨ। ਸਾਡੇ ਕੋਲ ਮਈ 2014 ਤੱਕ ਕੁੱਲ 5484 ਅੱਖਾਂ ਦਾਨ ਵਜੋਂ ਆਈਆਂ ਜਿਨ੍ਹਾਂ ਵਿਚੋਂ 4415 ਲੋੜਵੰਦਾਂ ਦੇ ਲਾ ਕੇ ਉਨ੍ਹਾਂ ਦੀ ਦੁਨੀਆ ਰੋਸ਼ਨ ਕੀਤੀ ਗਈ। ਕਈ ਅੱਖਾਂ ਦੀਆਂ ਪੁਤਲੀਆਂ ਲਾਉਣ ਯੋਗ ਨਹੀਂ ਹੁੰਦੀਆਂ ਕਿਉਂਕਿ ਉਹ ਕਈ ਐਕਸੀਡੈਂਟ ਕੇਸਾਂ ਵਿੱਚ ਖਰਾਬ ਹੋ ਚੁੱਕੀਆਂ ਹੁੰਦੀਆਂ ਹਨ ਜਾਂ ਕਿਸੇ ਬੀਮਾਰੀ ਦੇ ਕਾਰਨ ਲਾਉਣ ਯੋਗ ਨਹੀਂ ਹੁੰਦੀਆਂ।

**ਤੁਹਾਨੂੰ ਅਕਸਰ ਹੀ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਜਾਂਦਾ ਹੈ, ਹੁਣ ਤੱਕ ਤੁਹਾਨੂੰ ਕਿੰਨੇ ਕੁ ਸਨਮਾਨ ਮਿਲੇ ਹਨ?**

**4. Admission to professional PG courses Medical (MD /MS) :** Total 11000 seats are available in 300+medical colleges in India. 50% (5544 for 2014) are reserved for All India Quota (AIPGMEE). 25% for state quota and rest are Management and other Quota. About 2800 seats are sold in the range between Rs. 1 crore and 4 crores. It is an open secret that seats of state quota are also sold by political interest s. Let us consider these 2800 seats. Even at a minimum of Rs. 1 crore, the total unaccounted money is Rs. 2800 crores per year.

**Management (MBA/PGBDM/ etc.) :** There are about 200000 MBA seats offered by over 2000 colleges in India. About 80% of these seats are from not much popular colleges and most of the students are unemp loyable or seats go vacant. Even though, a fee of Rs. 2-3 lakhs / year is charged. Out of rest 40000 seats, 50% are offered by IIMs and other sarkari or comparable institutes, where there is no donation though fee is high. The balance 20000 seats are sold for Rs. 8-20 lakhs. We have came across a management school in Mumbai, which openly sells seats for 15 lakhs, charges fee but output is employable. The director of one institute was raided three times and every time money was recovered but in few days, the activity resumed again. This generates about Rs. 2000 crores per year even at a rate of Rs. 10 lakhs / seat. The total sum calculated till now, only for capitation fee or donation per year becomes –

| **Stage** | **In Rupees** |
|---|---|
| Junior | KG 15000 crores |
| 11th | 10000 crores |
| MBBS | 9000 crores |
| BE/BTech | 9000 crores |
| BMS/BBA | 600 crores |
| PG-Medical | 2800 crores |
| PG– Management | 2000 crores |
| Total of above | **48400 crores per year** |

In US dollar terms it is over USD 8 billion per year.

These figures look big. But, after revalidating data and assumptions, they may even turn out to be on the conservative side.

This is equal to approx 0.8% of Indian GDP and 73.5% of total budget allocation to HRD ministry for 2013-14. Total budget for HRD ministry for 2013-14 was Rs. 65,867 crores. There are other courses likeed ucation, para-medical, hotel management, etc. where capita tion fee is charged, which are not considered above.

**Where this money goes :** Nobody officially knows where this money goes. In fact, officially this money does not even exist. This money is what is usually termed, BLACK MONEY.

Discreet inquires reveal that a big part of this money goes to politicians, bureaucracy, education barons and business houses as a big number of in stitutes are owned, controlled and managed by politicians an d business ho uses. Further discreet enquiries, under conf idence, further reveal that a part of this money may be slashed away abroad; a part may be used for elections; some part is may be used to fund and sustain real estate activities. It is also speculated that some part of this money is us ed for funding terror and/or conversion.

The data analysis part of the report is over. We present below our effect and recommendation below.

**Effect on Indian society and economy :** This trend creates distortion in Indian society and detrimental to Indian economy. Following are some, which is not an exhaustive list, of distortions –

**Tax evasion**

1. This money is pure BLACK MONEY. No tax is paid on this.

**Loot of common people**

2.Money mopped from various retail individuals concentrates in few hands.

3. The desperation among the regular middle class people to get the best education for their children means that they are willing to shell out huge chunks from their legitimate savings to get seats in various colleges. The parents almos t become paupers. Many times they beg, borrow or steal.

**Unethical / illegal usage**

4. The money is either parked in real estate or slashed abroad. If parked in real estate, this supports the artificially hiked real estate prices and creates another loop for inflation and black money generation.

**Support other economies**

5. If slashed abroad, the money goes out of Indian economy to support other economies.

**Student's mentality**

6. The students become crony capitalists, who consider this as investment and want to recover fast with interest. For example, the medical profession has become un-regulated un-accountable mafia (not our words), where many doctors do unethical practices to recover their investment.

7. When the motive is to recover money, why should doctors do practice in rural or slum areas?

**Quality of education suffers**

8. As the student has paid money, the degree becomes entitlement and not something to be earned. Why should s/he work hard, when the degree is assured? This effect the quality. Thus many times, these people are unsuitable for the job or try to get a cushy sarkari-type permanent job. That may be one of the reasons, most of the politicians, who enjoy medical treatment on public money; and money bags go to US / Singapore for treatment and do not trust Indian doctors.

**Cause of Inflation**

9. It is speculated that some of this money is deployed in stock market and commodities exchange market. The commodities exchange has been responsible for commodities inflation especially of food grain. The money is also used for hoarding of commodities thus give raise to inflation. All this is possible only with tactical political support.

**Mis-utilization of national wealth**

10. This money is about 73.5% of gross budgetary

Avon Accounting & Tax Services
Personal Tax Returns (T1)
Self Employed
Taxi Business
Corporate Tax Returns (T2)
GST / Payrolls / ROE
WCB Returns
Tax Planning & Advisory Services
Weekends/Evenings Services also available.
Tel: 403-561-9011
Tel: 403-479-4220
Pandher_2004@yahoo.com or singhh73@gmail.com



support to Ministry of HRD, Govt of India. If only one year's collection is used for primary education, Ekal vidyalaya (one teac her school, a successful experiment in over 40000 tribal villages by Vanvasi Vikas Kendra and Van Bandhu Parishad) and primary schools with better facilitie s can be opened in all villages in India.

**Challenge before Central Government**

**1. HRD Ministry :** How to stop this loot? Make policies and channelize energies to improve education infrastructure, better teaching and quality education in all schools and colleges in India? The categorization of Category – 1 to Category – z must be demolished.

**2. Health Ministry :** How to break this eco-system from capitation fee till doctor's loot mafia and provide better medical facilities to masses.

**3. Finance Ministry :** If nothing can be done by HRD and/or health ministry, at least make this loot official and collect tax on it. At a corporate rate of 33%, the tax will be about Rs. 16,000 crores per year. The use it for educational purposes.

**4. Prime Minister :** This is a big challenge before Mr. Modi. If he can tackle this menace, he can control many distortions in the society and economy.

**Recommendations**

We often find our academicians, politicians and economists waxing eloquent about India's demographic dividend. With the kind of education culture we have fostered in India, the dividend will soon become a curse. It is high time that the government took a hard look at how primary and higher education is being managed and monetised in India.

We are no experts in education management but we are neither novice nor have any vested interest. We believe that in India there are more vested interests than real experts in education management. These are our views and unsolicited advice. The concerned minister has right to accept or modify or reject these.

The one logical way to control the menace is total computerisation of all admission process at national level from KG level and then automatic computerised seat allotment at further stages based on aptitude and merits. Any upfront demand by schools/colleges must be made cognizable offence by an act of parliament. Fee should be standard with support from government and industry. Alternate model s can also be developed. To curb corruption, social and performance audits of each school and college must be compulsory and computerised. Examination should be based on knowledge and not cramming. Teachers must have minimum skill level, defi ned at national level.

Further, we believe that examination should be central subject and not concurrent or state subject. There should be one all India examination board for 10th examination with common papers for Mathematics, Physics, Chemistry, Biology, History, Geography, English, Hindi and one compulsory paper for mother tongue or third language for Hindi speaking student. This can be UPSC type examination setup. Today, we have 29 state boards with ICSE, CBSE and what not. There is lot of incompatibility in their evaluation. This examination should be base for all professional admissions. Government may take a call on this, though this will be politically unpalatable bitter dose.

**References and acknowledgement**

(1) This research is possible with the help of many friends, relatives and classmates located all over India. We have collected data on the admission rates and seats in Mumbai Metropolitan Region (MMR), NCR of Delhi, Bangalore, Chennai, Hyderabad, Lucknow, Meerut, Jaipur, Indore, Bhopal, Ahmedabad, Surat and Pune. Mainly, the focus was to get the going rate of donation at the time of admission and how much flexibility (seats) management can allot.

**Copyright :** Rakesh M Goyal and Sysman Computers Private Limited, Mumbai are absolute owners. At the same time, we allow any one to use this but by giving due credit to authors and Copyright holders.

**Disclaimer :** This analysis is based on the data gathered at various urban centers for some schools and colleges at each center. Further data and details are available in public domain on Internet. We have relied on this data. If there is some discrepancy in data, then some conclusions may need revision. We acknowledge that all schools do not charge upfront money.

**About Authors**

**Rakesh Goyal** is PhD in Cyber Security; PDGM (MBA) from IIM-Bangalore with Gold Medal; AMIE (Mech. Engineering with Gold Medal). He has earned certificates - CISA, CISM, CFE, CCCI, CMC and Chartered Engineer.

He is an IT consulting entrepreneur since 1985 as MD of Sysman Computers P Ltd, Mumbai, a CERT-In and CCA empanelled firm (www.sysman.in). He is also the Director General of 'Center for Research and Prevention of Cyber Crimes'. Before that, He worked with BHEL, WIPRO and MNC Bank between 1972 and 1985.

He is pioneer in IT Security in India since 1991. He has done over 3300 Cyber Security assignment related to Cyber Security consulting, audit and forensics. He has written 6 books (first book in 1993) and 50 papers on IT security related topics. He has 6 patents and copyrights. He has been on committees of Ministry of IT, GoI. He is a regular speaker and has chaired various sessions and member of committees at international conferences on cyber security/ crimes. He publishes a thrice-a-week newsletter on cyber crimes with over 120000 subscri bers. You may subs cribe CCCNews at www.cccnews.in

He is also a black belt in Karate, a trained yoga teacher and has a diploma in acupressure.

**Ankur Goyal** is an MBA from BC Canada after BMS from Mumbai University. He is member of Executive Council of CRPCC. He is a computer user from the age of 3 years. He has over 5 years of active IT Security experience. He is a regular contributor to IT Security Newsletter. He is a Black Belt in Karate.

**Author contact :** rakesh@sysman.in and ankur@sysman.in If some one want editable version, send email to rakesh@sysman.in with your identifiable details (KYC) and reasons for requirement for editable version. We will send the editable version on merits at our discretion and not as your right.

**CENTER FOR RESEARCH AND PREVENTION OF COMPUTER CRIMES**
**(www.crpcc.in)**
**MUMBAI, INDIA**
**SPONSORED BY**
**SYSMAN COMPUTERS PRIVATE LIMITED, MUMBAI**
**(www.sysman.in)**

## ਮਾਤਾ ਅਜਮੇਰ ਕੌਰ ਵਿੰਨੀਪੈਗ ਸਾਡੇ ਵਿਚਕਾਰ ਨਹੀਂ ਰਹੇ



'ਸਰੋਕਾਰਾਂ ਦੀ ਆਵਾਜ਼' ਮੈਗਜ਼ੀਨ ਦੇ ਸੰਪਾਦਕੀ ਬੋਰਡ ਦੇ ਮੈਂਬਰ ਅਵਤਾਰ ਸਿੱਧੂ, ਵਿੰਨੀਪੈਗ, ਮਾਨੀਟੋਬਾ ਦੇ ਪੂਜਨੀਕ ਮਾਤਾ ਅਜਮੇਰ ਕੌਰ 88 ਵਰ੍ਹਿਆਂ ਦੀ ਉਮਰ ਵਿਚ 17 ਜੁਲਾਈ 2014 ਨੂੰ ਵਿੰਨੀਪੈਗ ਦੇ ਵਿਕਟੋਰੀਆ ਹਸਪਤਾਲ ਵਿਚ ਇਕ ਦਿਨ ਦਾ ਸਫ਼ਰ ਕੱਟਕੇ ਸਾਨੂੰ ਸਾਰਿਆਂ ਨੂੰ ਇਸ ਦੁਨੀਆ ਤੋਂ ਸਦਾ ਲਈ ਅਲਵਿਦਾ ਕਹਿ ਗਏ। ਮਾਤਾ ਅਜਮੇਰ ਕੌਰ ਦਾ ਜਨਮ ਪਿੰਡ ਕੁੱਸੇ ਜ਼ਿਲ੍ਹਾ ਫਿਰੋਜ਼ਪੁਰ (ਅੱਜ ਮੋਗਾ) ਵਿਚ ਹੋਇਆ ਸੀ। ਉਨ੍ਹਾਂ ਦਾ ਵਿਆਹ ਪਿੰਡ ਰਸੂਲਪੁਰ ਤਹਿਸੀਲ ਜਗਰਾਉਂ ਜ਼ਿਲ੍ਹਾ ਲੁਧਿਆਣਾ ਦੇ ਨਿਵਾਸੀ ਸ੍ਰ. ਸੁਦਾਗਰ ਸਿੰਘ ਨਾਲ ਹੋਇਆ ਕੁਝ ਸਮਾਂ ਪਿੰਡ ਰਹਿਣ ਤੋਂ ਬਾਅਦ ਸਾਰਾ ਪਰਿਵਾਰ ਜਗਰਾਉਂ ਸ਼ਹਿਰ ਵਿਚ ਰਹਿਣ ਲੱਗ ਪਿਆ। ਜਿਥੇ ਅਵਤਾਰ ਸਿੰਘ ਨੇ ਆਪਣੀ ਪੜ੍ਹਾਈ ਦੌਰਾਨ ਇਨਕਲਾਬੀ ਸਫ਼ਾਂ ਨਾਲ ਕੰਮ ਕਰਦੇ ਸਮੇਂ ਜੇਲ੍ਹਾਂ ਵੀ ਕੱਟੀਆਂ ਅਤੇ ਅੱਜ ਸਰੋਕਾਰਾਂ ਦੀ ਆਵਾਜ਼ ਨਾਲ ਬੜੀ ਸ਼ਿੱਦਤ ਦਿਲੀ ਨਾਲ ਕੰਮ ਕਰ ਰਹੇ ਹਨ। ਮਾਤਾ ਅਜਮੇਰ ਕੌਰ ਆਪਣੇ ਪਿਛੇ ਇਕ ਸਪੁੱਤਰ ਅਵਤਾਰ ਸਿੰਘ ਅਤੇ ਚਾਰ ਬੇਟੀਆਂ ਛੱਡ ਗਏ। ਉਨ੍ਹਾਂ ਆਪਣਾ ਜੀਵਨ 1981 ਤੋਂ ਕੈਨੇਡਾ ਵਿਚ ਰਹਿ ਕੇ ਬਤੀਤ ਕੀਤਾ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਉਨ੍ਹਾਂ ਦੇ ਇਸ ਵਿਛੋੜੇ 'ਤੇ ਪਰਿਵਾਰ ਨਾਲ ਦੁੱਖ ਦਾ ਸ਼ਰੀਕ ਹੁੰਦਾ ਹੈ ਅਤੇ ਪਰਿਵਾਰ ਤੋਂ ਆਉਣ ਵਾਲੇ ਭਵਿੱਖ ਮਾਤਾ ਅਜਮੇਰ ਤੋਂ ਰਹੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦੀ ਆਸ ਰੱਖਦਾ ਹੈ।



# ਕਾਮਰੇਡ ਅਵਤਾਰ ਢੁੱਡੀਕੇ ਦੀ 31ਵੀਂ ਬਰਸੀ ਮਨਾਈ

## (ਸਰਕਾਰੀ ਤੇ ਨਿੱਜੀ ਜਾਇਦਾਦ ਵਿਰੁੱਧ ਨੁਕਸਾਨ ਰੋਕੂ) ਬਿੱਲ 2014 ਦੇ ਵਿਰੋਧ 'ਚ ਰੋਸ ਮੁਜ਼ਾਹਰਾ









ਪਿੰਡ ਢੁੱਡੀਕੇ ਵਿਖੇ 15 ਮਈ 1944 ਨੂੰ ਜਨਮੇ ਕਾਮਰੇਡ ਅਵਤਾਰ 'ਢੁੱਡੀਕੇ' ਛੇ ਭੈਣ-ਭਰਾਵਾਂ 'ਚੋਂ ਸਭ ਤੋਂ ਛੋਟੇ ਸਨ। ਅੰਤਾਂ ਦਾ ਨਿੱਘਾ ਅਤੇ ਮਿਲਾਪੜਾ ਸੁਭਾਅ ਸ਼ਹੀਦ ਕਾਮਰੇਡ ਅਵਤਾਰ ਢੁੱਡੀਕੇ ਨੂੰ ਵਿਰਾਸਤ ਵਿਚੋਂ ਹੀ ਮਿਲਿਆ ਸੀ। ਪਿਤਾ ਜੀ ਸੇਵਾ ਸਿੰਘ ਸੰਧੂ ਮਾਤਾ ਜੀ ਭਗਵੰਤ ਕੌਰ ਸੰਧੂ, ਭੈਣਾਂ ਸਤਵੰਤ ਕੌਰ, ਕ੍ਰਿਪਾਲ ਕੌਰ, ਰਛਪਾਲ ਕੌਰ, ਰਜਿੰਦਰ ਕੌਰ ਅਤੇ ਵੱਡੇ ਭਾਈ ਜਸਮੇਲ ਸਿੰਘ ਸੰਧੂ ਸਾਰਾ ਪਰਿਵਾਰ ਹੀ ਉਪਰੋਕਤ ਗੁਣਾਂ ਨਾਲ ਲਿਬਰੇਜ ਸਨ। ਵੱਡੇ ਭਾਈ ਜਸਮੇਲ ਸਿੰਘ ਸੰਧੂ ਦੇ ਲੜਕੇ ਪਰਮਿੰਦਰ ਸਿੰਘ ਸੰਧੂ ਵੀ ਉਪਰੋਕਤ ਪਰਿਵਾਰਕ ਪਿਛੋਕੜ ਵਾਲੇ ਹਨ ਅਤੇ ਇਨਕਲਾਬੀ ਲਹਿਰ ਦਾ ਹੋਣਹਾਰ ਅੰਗ ਹਨ।

ਸੱਤਰਵਿਆਂ ਦੇ ਸ਼ੁਰੂ 'ਚ ਹੀ ਕਾਮਰੇਡ ਅਵਤਾਰ ਢੁੱਡੀਕੇ ਇਨਕਲਾਬੀ ਲਹਿਰ ਦੀ ਬੁੱਕਲ 'ਚ ਆਏ ਅਤੇ ਹੌਲੀ-ਹੌਲੀ ਕਮਿਊਨਿਸਟ ਇਨਕਲਾਬੀ ਵਾਲੇ ਸਾਰੇ ਗੁਣ ਗ੍ਰਹਿਣ ਕਰ ਗਏ। ਪਿੰਡ ਪੱਧਰ, ਇਲਾਕਾ ਪੱਧਰ ਦੇ ਮੋਹਰੀ ਆਗੂਆਂ 'ਚ ਗਿਣੇ ਜਾਣ ਲੱਗ ਪਏ। ਪਿੰਡ ਅਤੇ ਇਲਾਕਾ ਪੱਧਰ 'ਤੇ ਕਾਮਰੇਡ ਅਵਤਾਰ ਢੁੱਡੀਕੇ ਦੀ ਅਗਵਾਈ 'ਚ ਅਨੇਕਾਂ ਘੋਲ ਲੜੇ ਗਏ ਮਹੱਤਵਪੂਰਨ ਘੋਲਾਂ ਜਿਵੇਂ ਰੰਧਾਵਾ ਐਜੀਟੇਸ਼ਨ, 1980 ਦਾ ਵਧੇ ਬੱਸ ਕਿਰਾਇਆਂ ਖਿਲਾਫ਼ ਘੋਲ ਅਤੇ ਇਨ੍ਹਾਂ ਤੋਂ ਵੀ ਮਹੱਤਵਪੂਰਨ ਕਿਸੇ ਬਾਹਰਲੇ ਪਿੰਡ ਤੋਂ ਢੁੱਡੀਕੇ ਹਸਪਤਾਲ 'ਚ ਨਰਸ ਦੀ ਡਿਊਟੀ ਕਰਦੀ ਅਤੇ ਢੁੱਡੀਕੇ ਵਿਖੇ ਹੀ ਕਿਰਾਏ ਦੇ ਮਕਾਨ 'ਚ ਰਹਿੰਦੀ ਨਰਸ ਨਾਲ ਹੋਈ ਗੁੰਡਾਗਰਦੀ ਵਿਰੁੱਧ ਘੋਲ ਜਿਸ ਦੀ ਕਾਮਰੇਡ ਅਵਤਾਰ ਢੁੱਡੀਕੇ ਨੇ ਸੁਚੱਜੀ ਅਤੇ ਬੇਖੌਫ਼ ਅਗਵਾਈ ਕੀਤੀ। ਇਸ ਘਟਨਾ ਕਾਰਨ ਹੀ ਗੁੰਡੇ 'ਸੀਤੇ' (ਘੁੱਲੇ ਕੇ ਪਰਿਵਾਰ) ਜਿਸ ਦਾ ਸਬੰਧ ਉਪਰੋਕਤ ਗੁੰਡਾਗਰਦੀ ਵਾਲੀ ਢਾਣੀ ਨਾਲ ਸੀ, ਨੇ ਆਪਣੇ ਗੁੰਡੇ ਸਾਥੀ 'ਕਾਲੇ' ਨਾਲ ਮਿਲਕੇ ਬਾਈ ਅਵਤਾਰ ਨੂੰ ਕਤਲ ਕੀਤਾ ਗਿਆ। ਸ਼ਹੀਦ ਕਾਮਰੇਡ ਅਵਤਾਰ ਢੁੱਡੀਕੇ ਨੂੰ ਸ਼ਹਾਦਤ ਦਾ ਮਹਾਨ ਰੁਤਬਾ ਮਿਲ ਗਿਆ।

25 ਜੁਲਾਈ 1983 ਸ਼ਾਮ ਦੇ ਲਗਭਗ ਪੰਜ ਵਜੇ ਦੇ ਕਰੀਬ ਜਦੋਂ ਕਾਮਰੇਡ ਅਵਤਾਰ ਢੁੱਡੀਕੇ ਕੋਕਰੀ ਕਲਾਂ ਪਿੰਡ ਤੋਂ ਆਪਣੀ ਡਾਕ ਵਿਭਾਗ ਦੀ ਡਿਊਟੀ ਕਰਕੇ ਪਿੰਡ ਪਰਤ ਰਹੇ ਸੀ, ਤਾਂ ਰਸਤੇ 'ਚ ਹੀ ਕੋਕਰੀ ਕਲਾਂ-ਅਜੀਤਵਾਲ ਰੋਡ 'ਤੇ 'ਸੀਤੇ' ਨੇ ਆਪਣੇ ਗੁੰਡੇ ਸਾਥੀ 'ਕਾਲਾ' ਨਾਲ ਮਿਲ ਕੇ ਸਾਥੀ ਅਵਤਾਰ ਨੂੰ ਕਤਲ ਕਰਕੇ ਇਨਕਲਾਬੀ ਲਹਿਰ ਨਾਲ ਗਲਵੱਡਵੀਂ ਦੁਸ਼ਮਣੀ ਦਾ ਮੁੱਢ ਬੰਨ੍ਹ ਦਿੱਤਾ।

ਸ਼ੋਕ ਸਮਾਗਮ ਸਮੇਂ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਢੁੱਡੀਕੇ ਵਲੋਂ ਸ਼ਹੀਦ ਕਾਮਰੇਡ ਅਵਤਾਰ ਢੁੱਡੀਕੇ ਦੀ ਜੀਵਨ ਸਾਥਣ ਭੈਣ ਸੁਰਿੰਦਰ ਕੌਰ ਢੁੱਡੀਕੇ ਨੂੰ ਲਾਲ ਝੰਡਾ ਭੇਟ ਕੀਤਾ ਗਿਆ ਜੋ ਇਸ ਗੱਲ ਦਾ ਪ੍ਰਤੀਕ ਸੀ ਕਿ ਭੈਣ ਸੁਰਿੰਦਰ ਆਪਣੇ ਸ਼ਹੀਦ ਹੋ ਚੁੱਕੇ ਜੀਵਨ ਸਾਥੀ ਦੇ ਅਧੂਰੇ ਕਾਜ ਨੂੰ ਪੂਰਾ ਕਰਨ ਦਾ ਅਹਿਦ ਕਰਨ। ਭੈਣ ਸੁਰਿੰਦਰ ਢੁੱਡੀਕੇ ਨੇ ਲਾਲ ਝੰਡੇ ਆਪਣੇ ਹੱਥਾਂ 'ਚ ਸੰਭਾਲਦਿਆਂ ਸਟੇਜ ਤੋਂ ਆਪਣੇ ਜੀਵਨ ਸਾਥੀ ਦੇ ਦਰਸਾਏ ਸੂਹੇ ਮਾਰਗ 'ਤੇ ਚੱਲਣ ਦਾ ਗੌਰਵਮਈ ਅਤੇ ਸ਼ਾਨਮੱਤਾ ਗਰਜਵਾਂ ਐਲਾਨ ਕੀਤਾ। ਭੈਣ ਸੁਰਿੰਦਰ ਨੇ ਆਪਣੇ ਕੀਤੇ ਐਲਾਨ ਨੂੰ ਨਿਭਾਉਣ ਲਈ ਉਸ ਸਮੇਂ ਤੋਂ ਅੱਜ ਤੱਕ ਪਿਛੇ ਮੁੜ ਕੇ ਨਹੀਂ ਦੇਖਿਆ। ਇਨਕਲਾਬੀ ਲਹਿਰ ਵਲੋਂ ਵਿੱਢੇ ਕਿਸੇ ਵੀ ਹੱਕੀ ਘੋਲ ਵਿਚ ਡਟਵਾਂ ਸਾਥ ਦਿੱਤਾ ਅਤੇ ਦੇ ਰਹੇ ਹਨ। ਅੱਜ ਕੱਲ੍ਹ ਭੈਣ ਸੁਰਿੰਦਰ ਔਰਤ ਮੁਕਤੀ ਦੇ ਸੂਬਾ ਕੈਸ਼ੀਅਰ ਦੀ ਇਨਕਲਾਬੀ ਜ਼ਿੰਮੇਵਾਰੀ ਨਿਭਾਅ ਰਹੇ ਹਨ। ਇਸ ਤੋਂ ਬਿਨਾਂ ਸ਼ਹੀਦ ਸਾਥੀ ਅਵਤਾਰ ਢੁੱਡੀਕੇ ਦੇ ਲੜਕੇ ਗੁਰਸ਼ਰਨ ਸਿੰਘ, ਨੂੰਹ ਹਰਪ੍ਰੀਤ ਕੌਰ ਪੋਤੀ ਨਵਕਿਰਨ ਕੌਰ ਜੋ ਅੱਜ ਕੱਲ੍ਹ ਕੈਲਗਰੀ (ਕੈਨੈਡਾ) ਸੈਟਲ ਹਨ, ਪੋਤੀ ਨਵਦੀਪ ਕੌਰ ਅਤੇ ਪੋਤਾ ਹਰਮਨਜੋਤ ਸਿੰਘ 'ਲਵਲੀ' ਇਨਕਲਾਬੀ ਲਹਿਰ ਨਾਲ ਗੂੜ੍ਹਾ ਰਿਸ਼ਤਾ ਰੱਖ ਕੇ ਚਲ ਰਹੇ ਹਨ।

ਮਹੱਤਵਪੂਰਨ ਗੱਲ ਇਹ ਹੈ ਕਿ ਸ਼ਹੀਦ ਸਾਥੀ ਦੇ ਪਰਿਵਾਰ ਨੇ ਸਾਥੀ ਦੀ ਸ਼ਹਾਦਤ ਤੋਂ ਬਾਅਦ ਅਨੇਕਾਂ ਕਸ਼ਟ ਝੱਲੇ। ਉਥੇ 1986 'ਚ ਸ਼ਹੀਦ ਸਾਥੀ ਅਵਤਾਰ ਦੇ ਇਕ ਕਾਤਲ ਗੁੰਡੇ 'ਕਾਲੇ' ਨੂੰ ਕਿਸੇ ਗੁਰੀਲਾ ਟੁਕੜੀ ਨੇ ਗੱਡੀ ਚੜ੍ਹਾ ਦਿੱਤਾ ਸੀ ਉਸ ਤੋਂ ਬਾਅਦ 1996 'ਚ ਫਿਰ ਕਿਸੇ ਗੁਰੀਲਾ ਟੁਕੜੀ ਨੇ ਸਾਥੀ ਦੇ ਦੂਜੇ ਕਾਤਲ 'ਸੀਤਾ' 'ਤੇ ਪਿੰਡ ਢੁੱਡੀਕੇ ਦੇ ਬੱਸ ਅੱਡੇ 'ਚ ਹੀ ਕਾਤਲਾਨਾ ਹਮਲਾ ਕਰ ਕੇ 'ਸੀਤੇ' ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਸੀ, ਦੋਨਾਂ ਘਟਨਾਵਾਂ 'ਚ ਪਰਿਵਾਰ ਨੂੰ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਸਗੋਂ 'ਸੀਤੇ' 'ਤੇ ਹੋਏ ਹਮਲੇ ਦਾ ਝੂਠਾ ਇਰਾਦਾ ਕਤਲ ਦਾ ਕੇਸ ਕਾਮਰੇਡ ਦੇ ਲੜਕੇ ਗੁਰਸ਼ਰਨ ਸਿੰਘ ਅਤੇ ਹੋਰ ਸਾਥੀਆਂ 'ਤੇ ਪੈ ਗਿਆ। ਪਰ ਸ਼ਹੀਦ ਸਾਥੀ ਦਾ ਪਰਿਵਾਰ ਕਿਸੇ ਵੀ ਮੁਸ਼ਕਿਲ ਸਮੇਂ ਨਾ ਹੀ ਘਬਰਾਇਆ ਅਤੇ ਨਾ ਹੀ ਡਰਿਆ, ਸਗੋਂ ਹੋਰ ਤਕੜੇ ਹੋ ਕੇ ਇਨਕਲਾਬੀ ਲਹਿਰ ਦਾ ਸਾਥ ਦਿੱਤਾ ਤੇ ਇਨਕਲਾਬੀ ਜ਼ਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਇਆ।

ਅੱਜ ਕਾਮਰੇਡ ਅਵਤਾਰ ਢੁੱਡੀਕੇ ਦੇ 31ਵੇਂ ਸ਼ਹੀਦੀ ਸਮਾਗਮ ਤੇ ਲੋਕ ਸੰਗਰਾਮ ਮੰਚ (ਪੰਜਾਬ), ਔਰਤ ਮੁਕਤੀ ਮੰਚ (ਪੰਜਾਬ) ਅਤੇ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਜਥੇਬੰਦੀਆਂ ਵਲੋਂ ਸ਼ਹੀਦ ਸਾਥੀ ਅਵਤਾਰ ਨੂੰ ਸੱਚੀ ਸ਼ਰਧਾਂਜਲੀ ਭੇਂਟ ਕਰਦਿਆਂ ਇਸ ਲੁਟੇਰੇ ਰਾਜ ਪ੍ਰਬੰਧ ਦਾ ਫਸਤਾ ਵੱਢਣ ਕੇਂਦਰ 'ਤੇ ਰਾਜ ਸਰਕਾਰਾਂ ਵਲੋਂ ਇਸ ਲੁਟੇਰੇ ਪ੍ਰਬੰਧ ਦੀ ਰਾਖੀ ਲਈ ਘੜੇ ਜਾ ਰਹੇ ਕਾਲੇ ਕਾਨੂੰਨਾਂ ਦਾ ਵਿਰੋਧ ਕਰਨ ਲਈ ਲੋਕਾਂ ਨੂੰ ਲਾਮਬੰਦ ਹੋਣ ਅਤੇ ਖਾੜਕੂ ਜਦੋਜਹਿਦਾਂ ਦੇ ਰਾਹ ਪੈਣ ਦਾ ਸੰਦੇਸ਼ ਦਿੱਤਾ ਗਿਆ।

**ਬਿੱਕਰ ਚੂਹੜ ਚੱਕ**
**ਇਲਾਕਾ ਆਗੂ ਲੋਕ ਸੰਗਰਾਮ ਮੰਚ (ਪੰਜਾਬ)**
99142-59211

S. Mehanga Singh Saraf
M.S. Int. Jewellers Inc.
22Kt./24kt. Gold Jewellery
CASH FOR GOD
CASH FOR DIAMOND
& CASH FOR PLATINUM

DIAMONDS

14K, 18K Yellow & White Gold, Platinum Jewellery
905-6771-9934
2985 DREW RD, UNIT #116, MISSISSAUGA

Commitment to Excellent Services
Punjab Insurance Inc
Pii Punjab Insurance Inc
Punjab Insurance Inc
Your Insurance Advisor
Super Visa Insurance
Disability Insurance | Life Insurance| Critical Illness Insurance|
Mortgage Insurance Segregated Funds| RRSP & TFSA | RESP|
Email : dharbans@hotmail.com www.numberoneinsurance.ca

Harbans Singh
416-817-7142

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਪੈਸਟੀਸਾਈਡਜ਼ ਦੇ ਮਨੁੱਖ ਤੇ ਪ੍ਰਭਾਵ ਅਤੇ ਔਰਗੈਨਿਕ ਖੇਤੀ ਤੇ ਲੈਕਚਰ

ਮਾ: ਭਜਨ ਕੈਲਗਰੀ

ਅੱਜ ਇੱਥੇ ਕੋਸੋ ਹਾਲ ਵਿਖੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਪੈਸਟੀਸਾਈਡਜ਼ ਦੇ ਮਨੁੱਖ ਤੇ ਪ੍ਰਭਾਵ ਅਤੇ ਔਰਗੈਨਿਕ ਖੇਤੀ ਬਾਰੇ ਲੈਕਚਰ ਕਰਵਾਇਆ ਗਿਆ। ਮੁੱਖ ਬੁਲਾਰੇ ਡਾ: ਤਰਲੋਚਨ ਸਿੰਘ, ਹਿਸਾਰ ਐਗਰੀਕਲਚਰਲ ਯੂਨੀਵਰਸਿਟੀ ਦੇ ਰੀਟਾਇਰਡ ਪ੍ਰੋਫੈਸਰ ਹਨ। ਉਨ੍ਹਾਂ ਨੇ ਸਲਾਈਡ ਸ਼ੋਅ ਰਾਹੀਂ ਉਪਰੋਕਤ ਵਿਸ਼ੇ ਸਬੰਧੀ ਅੰਕੜਿਆਂ ਭਰਪੂਰ ਵਿਸਥਾਰਤ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ।

ਡਾ: ਸਾਹਿਬ ਨੇ ਕਿਹਾ ਕਿ ਖੇਤੀਬਾੜੀ ਵਿੱਚ ਕੀੜੇ ਮਾਰ ਦਵਾਈਆਂ (Pesticides) ਦੀ ਵਰਤੋਂ 1950 ਤੋਂ ਬਾਅਦ ਸ਼ੁਰੂ ਹੋਈ। ਇਨ੍ਹਾਂ ਦਵਾਈਆਂ ਦੀ ਵਰਤੋਂ ਕਾਰਨ ਕੀੜੇ ਮਕੌੜੇ, ਬੀਮਾਰੀਆਂ ਅਤੇ ਨਦੀਨਾਂ ਉੱਤੇ ਕੰਟਰੋਲ ਹੋਣ ਕਾਰਨ ਸੰਸਾਰ ਵਿਆਪੀ ਅੰਨ ਦੀ ਪੈਦਾਵਾਰ ਵਿੱਚ 3-15 ਗੁਣਾ ਵਾਧਾ ਹੋਇਆ। ਲੇਕਿਨ ਦੂਸਰੇ ਪਾਸੇ ਇਨ੍ਹਾਂ ਰਸਾਇਣਾਂ ਦੀ ਕੁਵਰਤੋਂ ਕਾਰਨ ਪਰਿਆਵਰਣ ਅਤੇ ਖਾਣ ਪੀਣ ਵਾਲੀਆਂ ਚੀਜ਼ਾਂ ਦੀ ਪ੍ਰਦੂਸ਼ਤਾ ਸੰਸਾਰ ਵਿਆਪੀ ਹੋ ਗਈ। ਇਨ੍ਹਾਂ ਬੁਰੇ ਪ੍ਰਭਾਵਾਂ ਕਾਰਨ ਇੱਕ ਨਵੀਂ ਫਿਲਾਸਫੀ (Philosophy) ਦਾ ਜਨਮ ਹੋਇਆ ਜਿਸ ਨੂੰ ਔਰਗੈਨਿਕ ਖੇਤੀ (Organic Agriculture) ਕਹਿੰਦੇ ਹਨ। ਇਸ ਵਿਧੀ ਵਿੱਚ ਕਿਸੇ ਵੀ ਖ਼ਾਦ ਜਾਂ ਕੀਟਨਾਸ਼ਕ ਦੀ ਵਰਤੋਂ ਦੀ ਮਨਾਹੀ ਹੁੰਦੀ ਹੈ। ਕੇਵਲ ਕੁਦਰਤੀ ਢੰਗ ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਪਰੰਤੂ ਔਰਗੈਨਿਕ ਖੇਤੀ ਦਾ ਝਾੜ ਰਵਾਇਤੀ ਖੇਤੀ ਨਾਲੋਂ 55-80% ਘੱਟ ਹੁੰਦਾ ਹੈ। ਇਸ ਕਰਕੇ ਵੱਧਦੀ ਅਬਾਦੀ ਵਾਸਤੇ ਇਹ ਤਰੀਕਾ ਲੋੜਬੱਧ ਅੰਨ ਪੈਦਾ ਕਰਨ ਦੇ ਅਸਮਰੱਥ ਹੈ ।

ਉਨ੍ਹਾਂ ਦੱਸਿਆ ਕਿ ਭਾਰਤ ਵਿੱਚ ਕੀੜੇ ਮਾਰ ਦਵਾਈਆਂ ਦੀ ਵਰਤੋਂ 250 ਗ੍ਰਾਮ ਪ੍ਰਤੀ ਹੈਕਟੇਅਰ ਹੈ ਜਦੋਂ ਕਿ ਵਿਕਸਤ ਦੇਸ਼ਾਂ ਵਿੱਚ 3-6 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਹੈ। FAO ਦੇ ਸਰਵੇਖਣ ਮੁਤਾਬਕ ਅਜੋਕੀ 7 ਅਰਬ ਅਬਾਦੀ 2050 ਤੱਕ 9 ਅਰਬ ਹੋ ਜਾਵੇਗੀ। ਇਸ ਵਾਸਤੇ 2.3 ਅਰਬ ਟਨ ਅਨਾਜ ਦੀ ਲੋੜ ਵਧ ਕੇ 4 ਅਰਬ ਟਨ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਹਰ ਅਮਰੀਕਾ ਵਾਸੀ ਅਪਣੇ ਸਰੀਰ ਵਿੱਚ 13 ਕੀਟਨਾਸ਼ਕ ਅਤੇ ਹਰ ਪੰਜਾਬੀ 15 ਕੀਟਨਾਸ਼ਕ ਲਈ ਫਿਰਦਾ ਹੈ। ਇੱਥੋਂ ਤੱਕ ਕਿ ਔਰਤਾਂ ਦੇ ਦੁੱਧ ਵਿੱਚ ਵੀ ਇਨ੍ਹਾਂ ਦਵਾਈਆਂ ਦੇ ਅੰਸ਼ ਮਿਲਦੇ ਹਨ। ਡਾ. ਸਾਹਿਬ ਨੇ ਫੌਰੀ ਸਿੱਟਾ ਕੱਢਦਿਆਂ ਕਿਹਾ ਕਿ ਫਲ਼ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋਣ, ਪੱਤੇਦਾਰ ਸਬਜ਼ੀਆਂ ਦੇ ਛਿਲਕੇ ਉਤਾਰਨ ਅਤੇ ਉਬਾਲਣ ਨਾਲ ਇਸ ਮਾਰੂ ਅਸਰ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਪਰੰਤੂ ਪੱਕੇ ਅਤੇ ਚਿਰ ਸਥਾਈ ਹੱਲ ਲਈ ਸੰਸਾਰ ਭਰ ਦੇ ਲੋਕਾਂ ਨੂੰ ਇਸ ਗੰਭੀਰ ਸਮੱਸਿਆ 'ਤੇ ਕਾਬੂ ਪਾਉਣ ਲਈ ਅੱਗੇ ਆਉਣਾ ਪਵੇਗਾ ਤਾਂ ਹੀ ਮਾਰੂ ਜ਼ਹਿਰਾਂ ਤੇ ਪ੍ਰਦੂਸ਼ਤਾ ਨੂੰ ਰੋਕਿਆ ਜਾ ਸਕੇਗਾ।

ਡਾ. ਸਾਹਿਬ ਦੇ ਲੈਕਚਰ ਅਤੇ ਸਲਾਈਡ ਸ਼ੋਅ ਨੂੰ ਸੂਝਵਾਨ ਤਜਰਬੇਕਾਰ ਸਰੋਤਿਆਂ ਨੇ ਬੜੀ ਰੀਝ ਨਾਲ ਸੁਣਿਆ। ਕਾ. ਤਰਲੋਚਨ ਦੂਹਰਾ, ਸੁਰਜੀਤ ਸਿੰਘ ਡੋਡ, ਮਨਜੀਤ ਸਿੰਘ ਗਿੱਲ, ਪਰਮਿੰਦਰ ਸਿੰਘ ਗਰੇਵਾਲ, ਗੁਰਬਚਨ ਸਿੰਘ ਬਰਾੜ, ਮਾ. ਬਚਿੱਤਰ ਸਿੰਘ ਗਿੱਲ ਅਤੇ ਸੁਰਜੀਤ ਸਿੰਘ ਹੇਅਰ ਆਦਿ ਨੇ ਬੜੇ ਗੰਭੀਰ ਸੁਆਲ ਪੁੱਛੇ ਅਤੇ ਡਾ. ਸਾਹਿਬ ਨੇ ਸਾਰਿਆਂ ਸੁਆਲਾਂ ਦਾ ਆਪਣੇ ਨਜ਼ਰੀਏ ਤੋਂ ਜੁਆਬ ਦਿੱਤਾ। ਸਟੇਜ ਸੰਚਾਲਨ ਕਰ ਰਹੇ ਮਾਸਟਰ ਭਜਨ ਸਿੰਘ ਨੇ ਕਿਹਾ ਕਿ ਕਿਸੇ ਵੀ ਮਸਲੇ ਤੇ ਹਰੇਕ ਦਾ ਆਪਣਾ-ਆਪਣਾ ਨਜ਼ਰੀਆ ਹੈ। ਵੱਖ-ਵੱਖ ਵਿਚਾਰ ਆਉਣੇ ਚੰਗੇ ਸੰਕੇਤ ਦਿੰਦਾ ਹੈ। ਬਹਿਸ ਜਾਰੀ ਰਹਿਣੀ ਚਾਹੀਦੀ ਹੈ ਤਾਂ ਹੀ ਚੰਗੇ ਸਿੱਟੇ ਨਿਕਲ ਸਕਦੇ ਹਨ।

ਜਸਪਾਲ ਸਿੰਘ ਕੰਗ ਨੇ ਅਕਾਲ ਫਿਊਨਲ ਹੋਮ ਬਾਰੇ ਜਾਣਕਾਰੀ ਸਾਂਝੀ ਕੀਤੀ। ਡੋਨੇਟ ਔਰਗਨਜ਼ ਕੈਲਗਰੀ ਮੁਹਿੰਮ ਦੇ ਸੰਚਾਲਕ ਹਿਰਦੇਪਾਲ ਸਿੰਘ ਨੇ ਅੰਗ ਦਾਨ ਅਤੇ ਮਰਨ ਉਪਰੰਤ ਸਰੀਰ ਦਾਨ ਕਰਨ ਸਬੰਧੀ ਜਾਣਕਾਰੀ ਦਿੱਤੀ। ਹਰਨੇਕ ਬੱਧਨੀ ਦੀ ਪਲੇਠੀ ਕਹਾਣੀਆਂ ਦੀ ਕਿਤਾਬ, ਅਜੀਬ ਰਿਸ਼ਤਾ, ਅਗਲੇ ਸ਼ਨੀਵਾਰ ਕੋਸੋ ਹਾਲ ਵਿਖੇ ਹੀ ਅਰਪਨ ਲਿਖਾਰੀ ਸਭਾ ਦੀ ਮੀਟਿੰਗ ਵਿੱਚ ਰਿਲੀਜ਼ ਕੀਤੀ ਜਾਵੇਗੀ।

ਅਜਮੇਰ ਰੰਧਾਵਾ, ਰਣਜੀਤ ਸਿੰਘ ਚਾਨਾ, ਮਾਸਟਰ ਬਚਿੱਤਰ ਗਿੱਲ, ਸੁਰਜੀਤ ਸਿੰਘ ਪੰਨੂੰ ਅਤੇ ਹਰਨੇਕ ਬੱਧਨੀ ਨੇ ਗੀਤਾਂ, ਰੁਬਾਈਆਂ, ਗਜ਼ਲਾਂ ਆਦਿ ਨਾਲ ਹਾਜ਼ਰੀ ਲਗਵਾਈ।

## ਕਾਮਾਗਾਟਾ ਮਾਰੂ ਸ਼ਤਾਬਦੀ ਸਬੰਧੀ ਨਾਟਕ 30 ਅਗਸਤ ਨੂੰ ਕੈਲਗਰੀ ਵਿੱਚ

ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਿਤ 5ਵਾਂ ਤਰਕਸ਼ੀਲ ਸੱਭਿਆਚਾਰਕ ਨਾਟਕ ਸਮਾਗਮ 30 ਅਗਸਤ ਸ਼ਨੀਵਾਰ ਬਾਅਦ ਦੁਪਹਿਰ ਸੇਟ ਕਾਲਜ ਦੇ ਆਰਫੀਅਸ ਥੀਏਟਰ ਵਿੱਚ ਹੋਵੇਗਾ। ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ ਲੋਕ ਕਲਾ ਮੰਚ ਮੁੱਲਾਂਪੁਰ ਦੇ ਡਾਇਰੈਕਟਰ ਤੇ ਲੇਖਕ ਹਰਕੇਸ਼ ਚੌਧਰੀ ਅਤੇ ਸੁਰਿੰਦਰ ਸ਼ਰਮਾ ਵਿਸ਼ੇਸ਼ ਤੌਰ 'ਤੇ ਪੰਜਾਬ ਤੋਂ ਪਹੁੰਚ ਰਹੇ ਹਨ। ਇੱਕ ਨਾਟਕ ਕਾਮਾਗਾਟਾ ਮਾਰੂ ਦੀ ਘਟਨਾ ਦੇ 100 ਸਾਲ ਬਾਅਦ ਕੈਨੇਡਾ ਵਿੱਚ ਹੋਈਆਂ ਤਬਦੀਲੀਆਂ ਬਾਰੇ ਹੋਵੇਗਾ। ਦੂਜਾ ਨਾਟਕ ਟੋਆ, ਬੱਚਿਆਂ ਦੀਆਂ 2 ਕੋਰਿਓਗਰਾਫੀਆਂ ਅਤੇ ਐਕਸ਼ਨ ਗੀਤ ਹੋਣਗੇ। ਪ੍ਰੈੱਸ ਅਤੇ ਮੀਡੀਏ ਨੂੰ ਇਹ ਜਾਣਕਾਰੀ ਦਿੰਦਿਆਂ ਮਾਸਟਰ ਭਜਨ ਸਿੰਘ ਜਨਰਲ ਸਕੱਤਰ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਨੇ ਦੱਸਿਆ ਕਿ ਨਾਟਕਾਂ ਦੀ ਤਿਆਰੀ ਅਤੇ ਹੋਰ ਮਸਲਿਆਂ ਸਬੰਧੀ ਅਗਲੀ ਮੀਟਿੰਗ ਅਗਸਤ ਦੇ ਪਹਿਲੇ ਐਤਵਾਰ 2 ਵਜੇ ਕੋਸੋ ਹਾਲ ਵਿਖੇ ਹੋਵੇਗੀ। ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨੂੰ 403-455-4220 ਜਾਂ ਜਤਿੰਦਰ ਸਵੈਚ ਨੂੰ 403-903-5601 ਉੱਤੇ ਸੰਪਰਕ ਕਰੋ ।






STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
100% Satisfaction Guarantee
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

CHERA IMMIGRATION CONSULTANCY SERVICES
22 Years of Service
Specializing in:
• Appeals • Admissibility Hearings
• H&C Cases • Super Visa / Affidavits/ Declarations
• PRRA Appeals • Skilled Workers
• Sponsorships • Citizenship Matters
• Refugee Claims • Work/Study Permits
Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com
WE PROVIDE ALL IMMIGRATION AND CITIZENSHIP SERVICES.
2355 Derry Rd. E. Unit # 35 Skyport Corporate Centre Mississauga, ON. L5S 1V6

AVTAR SINGH KAMBOJ
Real Estate Representative
Dir: 416-319-9830
Email: akamboj@trebnet.com
Sutton
Residential, Commercial & Investment
SUTTON-ROYAL REALTY BROKERAGE
INDEPENDENTLY OWNED AND OPERATED
45 Woodbine Downs Blvd., #3
Toronto, Ontario M9W 6N5
Bus: 416-748-7900 Fax: 416-674-1682





Brampton Crematorium & Visitation Centre Inc
www.BcVc.info
Brampton Crematorium & Visitation Centre
30 Bramwin Court, Brampton, ON, L6T 5A9
* ਸਾਰੀ ਰਸਮ ਇੱਕੋ ਛੱਤ ਹੇਠ ਹੋਵੇਗੀ
* ਤਜਰਬੇਕਾਰ ਅਤੇ ਪੇਸ਼ਾਵਰ ਫਿਊਨਰਲ ਡਾਇਰੈਕਟਰ
* 27 ਹਜ਼ਾਰ ਸੁਕੇਅਰ ਫੁੱਟ
* 5 ਵਿਜ਼ਿਟੇਸ਼ਨ ਹਾਲ
* ਵੈਬਕੈਮ ਸੁਵਿਧਾਵਾਂ
ਫਿਊਨਰਲ ਹੋਮ
24/7 Service Available
Inderjit S. Bal
416-666-7655
Tel: 905-458-2222


Velocity
Colission
Complete truck - auto body repair & electrical centre
Tel: 905.673.7878
7120 Tranmere Drive
Fax: 905.673.7876
Mississauga, ON L5S 1L9
Cell: 416.817.5760


Varun Mehra
Sales Representative
cell: 416.833.2162
email: varun.m.mehra@gmail.com
web: www.properties2profit.com
Century 21
Millennium Inc.
Brokerage*
Commercial
Residential
Investment properties
We fulfill your dreams!


Sharda Wellness Center
Homoepath Sharda
President, Homeopathic Medical Council of Canada
Panel of Doctors, Indian Consulate
(416) 727-9199
Email : ranvirsharda@gmail.com
77701 Airport Road, Suite 200
(NORTH EAST CORNER OF AIRPORT & DERRY ROAD
(GREEN PLAZA, MALTON, MISSISSAUGA ON L4T 4J3


Century 21
Buy Green, Build Green
...Save Environment
Century 21 Green Realty Inc., Brokerage
Each Office is independently owned and operated
Sohan Mann
Sales Representative
Dir. 416 - 564 - 1699
Off. 905 - 565 - 9565
Fax: 905 - 565 - 9522
Email: sohanmann@hotmail.com
151 Super Blvd. Unit 19-21, Mississauga, ON, L5T 2L1


Rush Lube Inc.
Complete Truck Repairs & Truck
Wash with Drive Thru Truck Services
Jaskaranjit Singh (Jas)
TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1


GILL
Truck & Trailer Repair
and Mobile Service
OPEN 7 DAYS
A WEEK
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com
Inderjit Gill
Heavy Duty Truck & Trailer
Mechanic


WE GETTHINGS DONE
Metro Immiaration
(Division of Metro Legal & Immigration Inc.)
*Family Sponsorship *Spousal *Super Visa *Visitor Visa
*Skilled Workers *Investors *PNP *Nannies *Business
Applicants *Student Visa *Work Permits (LMO) *Appeals
Head Office : 2355 Derry Rd. E *#12 Miss. *ON *L551V6
*905-673-1200 *1-800-694-133 India Office : 98148-66633
*Brampotn : 905-794-6003 *Toronto : 416-840-7554
*info@metroimmigration.com
*www.metroimmigration.com *www.metroimmigration.org
Suresh Gupta
Certified Immigration
Practitioner (RCIC)

# ਦਿਸਹੱਦਿਆਂ ਤੋਂ ਪਾਰ ਵਾਲਾ ਨਜ਼ਰੀਆ







**ਵਰਿੰਦਰ ਵਾਲੀਆ**

ਮੋਰਚੇ ਨਾ ਸੰਭਾਲੇ ਜਾਣ ਤਾਂ ਬਰਛੇ ਅਤੇ ਬੁਰਛੇ ਬਾਹਰ ਆ ਜਾਂਦੇ ਹਨ। ਸ਼ਾਂਤੀ ਵਿਧਵਾ ਹੋ ਜਾਵੇ ਤਾਂ ਕਾਲੇ ਦੌਰ ਦਾ ਆਗਾਜ਼ ਹੁੰਦਾ ਹੈ। ਸਮੇਂ ਦੀ ਨਬਜ਼ ਪਛਾਣਨ ਵਾਲੇ ਖ਼ੂਨੀ ਟਕਰਾਅ ਤੋਂ ਬਚਣ ਲਈ ਕੋਈ ਨਾ ਕੋਈ ਤਰਕੀਬ ਕੱਢ ਲੈਂਦੇ ਹਨ।

ਹਰਿਆਣੇ ਲਈ ਵੱਖਰੀ ਗੁਰਦੁਆਰਾ ਕਮੇਟੀ ਦੇ ਮੁੱਦੇ ਨੂੰ ਲੈ ਕੇ ਸਿੱਖਾਂ ਵਿੱਚ ਪੈਦਾ ਹੋ ਰਹੇ ਸੰਭਾਵੀ ਟਕਰਾਅ ਨੂੰ ਰੋਕਣ ਲਈ ਜਥੇਦਾਰ ਅਕਾਲ ਤਖ਼ਤ ਵੱਲੋਂ ਕੀਤੀ ਗਈ ਅਪੀਲ ਦੇਰ ਨਾਲ ਲਿਆ ਗਿਆ ਦਰੁਸਤ ਕਦਮ ਕਿਹਾ ਜਾ ਸਕਦਾ ਹੈ। ਅਕਾਲ ਤਖ਼ਤ ਨੇ ਭਰਾ-ਮਾਰੂ ਜੰਗ ਨੂੰ ਰੋਕਣ ਲਈ ਅੰਮ੍ਰਿਤਸਰ ਅਤੇ ਕਰਨਾਲ ਵਿੱਚ ਹੋਣ ਵਾਲੀਆਂ ਕਨਵੈਨਸ਼ਨਾਂ 'ਤੇ ਰੋਕ ਲਾਉਣ ਦਾ ਹੁਕਮ ਸੁਣਾਇਆ ਹੈ। ਜਥੇਦਾਰ ਨੇ ਇਹ ਵੀ ਕਿਹਾ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਸਾਰੀਆਂ ਸਬੰਧਿਤ ਧਿਰਾਂ ਨਾਲ ਮਿਲ-ਬੈਠ ਕੇ ਇਸ ਵਿਸਫੋਟਕ ਮੁੱਦੇ ਦਾ ਕੋਈ ਨਾ ਕੋਈ ਢੁਕਵਾਂ ਹੱਲ ਕੱਢਣ ਲਈ ਯਤਨਸ਼ੀਲ ਹੋਣਗੇ। ਕਾਸ਼! ਪੰਥ 'ਚੋਂ ਛੇਕਣ ਵਰਗੇ ਕਾਹਲੀ ਨਾਲ ਲਏ ਗਏ ਫ਼ੈਸਲਿਆਂ ਤੋਂ ਪਹਿਲਾਂ ਹੀ ਅਜਿਹੀ ਸੁਖਦ ਪਹਿਲਕਦਮੀ ਕੀਤੀ ਗਈ ਹੁੰਦੀ ਤਾਂ ਅਜਿਹੀ ਨੌਬਤ ਆਉਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੋਣਾ। ਸ਼ਬਦਾਂ ਦੀ ਚਾਂਦਮਾਰੀ ਨਾਲ ਮਸਲੇ ਸੁਲਝਣ ਦੀ ਬਜਾਏ ਹੋਰ ਉਲਝ ਜਾਂਦੇ ਹਨ। ਨਿੱਕੀ ਜਿਹੀ ਚਿਣਗ ਜਾਂ ਚੰਗਿਆੜੀ ਨਾਲ ਭਾਂਬੜ ਮਚ ਜਾਂਦੇ ਹਨ। ਮੁੱਦਾਹੀਣ ਪਾਰਟੀਆਂ ਨੂੰ ਮੁੱਦਾ ਮਿਲ ਜਾਂਦਾ ਹੈ। ਕੌਮ 'ਤੇ ਭੀੜ ਬਣ ਜਾਵੇ ਤਾਂ ਜਜ਼ਬਾਤੀ ਲੋਕ ਭੀੜ ਦਾ ਹਿੱਸਾ ਬਣ ਜਾਂਦੇ ਹਨ। ਕਈ ਮੌਕਾ-ਸ਼ਨਾਸ ਗਰਮਦਲੀਏ ਨੇਤਾ ਗਰਮੀਆਂ ਵਿੱਚ ਗਰਮ ਨਾਅਰੇ ਮਾਰਨ ਤੋਂ ਬਾਅਦ ਗਰਮੀਆਂ ਕੱਟਣ ਲਈ ਪਹਾੜਾਂ 'ਤੇ ਚੜ੍ਹ ਜਾਂਦੇ ਹਨ। ਭੀੜ ਵੇਲੇ ਭੀੜ 'ਚੋਂ ਨਿਕਲਣ ਦਾ ਉਨ੍ਹਾਂ ਪਹਿਲਾਂ ਹੀ ਰਾਹ ਰੱਖਿਆ ਹੁੰਦਾ ਹੈ। ਅਜਿਹੀ ਕੌਮੀ ਪੀੜਾ ਦਾ ਤਰਜਮਾ ਕਰਨ ਲਈ ਪੈਂਤੀ-ਅੱਖਰੀ ਕੀ ਬਾਵਨ-ਅੱਖਰੀ ਵੀ ਅਧੂਰੀ ਜਾਪਦੀ ਹੈ। ਨੇਤਾਵਾਂ ਦਾ ਅਭਿਨੈ ਸੁਰਖ਼ੀਆਂ ਬਟੋਰਦਾ ਹੈ ਪਰ ਆਮ ਆਦਮੀ ਨੂੰ ਇਤਿਹਾਸ ਦੇ ਹਾਸ਼ੀਏ 'ਤੇ ਵੀ ਜਗ੍ਹਾ ਨਹੀਂ ਮਿਲਦੀ। ਗਿਣਤੀ ਵਧ ਜਾਂਦੀ ਹੈ ਤਾਂ ਸ਼ਹੀਦਾਂ ਦੇ ਨਾਂ ਗਿਣਨੇ ਵੀ ਮੁਸ਼ਕਲ ਹੋ ਜਾਂਦੇ ਹਨ। ਕੁਰਬਾਨੀਆਂ ਕਰਨ ਵਾਲੇ ਬੇਨਾਮ ਜਿਉੜਿਆਂ ਨੂੰ ਅਰਦਾਸ ਵਿੱਚ 'ਸ਼ਹੀਦਾਂ-ਮੁਰੀਦਾਂ' ਦੇ ਨਾਂ ਨਾਲ ਜ਼ਰੂਰ ਯਾਦ ਕੀਤਾ ਜਾਂਦਾ ਹੈ। ਇੱਕ ਸਮਾਂ ਸੀ ਜਦੋਂ ਸ਼ਹਾਦਤ ਦੇਣ ਲਈ ਚਾਅ ਚੜ੍ਹ ਜਾਂਦਾ ਸੀ। ਧਰਮ ਹੇਤ ਸੀਸ ਦੇਣ ਵਾਲਿਆਂ ਨੂੰ ਅਮਰ ਸਮਝਿਆ ਜਾਂਦਾ ਸੀ। ਵੱਡੇ-ਵਡੇਰਿਆਂ ਦੀ ਵਾਰਤਾ ਲੋਕ-ਵਾਰਤਾ ਬਣ ਜਾਂਦੀ ਸੀ - ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥ ਅੱਜਕੱਲ੍ਹ ਲੋਕ ਚੀਚੀ ਨੂੰ ਖ਼ੂਨ ਲਾ ਕੇ ਆਪਣੇ ਆਪ ਨੂੰ ਸ਼ਹੀਦ ਗਰਦਾਨਦੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੱਲੋਂ ਹਰਿਆਣੇ ਦੀ ਵੱਖਰੀ ਗੁਰਦੁਆਰਾ ਕਮੇਟੀ ਦੇ ਵਿਰੋਧ ਵਿੱਚ ਮੋਰਚਾ ਲਾਉਣ ਤੋਂ ਬਾਅਦ ਸਿਆਸੀ ਮਾਹੌਲ ਪੂਰੀ ਤਰ੍ਹਾਂ ਭਖ ਗਿਆ ਸੀ ਜਿਸ ਤੋਂ ਕੇਂਦਰ ਦੀ ਮੋਦੀ ਸਰਕਾਰ ਵੀ ਚਿੰਤਤ ਸੀ। ਅਕਾਲੀ ਦਲ ਦੀ ਸਿਆਸੀ ਭਾਈਵਾਲ ਭਾਰਤੀ ਜਨਤਾ ਪਾਰਟੀ ਨੇ ਵੀ ਕੇਂਦਰ ਸਰਕਾਰ ਨੂੰ ਮਸ਼ਵਰਾ ਦਿੱਤਾ ਸੀ ਕਿ ਮੋਰਚਾ ਲੱਗਣ ਨਾਲ ਮਾਹੌਲ ਖ਼ਰਾਬ ਹੋ ਸਕਦਾ ਹੈ। ਮੋਦੀ ਸਰਕਾਰ ਨੂੰ ਜਚਾਇਆ ਗਿਆ ਕਿ ਬਾਈ ਸਾਲ ਪਹਿਲਾਂ ਅਕਾਲੀ ਦਲ ਵੱਲੋਂ ਲਗਾਏ ਗਏ 'ਧਰਮ ਯੁੱਧ ਮੋਰਚੇ' ਨੂੰ ਆਖ਼ਰ ਗਰਮਦਲੀਆਂ ਨੇ ਸੰਭਾਲ ਲਿਆ ਸੀ। ਇਸ ਤਰ੍ਹਾਂ 'ਚੰਗੇ ਦਿਨਾਂ' ਦੀ ਬਜਾਏ 'ਮਾੜੇ ਦਿਨ' ਆ ਸਕਦੇ ਹਨ। ਆਮ ਤੌਰ 'ਤੇ ਭਾਜਪਾ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਕਰਨ ਤੋਂ ਕਿਨਾਰਾਕਸ਼ੀ ਕਰਦੀ ਆ ਰਹੀ ਹੈ। ਇਸ ਵਾਰ ਭਾਜਪਾ ਦੇ 'ਚੰਗੇ ਦਿਨ' ਆਉਣ ਕਾਰਨ ਉਹ ਅਕਾਲੀ ਦਲ 'ਤੇ ਠੋਸ ਮਸ਼ਵਰਾ ਠੋਸਣ ਦੀ ਹੈਸੀਅਤ ਰੱਖਦੀ ਹੈ। ਸ਼ਾਂਤੀ ਲਈ ਭਾਜਪਾ ਦੀ ਪੰਜਾਬ ਮਾਮਲਿਆਂ ਬਾਰੇ ਕਮੇਟੀ ਦੇ ਪ੍ਰਧਾਨ ਸ਼ਾਂਤਾ ਕੁਮਾਰ ਅੱਗੇ ਆਏ। ਉਨ੍ਹਾਂ ਨੇ ਸਪਸ਼ਟ ਕਹਿ ਦਿੱਤਾ ਕਿ ਅੰਦੋਲਨ ਨੂੰ ਕਿਵੇਂ ਨਾ ਕਿਵੇਂ ਮੁਲਤਵੀ ਕੀਤਾ ਜਾਣਾ ਚਾਹੀਦਾ ਹੈ। ਭਾਈਵਾਲ ਦੀ ਗੱਲ 'ਤੇ ਗ਼ੌਰ ਨਾ ਕੀਤਾ ਜਾਵੇ ਤਾਂ ਭਾਈਵਾਲੀ ਕਾਹਦੀ? ਅਜਿਹੀ ਸੂਰਤ ਵਿੱਚ ਤੜੱਕ ਕਰ ਕੇ ਟੁੱਟਣ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ। ਸਹਾਰਨਪੁਰ ਵਿੱਚ ਗੁਰਦੁਆਰੇ ਦੀ ਜ਼ਮੀਨ ਦੇ ਵਿਵਾਦ ਨੂੰ ਲੈ ਕੇ ਦੋ ਫ਼ਿਰਕਿਆਂ ਵਿੱਚ ਹੋਈ ਖ਼ੂਨੀ ਝੜਪ ਤੋਂ ਬਾਅਦ ਚਿੰਤਾਵਾਂ ਵਧ ਗਈਆਂ। ਅਕਾਲ ਤਖ਼ਤ ਤੋਂ ਜਾਰੀ ਹੋਏ ਬਿਆਨ ਵਿੱਚ ਕਿਹਾ ਗਿਆ ਹੈ,ਕੌਮ ਵਿੱਚ ਪੈਦਾ ਹੋ ਰਹੇ ਹਾਲਾਤ ਤੋਂ ਅੱਜ ਹਰ ਸਿੱਖ ਚਿੰਤਤ ਨਜ਼ਰ ਆ ਰਿਹਾ ਹੈ। ਅੱਜ ਸਹਾਰਨਪੁਰ ਵਿੱਚ ਜੋ ਵਾਪਰਿਆ ਹੈ ਉਸ ਨੇ ਸਾਡੀ ਚਿੰਤਾ ਨੂੰ ਹੋਰ ਵੀ ਵਧਾਇਆ ਹੈ ਅਤੇ ਕੌਮ ਸਾਹਮਣੇ ਇੱਕ ਹੋਰ ਚੁਣੌਤੀ ਲਿਆ ਖੜੀ ਕੀਤੀ ਹੈ। ਇਹ ਆਦੇਸ਼ ਉਦੋਂ ਆਇਆ ਜਦੋਂ ਹਜ਼ਾਰਾਂ ਅਕਾਲੀ ਵਰਕਰਾਂ ਅਤੇ ਪੰਥਕ ਧਿਰਾਂ ਦੇ ਨੁਮਾਇੰਦਿਆਂ ਨੇ ਅੰਮ੍ਰਿਤਸਰ ਵੱਲ ਪਹਿਲਾਂ ਹੀ ਵਹੀਰਾਂ ਘੱਤ ਦਿੱਤੀਆਂ ਸਨ। ਆਦੇਸ਼ ਮਿਲਣ ਤੋਂ ਬਾਅਦ ਬਹੁਤ ਲੋਕ ਰਾਹ ਵਿੱਚੋਂ ਹੀ ਵਾਪਸ ਪਰਤ ਗਏ। ਜਿਹੜੇ ਪਹਿਲਾਂ ਹੀ ਪੁੱਜ ਚੁੱਕੇ ਸਨ, ਉਨ੍ਹਾਂ 'ਚੋਂ ਕਈਆਂ ਨੇ ਇਸ ਅਵਸਰ ਨੂੰ ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥ਵਜੋਂ ਸਮਝ ਕੇ ਆਪਣਾ ਹਲਤ ਪਲਤ ਸਫ਼ਲਾ ਕਰ ਲਿਆ। ਨਾਲੇ ਪੁੰਨ ਨਾਲੇ ਫਲੀਆਂ!

ਕੁਝ ਵੀ ਹੋਵੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਹਰਿਆਣੇ ਦੀ ਵੱਖਰੀ ਗੁਰਦੁਆਰਾ ਕਮੇਟੀ ਦੇ ਮੁੱਦੇ 'ਤੇ ਸਖ਼ਤ ਸਟੈਂਡ ਲੈ ਕੇ ਅਕਾਲੀ ਦਲ ਦਾ ਸਿੱਖਾਂ ਵਿੱਚ ਅਕਸ ਸੁਧਾਰਨ ਦਾ ਉਪਰਾਲਾ ਕੀਤਾ ਹੈ। ਅਜਿਹੇ ਮੁੱਦਿਆਂ 'ਤੇ ਬਾਦਲ ਸਾਹਿਬ ਬੱਦਲਾਂ ਵਾਂਗ ਛਾ ਜਾਂਦੇ ਹਨ। ਉਨ੍ਹਾਂ ਦੇ ਸਿਆਸੀ ਵਿਰੋਧੀ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਕਹਿਣ ਲੱਗ ਪਏ ਸਨ। ਪੰਥਕ ਸਫ਼ਾਂ ਵਿੱਚ ਲੱਗੇ ਖੋਰੇ ਦਾ ਅਹਿਸਾਸ ਲੋਕ ਸਭਾ ਚੋਣਾਂ ਵੇਲੇ ਜ਼ਰੂਰ ਰੜਕਿਆ ਸੀ। ਬਾਦਲ ਦੇ ਪੈਂਤੜੇ ਤੋਂ ਬਾਅਦ ਕਈ ਤਰ੍ਹਾਂ ਦੀਆਂ ਕਿਆਸ-ਅਰਾਈਆਂ ਲਗਾਈਆਂ ਜਾ ਰਹੀਆਂ ਸਨ। ਖ਼ਿਆਲੀ ਪਤੰਗਬਾਜ਼ੀ ਦੌਰਾਨ ਉਨ੍ਹਾਂ ਦੇ ਵਿਰੋਧੀ ਕਹਿ ਰਹੇ ਸਨ ਕਿ ਇਹ ਬਾਦਲ ਸਾਹਿਬ ਦੀ ਸਿਆਸੀ ਨੌਟੰਕੀ ਹੈ। ਉਨ੍ਹਾਂ ਦੇ ਇੱਕ ਸਲਾਹਕਾਰ ਨੇ ਮੀਡੀਆ ਦੇ ਇੱਕ ਵਰਗ ਨੂੰ ਇਹ ਵੀ ਜਚਾ ਦਿੱਤਾ ਸੀ ਕਿ ਅਕਾਲੀ ਦਲ ਦੀ ਕੋਰ ਕਮੇਟੀ ਵਿੱਚ ਹਰਿਆਣੇ ਦੇ ਮੁੱਦੇ ਨੂੰ ਲੈ ਕੇ ਮੁੱਖ ਮੰਤਰੀ ਬੱਚਿਆਂ ਵਾਂਗ ਰੋਣ ਲੱਗ ਪਏ ਸਨ। ਕਈ ਇਸ ਨੂੰ ਬਾਦਲ ਸਾਹਿਬ ਵੱਲੋਂ ਚਲਾਇਆ ਬ੍ਰਹਮਅਸਤਰ ਸਮਝ ਰਹੇ ਸਨ। ਕਿਆਸ-ਅਰਾਈਆਂ ਦੀ ਪਰਵਾਜ਼ ਬਹੁਤ ਉੱਚੀ ਹੋ ਗਈ ਤੇ ਕਈਆਂ ਨੇ ਸਮਝ ਲਿਆ ਕਿ ਬਾਦਲ ਹਰਿਆਣੇ ਦੀ ਗੁਰਦੁਆਰਾ ਕਮੇਟੀ ਦੇ ਪੱਜ ਮੁੱਖ ਮੰਤਰੀ ਪਦ ਤੋਂ ਅਸਤੀਫ਼ਾ ਦੇ ਕੇ ਕੁਰਸੀ ਆਪਣੇ ਸਪੁੱਤਰ ਨੂੰ ਸੌਂਪਣਾ ਚਾਹੁੰਦੇ ਹਨ। ਅਜਿਹੀਆਂ ਅਫ਼ਵਾਹਾਂ ਪਹਿਲਾਂ ਵੀ ਉੱਡੀਆਂ ਸਨ ਪਰ ਊਠ ਦਾ ਬੁੱਲ੍ਹ ਅੱਜ ਤਕ ਨਹੀਂ ਡਿੱਗਿਆ।

ਵਿਰੋਧੀ ਪੰਥਕ ਕਨਵੈਨਸ਼ਨਾਂ ਦੇ ਰੱਦ ਹੋਣ ਤੋਂ ਬਾਅਦ ਸੁੱਖ ਦਾ ਸਾਹ ਆਇਆ ਹੈ। ਇਹ ਸ਼ਾਇਦ ਪਹਿਲੀ ਵਾਰ ਸੀ ਕਿ ਸਿੱਖਾਂ ਨੂੰ ਸਿੱਖਾਂ ਖ਼ਿਲਾਫ਼ ਮੋਰਚਾ ਲਾਉਣ ਦੀ ਨੌਬਤ ਆਈ ਸੀ। ਦੋ ਸੂਬਿਆਂ ਦਰਮਿਆਨ ਜੰਗ ਲਈ ਮਨਸੂਬੇ ਘੜੇ ਜਾ ਰਹੇ ਸਨ। ਗੁਰਦੁਆਰਿਆਂ ਨੂੰ ਜੰਗ ਦਾ ਅਖਾੜਾ ਬਣਨ ਤੋਂ ਪਹਿਲਾਂ ਹੀ ਢੁਕਵਾਂ ਹੱਲ ਕੱਢ ਲਿਆ ਜਾਂਦਾ ਤਾਂ ਤਾਅਨੇ-ਮਿਹਣਿਆਂ ਤੋਂ ਬਚਿਆ ਜਾ ਸਕਦਾ ਸੀ।

ਗੁਰਦੁਆਰਿਆਂ ਨੂੰ ਮਹੰਤਾਂ ਕੋਲੋਂ ਆਜ਼ਾਦ ਕਰਵਾਉਣ ਲਈ ਅਕਾਲੀ ਦਲ ਵੱਲੋਂ ਲਾਏ ਗਏ ਮੋਰਚਿਆਂ ਦਾ ਇਤਿਹਾਸ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਅਕਾਲੀਆਂ ਨੇ ਸ਼ਾਂਤਮਈ ਰਹਿ ਕੇ ਕਈ ਮੋਰਚਿਆਂ 'ਤੇ ਫ਼ਤਿਹ ਹਾਸਲ ਕੀਤੀ ਸੀ। ਹਰ ਅਕਾਲੀ ਕੋਲੋਂ ਇਹ ਲਿਖਤੀ ਪ੍ਰਣ ਲਿਆ ਜਾਂਦਾ ਸੀ,ਮੈਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਵਾਅਦਾ ਕਰਦਾ ਹਾਂ ਕਿ ਮੈਂ ਗੁਰਦੁਆਰਾ ਸੁਧਾਰ ਵਾਸਤੇ ਤਨ, ਮਨ ਕੁਰਬਾਨ ਕਰ ਦੇਵਾਂਗਾ। ਇਸ ਸਬੰਧੀ ਮੈਂ ਆਪ ਜਥੇਦਾਰ ਦੇ ਹੁਕਮ ਵਿੱਚ ਰਹਾਂਗਾ। ਵੱਡੀ ਤੋਂ ਵੱਡੀ ਮੁਸੀਬਤ ਵਿੱਚ ਵੀ ਮੈਂ ਕਿਸੇ ਨੂੰ ਕੁਬੋਲ ਨਹੀਂ ਕਰਾਂਗਾ ਤੇ ਨਾ ਹੀ ਹਿੰਸਾ ਕਰਾਂਗਾ। ਕੁਬੋਲ ਅਤੇ ਹਿੰਸਾ ਅਕਾਲੀ ਦਲ ਜਾਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਕਦੇ ਵੀ ਹਿੱਸਾ ਨਹੀਂ ਰਹੇ। ਹਰਿਆਣੇ ਲਈ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦੀ ਮੰਗ ਨੂੰ ਹਕੀਕੀ ਰੂਪ ਦੇਣਾ ਨਿਸ਼ਚੇ ਹੀ ਹਰਿਆਣੇ ਦੀ ਕਾਂਗਰਸ ਸਰਕਾਰ ਦਾ ਸਿਆਸੀ ਪੈਂਤੜਾ ਸੀ। ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਸਿੱਖਾਂ ਦੀਆਂ ਵੋਟਾਂ ਬਟੋਰਨ ਦੇ ਮਕਸਦ ਨਾਲ ਮੰਨੀ ਗਈ ਇਸ ਮੰਗ ਨੇ ਭਰਾ-ਮਾਰੂ ਜੰਗ ਨੂੰ ਹਵਾ ਦੇਣ ਤੋਂ ਇਲਾਵਾ ਗੁਰਦੁਆਰਿਆਂ ਨੂੰ ਸਿਆਸੀ ਅਖਾੜਾ ਬਣਾਉਣ ਦੀ ਹਿਮਾਕਤ ਕੀਤੀ ਸੀ। ਫਿਰ ਵੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਕਿਸੇ ਸਿਆਸੀ ਪਾਰਟੀ ਨੂੰ ਸਮੁੱਚੇ ਰੂਪ ਵਿੱਚ ਸਿੱਖ ਵਿਰੋਧੀ ਗਰਦਾਨਣਾ ਜਾਂ ਆਪਣੇ ਹੀ ਭਰਾਵਾਂ ਬਾਰੇ ਕਾਂਗਰਸ ਸਰਕਾਰਾਂ ਦੇ ਟੁਕੜਬੋਚਾਂ ਨੂੰ ਆਪਣੇ ਪਿਆਦੇ ਬਣਾ ਕੇ ਸਿੱਖੀ ਭੇਸ ਵਿੱਚ ਪੰਥ ਵਿਰੋਧੀਆਂ ਵਜੋਂ ਵਰਤਣਾਵਰਗੀ ਸ਼ਬਦਾਵਲੀ ਵਰਤਣੀ ਜਚਦੀ ਨਹੀਂ।

ਇੱਥੇ ਗਿਆਨੀ ਦਿੱਤ ਸਿੰਘ ਦੀ ਵੱਖਰੀਆਂ ਕਮੇਟੀਆਂ ਬਣਾਉਣ ਦੀ ਪ੍ਰਵਿਰਤੀ ਬਾਰੇ ਟਿੱਪਣੀ ਦੇਣੀ ਵਾਜਬ ਲੱਗਦੀ ਹੈ। 'ਖ਼ਾਲਸਾ ਅਖ਼ਬਾਰ ਲਾਹੌਰ' ਵਿੱਚ 17 ਅਪਰੈਲ 1896 ਨੂੰ ਛਪੇ ਲਘੂ ਲੇਖ, 'ਅੱਜ ਕੱਲ੍ਹ ਕਮੇਟੀਆਂ ਦੀ ਚਾਲ' ਵਿੱਚ ਉਹ ਲਿਖਦੇ ਹਨ;ਅੱਜ ਕੱਲ੍ਹ ਲਿਖਯਾਂ ਪੜ੍ਹਿਆਂ ਹੋਇਆਂ ਆਦਮੀਆਂ ਵਿੱਚ ਭੀ ਕਮੇਟੀਆਂ ਬਨਾਉਣ ਦਾ ਰਵਾਜ ਪੈ ਗਿਆ ਹੈ, ਜਿੱਥੇ ਚਾਰ ਭਾਈ ਕਿਸੇ ਨ ਕਿਸੇ ਸਮਯ ਇਕੱਠੇ ਹੁੰਦੇ ਹਨ ਤਦ ਬਾਤਾਂ ਕਰਦੇ-ਕਰਦੇ ਜਦ ਕਿਸੇ ਬਾਤ ਪਰ ਆਇ ਜਾਂਦੇ ਹਨ ਤਦ ਕਮੇਟੀ ਬਨਾਉਣੀ ਅਰੰਭ ਕਰ ਦੇਂਦੇ ਹਨ, ਜਿਸ ਦਾ ਓਸੇ ਵੇਲੇ ਪ੍ਰੇਜੀਡੰਟ ਸਕੱਤਰ ਅਤੇ ਮਿੰਬਰ ਬਨ ਜਾਂਦੇ ਹਨ ਅਰ ਉਸ ਸਮਯ ਏਹੋ ਪ੍ਰਤੀਤ ਹੁੰਦਾ ਹੈ ਕਿ ਬੱਸ ਹੁਣ ਇਹਨਾਂ ਲੋਗਾਂ ਨੇ ਸਾਰਾ ਜਮਾਨਾ ਪਲਟਾ ਦੇਨਾ ਹੈ, ਪਰੰਤੂ ਫੇਰ ਪਲਕ ਵਿਚ ਕਿਆ ਹੁੰਦਾ ਹੈ ਜੋ ਢਕੇ ਨਿਕਲੇ ਮਕੌੜੇ ਆਪੋ ਅਪਨੀ ਰਾਹੀਂ ਦੌੜੇ ਵਾਲੀ ਚਾਲ ਹੋ ਜਾਂਦੀ ਹੈ।ਅੱਗੇ ਦੌੜ ਅਤੇ ਪਿੱਛੇ ਚੌੜ ਵਾਲੀਆਂ ਕਮੇਟੀਆਂ ਤੇ ਕੁਝ ਭੀ ਨਹੀਂ ਸੌਰੇਗਾ।

ਨੈਲਸਨ ਮੰਡੇਲਾ ਦਾ ਕਥਨ ਹੈ,ਦਰੁਸਤ ਨਜ਼ਰੀਏ ਨਾਲ ਹੀ ਦੁਮੇਲ ਤਕ ਵੇਖਿਆ ਜਾ ਸਕਦਾ ਹੈ ਜੋ ਦਿਸਹੱਦਿਆਂ ਤੋਂ ਪਾਰ ਹੈ।



# ਹੋਰ ਗੂੜ੍ਹੇ ਕਾਲੇ ਦਿਨਾਂ ਦੀ ਆਹਟ



**ਰਿਪੁਦਮਨ ਸਿੰਘ ਰੂਪ**

ਮਨਮੋਹਨ ਸਿੰਘ ਦੀਆਂ ਆਰਥਿਕ ਸੁਧਾਰਾਂ ਦੇ ਨਾਂ ਹੇਠ ਸਾਲ 1992 ਵਿਚ ਸ਼ੁਰੂ ਕੀਤੀਆਂ ਨੀਤੀਆਂ ਗਰੀਬ ਭਾਰਤ ਲਈ ਕਾਲੇ ਦਿਨਾਂ ਦੀ ਸ਼ੁਰੂਆਤ ਸੀ। ਹੁਣ ਮੋਦੀ ਸਰਕਾਰ ਵੱਲੋਂ ਉਪਰੋਕਤ 'ਲੋਕ ਵਿਰੋਧੀ' ਨੀਤੀਆਂ ਦੇ ਸ਼ੁਰੂ ਕਰਨ ਨਾਲ ਹੋਰ ਗੂੜ੍ਹੇ ਕਾਲੇ ਦਿਨਾਂ ਦੀ ਆਹਟ ਸੁਣਾਈ ਦੇਣ ਲੱਗ ਪਈ ਹੈ।

ਮੋਦੀ ਸਾਹਿਬ ਨੂੰ ਇੱਕ ਬਹੁਤ ਵੱਡਾ ਭੁਲੇਖਾ ਹੈ ਕਿ ਦੇਸ਼ ਦੇ ਸਵਾ ਅਰਬ ਲੋਕ ਉਸ ਨੂੰ ਬਹੁਤ ਪਿਆਰ ਕਰਦੇ ਹਨ। ਭਲਾਂ ਮੋਦੀ ਸਾਹਿਬ ਨੂੰ ਲੋਕ ਕਿਉਂ ਪਿਆਰ ਕਰਨਗੇ? ਦੇਸ਼ ਲਈ ਮੋਦੀ ਨੇ ਕੀ ਕੀਤਾ ਹੈ? ਕਿਹੜੀ ਕੁਰਬਾਨੀ ਕੀਤੀ ਹੈ ਦੇਸ਼ ਦੇ ਲੋਕਾਂ ਲਈ?

ਲੋਕ ਪਿਆਰ ਕਰਦੇ ਹਨ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਅਬਦਲ ਕਲਾਮ ਆਜ਼ਾਦ, ਬਾਬੂ ਰਾਜਿੰਦਰ ਪ੍ਰਸ਼ਾਦ, ਲਾਲ ਬਹਾਦਰ ਸ਼ਾਸਤਰੀ ਨੂੰ ਜਾਂ ਦੇਸ਼ ਲਈ ਕੁਰਬਾਨੀਆਂ ਕਰਨ ਵਾਲੇ ਸ਼ਹੀਦ ਭਗਤ ਸਿੰਘ, ਗਦਰੀ ਬਾਬਿਆਂ, ਬੱਜ ਬੱਜ ਘਾਟ ਦੇ ਸੂਰਬੀਰਾਂ, ਚੰਦਰ ਸ਼ੇਖਰ ਆਜ਼ਾਦ, ਊਧਮ ਸਿੰਘ ਅਤੇ ਹੋਰ ਬਹੁਤ ਸਾਰੇ ਸੈਂਕੜੇ ਉਹਨਾਂ ਸ਼ਹੀਦਾਂ ਨੂੰ ਜਿਹੜੇ ਆਜ਼ਾਦੀ ਦੇ ਸੰਘਰਸ਼ ਵਿਚ ਆਪਣੀਆਂ ਜਾਨਾਂ ਵਾਰ ਗਏ ਸਨ।

ਪਰ ਮੋਦੀ ਸਾਹਿਬ ਤੁਹਾਨੂੰ ਲੋਕ ਕਿਉਂ ਪਿਆਰ ਕਰਨਗੇ? ਇਸ ਲਈ ਕਿ ਤੁਸੀਂ 2002 ਵਿੱਚ ਗੁਜਰਾਤ ਵਿੱਚ ਮੁਸਲਮਾਨਾਂ ਦਾ ਕਤਲੇਆਮ ਕਰਵਾਇਆ ਸੀ। ਨਿਰਦੋਸ਼ੇ ਲੋਕਾਂ, ਬੱਚਿਆਂ, ਬੁੱਢਿਆਂ, ਇਸਤਰੀਆਂ ਨੂੰ ਅੱਗਾਂ ਵਿਚ ਸੜਵਾਇਆ ਸੀ। ਆਪਣੇ ਸੰਘ ਪ੍ਰੀਵਾਰ ਦੇ ਬੰਦਿਆਂ ਤੋਂ। ਗੁਜਰਾਤ ਕਤਲੇਆਮ ਦਾ ਕੋਈ ਦੁੱਖ ਜਾਂ ਪਛਤਾਵਾ ਅਜੇ ਤੱਕ ਵੀ ਮੋਦੀ ਸਾਹਿਬ ਦੇ ਨੇੜੇ ਤੇੜੇ ਨਹੀਂ ਹੈ।

ਇਹ ਠੀਕ ਹੈ, ਮੋਦੀ ਸਾਹਿਬ ਨੂੰ ਮੂਹਰੇ ਕਰਕੇ ਸੰਘ ਪ੍ਰੀਵਾਰ ਜਿੱਤਿਆ ਹੈ। ਹਜ਼ਾਰਾਂ ਕਰੋੜਾਂ ਖਰਚ ਕੇ। ਮੋਦੀ ਸਾਹਿਬ ਨੇ ਜ਼ਰੂਰ ਆਪਣੇ ਭਾਸ਼ਣਾਂ ਦੀ ਕਲਾ ਦਿਖਾਈ ਹੈ। ਉਹ ਭਾਸ਼ਣ ਕਰਨ ਦਾ ਉਸਤਾਦ ਹੈ। ਲੱਛੇਦਾਰ ਸ਼ਬਦਾਵਲੀ ਵਰਤਣ ਵਾਲਾ। ਕੋਈ ਸ਼ੱਕ ਨਹੀਂ।

ਪਰ ਹੈਰਾਨੀ ਹੈ। ਸਾਰੀ ਚੋਣ ਮੁਹਿੰਮ ਵਿਚ ਆਪਣੀ ਪਿੱਠ ਆਪੇ ਥਾਪੜਦੇ ਰਹੇ ਹਨ। 'ਮੈਨੂੰ ਗੰਗਾ ਮਾਂ ਬੁਲਾ ਰਹੀ ਹੈ'..., 'ਮੈਨੂੰ ਇੱਕ ਸੋ ਪੱਚੀ ਕਰੋੜ ਭਾਰਤੀ ਪਿਆਰ ਕਰਦੇ ਹਨ', 'ਸਾਰੇ ਮਿਲਕੇ ਮੋਦੀ ਨੂੰ ਰੋਕਣ ਲੱਗੇ ਹੋਏ ਹਨ', 'ਮਾਂ ਬੇਟੇ ਨੂੰ ਜੇ ਮੈਂ ਇੱਕਲਾ ਮਿਲ ਜਾਵਾਂ ਤਾਂ ਮੇਰੀ ਬੋਟੀ ਬੋਟੀ ਕਰ ਦੇਣਗੇ..' ਆਦਿ ਆਦਿ।

ਇਹ ਸਾਰੀਆਂ ਗੱਲਾਂ ਬੜੀਆਂ ਛਲਾਵਾਂ ਭਰੀਆਂ ਸਨ। ਭਲਾਂ ਗੰਗਾ ਮਾਂ ਸਿਰਫ਼ ਮੋਦੀ ਨੂੰ ਹੀ ਕਿਉਂ ਬੁਲਾ ਰਹੀ ਸੀ? ਲਾਲ ਕ੍ਰਿਸ਼ਨ ਅਡਵਾਨੀ, ਸੁਸ਼ਮਾ ਸਵਰਾਜ, ਮੁਰਲੀ ਮਨੋਹਰ ਜੋਸ਼ੀ ਨੂੰ ਕਿਉਂ ਨਹੀਂ ਸੀ ਬੁਲਾ ਰਹੀ? ਮੁਰਲੀ ਮਨੋਹਰ ਜੋਸ਼ੀ ਤਾਂ ਬਨਾਰਸ ਤੋਂ ਜਿੱਤਦਾ ਰਿਹਾ ਹੈ। ਜਿਸ ਨੂੰ ਧੱਕ ਕੇ ਕਾਨਪੁਰ ਭੇਜ ਦਿੱਤਾ ਸੀ। ਕਿਉਂਕਿ ਮੋਦੀ ਸੰਘ ਦੇ ਏਜੰਡੇ ਮੁਤਾਬਿਕ ਧਾਰਮਿਕ ਭਾਵਨਾਵਾਂ ਬੜੇ ਕਲਾਮਈ ਢੰਗ ਨਾਲ ਉਕਸਾ ਅਤੇ ਭੜਕਾ ਸਕਦੇ ਸਨ। ਇਸ ਲਈ ਮੁਰਲੀ ਮਨੋਹਰ ਜੋਸ਼ੀ ਨਾਲ ਸ਼ਾਇਦ ਗੰਗਾ ਮੱਈਆ ਨਾਰਾਜ਼ ਸੀ ਅਤੇ ਮੋਦੀ ਨੂੰ ਬੁਲਾ ਰਹੀ ਸੀ।

ਚੋਣਾਂ ਹੋਈਆਂ। ਚੰਗੀ ਤਰ੍ਹਾਂ ਨਿਬੜੀਆਂ। ਠੀਕ ਹੀ ਲੋਕ ਭ੍ਰਿਸ਼ਟਾਚਾਰ, ਮਹਿੰਗਾਈ, ਬੇਰੁਜ਼ਗਾਰੀ, ਗ਼ਰੀਬੀ ਤੋਂ ਦੁੱਖੀ ਸਨ। ਲੋਕਾਂ ਨੇ ਭਾਜਪਾ ਨੂੰ 282 ਸੀਟਾਂ ਦਿੱਤੀਆਂ। ਪਹਿਲਾਂ, ਐਮਰਜੈਂਸੀ ਮਗਰੋਂ 1977 ਵਿਚ ਜਨਤਾ ਪਾਰਟੀ ਨੂੰ ਗਰਨ ਗਰਨ ਵੋਟਾਂ ਮਿਲ ਗਈਆਂ ਸਨ। ਜੰਮੂ ਕਸ਼ਮੀਰ ਤੋਂ ਕਲੱਕਤੇ ਤੱਕ ਕਾਂਗ੍ਰਸ ਨੂੰ ਇੱਕ ਵੀ ਸੀਟ ਨਹੀਂ ਸੀ ਮਿਲੀ। ਇਕ ਵਾਰ ਇੰਦਰਾ ਗਾਂਧੀ ਦੇ ਕਤਲ ਮਗਰੋਂ ਕਾਂਗ੍ਰਸ ਨੂੰ ਚਾਰ ਸੌ ਸੀਟਾਂ ਮਿਲੀਆਂ ਸਨ। ਪਰ ਛੇਤੀ ਹੀਂ ਵੱਡੇ ਪੱਧਰ ਉੱਤੇ ਜਿੱਤੀਆਂ ਇਹਨਾਂ ਪਾਰਟੀਆਂ ਦੇ ਹੀਜ ਪਿਆਜ਼ ਨੰਗੇ ਹੋ ਗਏ ਸਨ। ਕਿਉਂਕਿ ਨੀਤੀਆਂ ਤਾਂ ਪਹਿਲਾਂ ਵਾਲੀਆਂ ਹੀ ਸਨ। ਕੋਈ ਵਿਵਸਥਾ ਤਾਂ ਨਹੀਂ ਸੀ ਬਦਲੀ ਜਾ ਬਦਲਣੀ ਸੀ ਕਿਸੇ ਨੇ।

ਮੋਦੀ ਸਰਕਾਰ ਦੇ ਕਾਲੇ ਦਿਨਾਂ ਦੀ ਆਹਟ ਕਿਵੇਂ ਸੁਣਾਈ ਦੇ ਰਹੀ ਹੈ? ਮਹਿੰਗਾਈ, ਜਿਸ ਨੂੰ ਮੋਦੀ ਬੜੀ ਉੱਚੀ ਸੁਰ ਵਿਚ ਨਿੰਦ ਰਿਹਾ ਸੀ, ਬਾਰੇ ਹੁਣ ਕਹਿ ਰਿਹਾ ਹੈ ਕਿ ਅਜੇ ਲੋਕਾਂ ਨੂੰ ਸਰਕਾਰ ਦੇ ਕੜੇ ਫੈਸਲੇ ਸਹਿਣੇ ਪੈਣਗੇ। ਡੀਜ਼ਲ ਮਹਿੰਗਾ, ਪੈਟਰੋਲ ਮਹਿੰਗਾ। ਰਸੋਈ ਗੈਸ ਹਰ ਮਹੀਨੇ 5 ਰੁਪਏ ਮਹਿੰਗੀ। ਵਾਹ, ਮੋਦੀ ਸਾਹਿਬ, ਵਾਹ। ਨਿੱਤ ਵਰਤੋਂ ਦੀਆਂ ਚੀਜ਼ਾਂ ਮਹਿੰਗੀਆਂ। ਪਿਆਜ਼ ਤਾਂ ਹੁਣੇ ਅੱਖਾਂ ਦਿਖਾ ਰਿਹਾ ਹੈ। ਅਖੇ ਜ਼ਖੀਰੇਬਾਜ਼ਾਂ ਨੇ ਪਿਆਜ਼ਾਂ ਦੇ ਜ਼ਖ਼ੀਰੇ ਕਰ ਲਏ ਹਨ। ਕਾਂਗ੍ਰਸ ਵੇਲੇ ਵੀ ਤਾਂ ਜ਼ਖੀਰੇਬਾਜ਼ ਜ਼ਖੀਰੇ ਕਰਦੇ ਸਨ। ਹੁਣ ਵੀ ਕਰਦੇ ਹਨ। ਮੋਦੀ ਰਾਜ ਅਤੇ ਕਾਂਗ੍ਰਸ ਸਰਕਾਰ ਵਿੱਚ ਫਰਕ ਕੀ ਹੋਇਆ? ਰੇਲਾਂ ਦਾ ਕਿਰਾਇਆ, ਮਾਲ ਭਾੜੇ ਦਾ ਕਿਰਾਇਆ ਵਧਾ ਕੇ ਤਾਂ ਮੋਦੀ ਸਰਕਾਰ ਨੇ ਸਾਰਿਆਂ ਨੂੰ ਸੋਚਣ ਲਾ ਦਿੱਤਾ ਹੈ। ਮਹਿੰਗਾਈ ਇਸ ਨਾਲ ਛਾਲਾਂ ਮਾਰਕੇ ਵਧੇਗੀ। ਚੀਨੀ ਵੀ ਕਹਿੰਦੀ ਮੈਂ ਪਿੱਛੇ ਨਹੀਂ ਰਹਿਣਾ। ਉਹ ਵੀ ਦੋ ਰੁਪਏ ਵਧਾ ਦਿੱਤੀ ਹੈ। ਪਰ ਪਰਚੂਨ ਵਿਚ 34 ਤੋਂ 40 ਰੁਪਏ ਹੋ ਗਈ ਹੈ। ਦੁਸ਼ਹਿਰਾ, ਦੀਵਾਲੀ ਦੇ ਤਿਉਹਾਰਾਂ ਤੱਕ ਇਸ ਨੇ 50, 60 ਅਤੇ 70 ਰੁਪਏ ਤੋਂ ਟੱਪ ਜਾਣਾ ਹੈ। ਖੰਡ ਮਿਲਾਂ ਨੂੰ ਮੋਦੀ ਸਰਕਾਰ ਨੇ 44,000 ਕਰੋੜ ਰੁਪਏ ਬਿਨਾਂ ਵਿਆਜ ਕਰਜ਼ਾ ਦੇ ਦਿੱਤਾ ਹੈ। ਘਰ ਭਰ ਦਿੱਤੇ ਹਨ ਖੰਡ ਮਿਲ ਮਾਲਕਾਂ ਦੇ।

ਸੱਭ ਕੁੱਝ ਮਹਿੰਗਾ ਹੋਵੇਗਾ। ਆਖਿਰ ਮੋਦੀ ਦੀ ਸਰਕਾਰ ਬਣਾਉਣ ਵਾਲਿਆਂ ਦੇ ਖਰਚੇ ਵੀ ਤਾਂ ਪੂਰੇ ਕਰਨੇ ਹਨ। ਦੇਸੀ ਅਤੇ ਵਿਦੇਸ਼ੀ ਵਿਉਪਾਰੀਆਂ ਨੂੰ ਖੁੱਲ੍ਹੀ ਕਮਾਈ ਕਰਨ ਦੀ ਖੁਲ੍ਹ ਦੇਣੀ ਸ਼ੁਰੂ ਹੋ ਗਈ ਹੈ। ਇਹਨਾਂ ਨੂੰ ਹੀ 'ਅੱਛੇ ਦਿਨ' ਕਹਿੰਦੇ ਸਨ ਮੋਦੀ ਸਾਹਿਬ? ਕਾਰਪੋਰੇਟ ਸੈਕਟਰ ਅਤੇ ਉੱਚ ਸਨਅਤੀ ਘਰਾਣਿਆਂ ਲਈ ਯਕੀਨਨ ਇਹ ਅੱਛੇ ਦਿਨ ਹਨ। ਅੱਛੇ ਦਿਨ ਆਏ ਗੁਜਰਾਤ ਦੀ ਮੁੱਖ ਮੰਤਰੀ ਅਨੰਦੀ ਬੇਨ ਦੇ, ਜਿਸ ਨੇ ਪੁਰਾਣਾ 13 ਕਰੋੜ ਦਾ ਜਹਾਜ਼ ਛੱਡ ਕੇ ਇਕ ਅਰਬ ਦਾ ਨਵਾਂ ਜੈਟ ਹਵਾਈ ਜਹਾਜ਼ ਆਪਣੇ ਲਈ ਖਰੀਦਿਆ ਹੈ। ਕੀ ਇਹ ਭ੍ਰਿਸ਼ਟਾਚਾਰ ਨਹੀਂ। ਮੋਦੀ ਸਾਹਬਿ ਇਹ ਸਾਰਾ ਨੰਗਾ ਚਿੱਟਾ ਭ੍ਰਿਸ਼ਟਾਚਾਰ ਹੈ।

ਇੱਕੱਲੀ ਮਹਿੰਗਾਈ ਨਹੀਂ, ਦੂਜੇ ਖੇਤਰ ਵੀ ਕਾਰਪੋਰੇਟ ਸੈਕਟਰ ਨੂੰ ਸੰਭਾਲੇ ਜਾ ਰਹੇ ਹਨ। ਡਿਫੈਂਸ ਵਿਚ ਸੌ ਫੀ ਸਦੀ ਨਿਵੇਸ਼ ਨਾਲ ਦੇਸ਼ ਦੀ ਪ੍ਰਭੂਸੱਤਾ ਅਤੇ ਸੁੱਰਖਿਆ ਖ਼ਤਰੇ ਵਿਚ ਪੈ ਜਾਣੀ ਹੈ। ਬਦੇਸ਼ੀਆਂ ਨੂੰ ਸਾਡੀ ਡਿਫੈਂਸ ਬਾਰੇ ਸਭ ਕੁੱਝ ਚਾਨਣ ਹੋ ਜਾਣਾ ਹੈ। ਫੌਜੀਆਂ ਦੀਆਂ ਵਰਦੀਆਂ, ਕੰਟੀਨ ਸਰਵਿਸ ਵਿਚ ਕਾਰਪੋਰੇਟ ਸੈਕਟਰ ਖੂਬ ਲੁੱਟ ਮਚਾਵੇਗਾ।

ਲੇਬਰ ਫਰੰਟ ਨੂੰ ਵੀ ਕਾਰਪੋਰੇਟ ਸੈਕਟਰ ਦੇ ਹਵਾਲੇ ਕਰਨ ਦੇ ਸੰਕੇਤ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਵੱਲੋਂ ਆਉਣੇ ਸ਼ੁਰੂ ਹੋ ਗਏ ਹਨ। ਸਨਅਤਕਾਰਾਂ ਨੂੰ ਛੋਟਾਂ ਦਿੱਤੀਆਂ ਹਨ। ਕੇਂਦਰ ਸਰਕਾਰ ਦੇ ਕਿਰਤ ਕਾਨੂੰਨਾਂ ਵਿਚ ਅਹਿਮ ਮੱਦਾਂ-ਇੰਡਸਟਰੀਅਲ ਡਿਸਪਿਊਟ ਐਕਟ, ਕਨਟਰੈਕਟ ਲੇਬਰ ਐਕਟ ਵਿਚ ਸੋਧਾਂ ਕਰਕੇ ਮਜ਼ਦੂਰਾਂ ਦੇ ਹੱਕਾ ਉੱਤੇ ਛਾਪਾ ਮਾਰਿਆ ਹੈ। ਇਹਨਾਂ ਸੋਧਾਂ ਅਨੁਸਾਰ ਹੁਣ ਸਨਅਤਕਾਰ 100 ਵਰਕਰਾਂ ਦੀ ਥਾਂ 300 ਵਰਕਰਾਂ ਦੀ ਛਾਂਟੀ ਕਰ ਸਕਦੇ ਹਨ। ਯੂਨੀਅਨਾਂ ਨੂੰ ਰਜਿਸਟਰ ਕਰਨ ਲਈ 15% ਦੀ ਥਾਂ 30% ਵਰਕਰਾਂ ਦੀ ਗਿਣਤੀ ਲਾਜ਼ਮੀ ਕਰ ਦਿਤੀ ਗਈ ਹੈ। ਮਜ਼ਦੂਰਾਂ ਨਾਲ ਸਬੰਧਤ ਝਗੜੇ ਤਿੰਨਾਂ ਸਾਲਾਂ ਤੱਕ ਲਮਕਾਏ ਜਾ ਸਕਦੇ ਹਨ। ਠੇਕੇ ਉੱਤੇ ਰੱਖਣ ਲਈ ਵਰਕਰਾਂ ਦੀ ਗਿਣਤੀ 20 ਤੋਂ 50 ਕਰ ਦਿੱਤੀ ਹੈ। ਸਮੇਤ ਪਾਵਰ ਅਤੇ ਬਿਨਾਂ ਪਾਵਰ ਉਦਯੋਗਾਂ ਵਿਚ ਵਰਕਰਾਂ ਦੀ ਗਿਣਤੀ ਕਰਮਵਾਰ 10 ਤੋਂ 20 ਅਤੇ 20 ਤੋਂ 40 ਕਰ ਦਿੱਤੀ ਹੈ।




ਮਜ਼ਦੂਰਾਂ ਪ੍ਰਤੀ ਮੋਦੀ ਸਰਕਾਰ ਦੀ ਛੱਤਰ ਛਾਇਆ ਹੇਠ ਇਹ ਤਬਦੀਲੀਆਂ ਸਿਰਫ ਇੱਕ ਪ੍ਰਾਂਤ ਵਿਚ ਨਾਂ ਮਾਤਰ ਹਨ। ਸੰਕੇਤ ਮਾਤਰ। ਲੋਕਾਂ ਦੀ ਨਬਜ਼ ਟੋਹਨ ਲਈ। ਭਵਿੱਖ ਵਿਚ ਪੂਰੇ ਦੇਸ਼ ਦੇ ਮਜ਼ਦੂਰਾਂ ਦਾ ਕਿਵੇਂ ਲਹੂ ਨਚੋੜਿਆ ਜਾਣਾ ਹੈ। ਕਿਵੇਂ ਉਹਨਾਂ ਦਾ ਕੁਟਾਪਾ ਹੋਣਾ ਹੈ। ਹਰਿਆਣਾ ਦੀ ਕਾਂਗਰਸ ਹੁੱਡਾ ਸਰਕਾਰ ਜਾਪਾਨ ਦੀ ਹੌਂਡਾ (ਜਾਪਾਨੀ) ਕੰਪਨੀ ਦੀ ਰਾਖੀ ਲਈ ਕੀਤਾ ਪੁਲਿਸ ਤਸ਼ੱਦਦ ਭੁਲਾ ਦੇਵੇਗੀ ਮੋਦੀ ਸਰਕਾਰ।

ਹੁਣ ਮੋਦੀ ਸਰਕਾਰ ਨੇ ਭਾਰਤ ਦੀਆਂ ਦੂਜੀਆਂ ਰਾਸ਼ਟਰੀ ਭਾਸ਼ਾਵਾਂ ਨੂੰ ਦਬਾਉਣ ਲਈ ਹਿੰਦੀ ਦਾ ਝੰਡਾ ਚੁੱਕ ਲਿਆ ਹੈ। ਭਾਰਤ ਸਰਕਾਰ ਦੇ ਨਿਰਦੇਸ਼ਕ (ਰਾਜ ਭਾਸ਼ਾ) ਅਵਧੇਸ਼ ਕੁਮਾਰ ਮਿਸ਼ਰਾ ਨੇ ਆਪਣੇ ਪੱਤਰ ਰਾਹੀਂ ਟਵਿਟਰ, ਫੇਸ ਬੁੱਕ, ਬਲਾਗ, ਗੁਗਲ, ਯੂ ਟਿਊਬ ਅਤੇ ਸਰਕਾਰੀ ਅਕਾਊਂਟ ਚਲਾਉਣ ਵਾਲੇ ਅਧਿਕਾਰੀਆਂ ਨੂੰ ਸਿਰਫ਼ ਹਿੰਦੀ ਅਤੇ ਅੰਗ੍ਰੇਜ਼ੀ ਦੀ ਹੀ ਵਰਤੋਂ ਕਰਨ ਦੀ ਤਰਜੀਹ ਦੇਣ ਦੇ ਆਦੇਸ਼ ਦਿੱਤੇ ਹਨ। ਜਲੰਧਰ ਦੂਰਦਰਸ਼ਨ ਦੀਆਂ ਸਵੇਰੇ 8 ਵਜੇ ਆਉਂਦੀਆਂ ਪੰਜਾਬੀ ਦੀਆਂ ਖ਼ਬਰਾਂ ਦੇ ਨਾਲ ਹਿੰਦੀ ਵਿਚ ਕੈਪਸ਼ਨ ਆਉਣੀ ਸ਼ੁਰੂ ਹੋ ਗਈ ਹੈ। ਜਦੋਂ ਕਿ ਖ਼ਬਰਾਂ ਪੰਜਾਬੀ ਵਿਚ ਪੜ੍ਹੀਆਂ ਜਾਂਦੀਆਂ ਹਨ। ਹੇਠਾਂ ਚੱਲ ਰਹੀ ਕੈਪਸ਼ਨ ਜ਼ਰੂਰ ਪੰਜਾਬੀ ਅਤੇ ਅੰਗਰੇਜ਼ੀ ਵਿਚ ਪਹਿਲਾਂ ਵਾਂਗ ਹੀ ਭਾਵੇਂ ਅਜੇ ਹੈ। ਉਹ ਵੀ ਬੰਦ ਹੋ ਸਕਦੀ ਹੈ। ਅਜੇ ਲੋਕਾਂ ਦੀ ਨਬਜ਼ ਟੋਹੀ ਜਾ ਰਹੀ ਹੈ।

ਗੰਗਾ ਦਰਿਆ ਨੂੰ ਸਾਫ਼ ਕਰਨ ਦੀਆਂ ਬੜੀਆਂ ਧੂਮ-ਧੜਕੇ ਨਾਲ ਗੱਲਾਂ ਹੋ ਰਹੀਆਂ ਹਨ। ਮੈਨੂੰ 2009 ਵਿਚ ਕਾਨਪੁਰ ਜਾਣ ਦਾ ਮੌਕਾ ਮਿਲਿਆ। ਸਾਡੇ ਮੇਜ਼ਬਾਨ ਨੇ ਇੱਕ ਦਿਨ ਗੰਗਾ ਵਿੱਚ ਕਿਸ਼ਤੀਆਂ ਵਿੱਚ ਜਾਣ ਦਾ ਫੈਸਲਾ ਕੀਤਾ। ਕਾਨਪੁਰ ਤੋਂ ਗੰਗਾ ਦਰਿਆ ਵੀਹ ਪੱਚੀ ਕਿਲੋਮੀਟਰ ਦੀ ਵਿੱਥ ਉੱਤੇ ਹੈ। ਜਦੋਂ ਅਸੀਂ ਗੰਗਾ ਕਿਨਾਰੇ ਪਹੁੰਚੇ ਤਾਂ ਮੰਗਣ ਵਾਲਿਆਂ ਦਾ ਝੁਰਮਟ ਲੱਗ ਗਿਆ। ਦਾਨ-ਪੁੰਨ ਕਰਨ ਲਈ ਕਿਹਾ ਗਿਆ। ਮੈਂ ਹੈਰਾਨ ਹੋਇਆ। ਭਲਾਂ ਗੰਗਾ ਦਰਿਆ ਨੂੰ ਨੇੜਿਓਂ ਦੇਖਣ ਲਈ ਦਾਨ-ਪੁੰਨ ਕਾਹਦਾ? ਮੈਂ ਤਾਂ ਇਹਨਾਂ ਪਖੰਡਾਂ ਨੂੰ ਮੰਨਦਾ ਨਹੀਂ ਸੀ।

ਅਸੀਂ ਹੌਲੀ-ਹੌਲੀ ਦੋ ਕਿਸ਼ਤੀਆਂ ਵਿਚ ਬੈਠੇ। ਜਦੋਂ ਗੰਗਾ ਦਾ ਪਾਣੀ ਮੇਰੇ ਪੈਰਾਂ ਨੂੰ ਛੂਹ ਰਿਹਾ ਸੀ ਤਾਂ ਜਿਵੇਂ ਉਹ ਚਿੱਕੜ ਹੋਵੇ। ਬਦਬੂ ਮਾਰਦਾ ਚਿੱਕੜ। ਮੇਰਾ ਹੌਸਲਾ ਪਾਣੀ ਨੂੰ ਹੱਥ ਲਾਉਣ ਦਾ ਨਹੀਂ ਪਿਆ। ਸਾਡੀਆਂ ਕਿਸ਼ਤੀਆਂ ਦੂਰ ਪੁੱਲ ਤੱਕ ਪਹੁੰਚ ਕੇ ਵਾਪਿਸ ਮੁੜੀਆਂ। ਜਦੋਂ ਮੈਂ ਕੰਢੇ ਨੇੜੇ ਪਹੁੰਚਿਆ ਤਾਂ ਕੀ ਦੇਖਦਾ ਹਾਂ ਕਿ ਇੱਕ ਵੱਡੇ ਸਾਰੇ ਪਾਈਪ ਵਿਚੋਂ ਸੀਵਰੇਜ ਦਾ ਚਿੱਕੜ ਭਰਿਆ ਪਾਣੀ ਦਲ ਦਲ ਕਰਦਾ ਗੰਗਾ ਵਿਚ ਡਿਗ ਗਿਰ ਰਿਹਾ ਸੀ। ਮੈਂ ਹੈਰਾਨ ਹੋਇਆ। ਤਾਂਹੀ ਗੰਗਾ ਚਿੱਕੜ ਬਣਿਆ ਪਿਆ ਹੈ। ਮੈਨੂੰ ਪੁੱਛਣ ਉੱਤੇ ਪਤਾ ਲੱਗਾ ਕਿ ਕਾਨਪੁਰ ਦੇ ਸਾਰੇ ਚਮੜੇ ਦੇ ਕਾਰਖਨਿਆਂ ਅਤੇ ਹੋਰ ਸ਼ਹਿਰ ਦਾ ਗੰਦ ਮੰਦ ਗੰਗਾ ਵਿਚ ਸੁੱਟਿਆ ਜਾ ਰਿਹਾ ਹੈ।

ਹੁਣ ਜਿਹੜੀਆਂ ਯੋਜਨਾਵਾਂ ਗੰਗਾ ਨੂੰ ਸਾਫ਼ ਕਰਨ ਦੀਆਂ ਬਣਾਈਆਂ ਜਾ ਰਹੀਆਂ ਹਨ, ਭਲਾਂ ਉਹਨਾਂ ਨਾਲ ਗੰਗਾ ਕਿਵੇਂ ਸਾਫ਼ ਹੋ ਸਕਦੀ ਹੈ? ਗੰਗਾ ਸਾਫ਼ ਹੋਵੇਗੀ ਜੇ ਸਾਰੇ ਸ਼ਹਿਰਾਂ ਅਤੇ ਪਿੰਡਾਂ ਨੇੜੇ ਲੰਘਦੀ ਗੰਗਾ ਦਰਿਆ ਵਿਚ ਇੱਕ ਤੁਪਕਾ ਵੀ ਸੀਵਰੇਜ ਦਾ ਨਾ ਡਿੱਗੇ। ਚਾਹੀਦਾ ਤਾਂ ਇਹ ਹੈ ਕਿ ਦਰਿਆਵਾਂ ਦੇ ਕੰਢਿਆਂ ਉੱਤੇ ਇਤਿਹਾਸਕ, ਧਾਰਮਿਕ ਸੰਸਥਾਵਾਂ ਤੋਂ ਬਿਨਾਂ ਕੋਈ ਘਰ, ਹੋਟਲ ਅਤੇ ਆਬਾਦੀ ਨੇੜੇ ਤੇੜੇ ਨਾ ਹੋਵੇ। ਪਰ ਐਥੇ ਤਾਂ ਆਵਾ ਹੀ ਊਤਿਆ ਪਿਆ ਹੈ। ਦਰਿਆਵਾਂ ਦੇ ਪਾਣੀਆਂ ਵਿਚ ਥਮਲਿਆਂ ਉੱਤੇ ਹੋਟਲ ਉਸਾਰੇ ਹੋਏ ਹਨ। ਜਦੋਂ ਹੜ੍ਹ ਆਉਂਦੇ ਹਨ ਤਾਂ ਸਭ ਫਹਿ ਫੇਰੀ ਹੋ ਜਾਂਦਾ ਹੈ। ਕਸੂਰ ਹੜ੍ਹਾਂ ਦਾ। ਆਪਣੇ ਲਾਲਚੀ ਹੋਣ ਦਾ ਕੋਈ ਕਸੂਰ ਨਹੀਂ ਕੱਢਦੇ। ਪਿਛਲੇ ਸਾਲ ਉਤਰਾਖੰਡ ਦੀ ਤਬਾਹੀ ਦਾ ਕਾਰਨ ਵੀ ਤਾਂ ਇਹੋ ਹੀ ਸੀ।

ਮਹਿੰਗਾਈ, ਕਾਰਪੋਰੇਟ ਸੈਕਟਰ ਨੂੰ ਸਾਡੇ ਧਨ ਦੌਲਤ ਨੂੰ ਲੁੱਟਣ ਦੀਆਂ ਖੁੱਲ੍ਹਾਂ ਦੇਣਾ, ਮਾੜੇ ਮੋਟੇ ਬੱਚੇ ਹੋਏ ਪਬਲਿਕ ਸੈਕਟਰ ਨੂੰ ਪ੍ਰਾਈਵੇਟ ਕਰਨ ਕਰਕੇ ਧਨ ਕੁਬੇਰਾਂ ਨੂੰ ਲੁੱਟਣ ਦੇਣਾ ਤੇ ਧਾਰਾ 370, ਰਾਮ ਮੰਦਰ, ਇੱਕ ਸਾਰ ਸਿਵਲ ਕੋਡ, ਭਾਸ਼ਾ ਅਤੇ ਸਿਲੇਬਸਾਂ ਵਿਚ ਆਰ. ਐਸ. ਐਸ. ਦੀ ਸੋਚ ਅਨੁਸਾਰ ਘੁਸਪੈਠ ਕਰਨ ਵਰਗੇ ਮੁੱਦੇ ਹੁਣ ਮੋਦੀ ਸਰਕਾਰ ਦਾ ਪ੍ਰਮੁੱਖ ਏਜੰਡਾ ਬਣਨ ਜਾ ਰਿਹਾ ਹੈ। ਮੋਦੀ ਸਰਕਾਰ ਦੇ ਅਸਲੀ ਤਿੱਖੇ ਦੰਦ ਨਜ਼ਰ ਆਉਣੇ ਸ਼ੁਰੂ ਹੋ ਰਹੇ ਹਨ।

ਪਰ ਭਾਰਤ ਦੇ ਲੋਕ ਹੁਣ ਬਹੁਤ ਚੌਕੰਨੇ ਹੋ ਰਹੇ ਹਨ। ਭਾਰਤ ਦੇ ਲੋਕ ਕਦੇ ਵੀ ਧਰਮ ਨਿਰਪੇਖਤਾ ਨੂੰ ਆਂਚ ਨਹੀਂ ਆਉਣ ਦੇਣਗੇ। ਭਾਰਤ ਵਿਚ ਲੋਕ ਵਿਰੋਧੀ ਪਾਰਲੀਮਾਨੀਵਾਦ ਨੂੰ ਲੋਕ ਹਿਤੈਸ਼ੀ ਕਰਕੇ ਹੀ ਭਾਰਤ ਦੀ ਜਨਤਾ ਦਮ ਲਵੇਗੀ। ਕਿਸੇ ਤਰ੍ਹਾਂ ਦੀ ਕੋਈ ਵੀ ਲੋਕ ਵਿਰੋਧੀ ਵਿਚਾਰਧਾਰਾ ਦੇਸ਼ ਵਿਚ ਨਹੀਂ ਪਨਪ ਸਕੇਗੀ। ਕਿਉਂਕਿ ਭਾਰਤ ਦੀਆਂ ਜੜ੍ਹਾਂ ਵਿਚ ਭਾਰਤ ਦਾ ਸ਼ਾਨਦਾਰ ਮਿਥਿਹਾਸ, ਰਾਮਾਇਣ, ਮਹਾਂਭਾਰਤ, ਵੇਦ, ਉਪਨਿਸ਼ਦ, ਸ਼ਿਵ-ਪੁਰਾਣ ਦੀਆਂ ਕਥਾਵਾਂ, ਪੰਦਰਵੀਂ ਸਦੀ ਦੀ ਭਗਤੀ ਲਹਿਰ-ਕਬੀਰ, ਰਵੀਦਾਸ, ਨਾਮਦੇਵ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੀਆਂ ਸਿੱਖਿਆਵਾਂ ਡੂੰਘੀਆਂ ਧਸੀਆਂ ਹੋਈਆਂ ਹਨ। ਸਾਡੇ ਸੂਰਬੀਰ, ਯੋਧੇ, ਭਗਤ ਸਿੰਘ, ਊਧਮ ਸਿੰਘ, ਚੰਦਰ ਸ਼ੇਖਰ ਆਜ਼ਾਦ, ਕਰਤਾਰ ਸਿੰਘ ਸਰਾਭਾ, ਗਦਰੀ ਬਾਬੇ, ਸੁਤੰਤਰਤਾ ਸੰਗਰਾਮ ਦੇ ਹੋਰ ਮਹਾਨ ਯੋਧੇ ਸਾਡੇ ਦੇਸ਼ ਦੀ ਲੋਕਾਂ ਦੀ ਰੂਹ ਵਿਚ ਵਸੇ ਹੋਏ ਹਨ।

ਇਸ ਲਈ ਕਦੇ ਵੀ ਮੋਦੀ ਸਰਕਾਰ ਅਤੇ ਸੰਘ ਪ੍ਰੀਵਾਰ ਦੇ ਭੈੜੇ ਮਨਸੂਬੇ ਪੂਰੇ ਨਹੀਂ ਹੋ ਸਕਣਗੇ। ਗੂੜ੍ਹੇ ਕਾਲੇ ਦਿਨਾਂ ਦੀ ਆਹਟ ਨੂੰ ਦੇਸ਼ ਦੀ ਜਨਤਾ ਜਨਾਰਦਨ ਸ਼ੁਰੂ ਵਿਚ ਹੀ ਰੋਕਣ ਦੇ ਸਮੱਰਥ ਹੈ।

2249, ਫ਼ੇਜ਼-10, ਮੁਹਾਲੀ, (ਪੰਜਾਬ)
98767-68960

## ਸੰਪਾਦਕ ਮੰਡਲ (ਆਨਰੇਰੀ)

ਮਾ. ਭਜਨ ਸਿੰਘ ਕੈਲਗਰੀ, ਅਲਬਰਟਾ
403-455-4220
ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ
ਅਵਤਾਰ ਸਿੱਧੂ, ਵਿਨੀਪੈਗ ਮਾਨੀਟੋਬਾ
204-981-3375
ਗੁਰਬਚਨ ਸਿੰਘ ਬਰਾੜ
403-470-2628
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
+91-92167-29598
akashdeep.1064@gmail.com

'ਸਰੋਕਾਰਾਂ ਦੀ ਆਵਾਜ਼' ਅਖ਼ਬਾਰ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਫਲਸਤੀਨ 'ਤੇ ਹਮਲੇ ਪਿਛਲੇ ਮਕਸਦ



ਮਨਦੀਪ

ਇਸਰਾਇਲ ਵੱਲੋਂ ਫਲਸਤੀਨ ਦੀ ਗਾਜ਼ਾ ਪੱਟੀ ਦੇ ਨਿਰਦੋਸ਼ ਲੋਕਾਂ ਉਪਰ ਭਿਆਨਕ ਬੰਬਾਰੀ ਕੀਤੀ ਜਾ ਰਹੀ ਹੈ। ਗਾਜ਼ਾ ਪੱਟੀ ਫਲਸਤੀਨ ਦਾ 15 ਲੱਖ ਵਸੋਂ ਤੇ 350 ਵਰਗ ਮੀਲ ਦੇ ਖੇਤਰ ਵਾਲਾ ਇਕ ਛੋਟਾ ਇਲਾਕਾ ਹੈ। ਵਸੋਂ ਦੇ ਇਸ ਛੋਟੇ ਜਿਹੇ ਹਿੱਸੇ ਉਪਰ ਤਾਜ਼ਾ ਹਮਲਾ ਅਮਰੀਕੀ ਸਾਮਰਾਜੀ ਸ਼ਹਿ ਪ੍ਰਾਪਤ ਇਸਰਾਇਲੀ ਹਾਕਮਾਂ ਵੱਲੋਂ ਕੀਤਾ ਜਾ ਰਿਹਾ 58ਵਾਂ ਅਣਮਨੁੱਖੀ ਹਮਲਾ ਹੈ। ਫਲਸਤੀਨ ਦੇ ਬੇਕਸੂਰ ਲੋਕ 60 ਵਰ੍ਹਿਆਂ ਦੇ ਵੱਧ ਸਮੇਂ ਤੋਂ ਨਿਰੰਤਰ ਇਨ੍ਹਾਂ ਅਣਮਨੁੱਖੀ ਹਮਲਿਆਂ ਦੀ ਮਾਰ ਝੱਲ ਰਹੇ ਹਨ। ਅਖ਼ਬਾਰੀ ਰਿਪੋਰਟਾਂ ਅਨੁਸਾਰ ਮੌਜੂਦਾ ਜਾਰੀ ਹਮਲਿਆਂ 'ਚ ਫਲਸਤੀਨ ਦੇ 1000 ਦੇ ਕਰੀਬ ਬੇਕਸੂਰ ਲੋਕ ਮਾਰੇ ਜਾ ਚੁੱਕੇ ਹਨ। ਇਸਰਾਇਲੀ ਹਵਾਈ ਸੈਨਾ ਵੱਲੋਂ ਇਸਲਾਮਿਕ ਮੂਲਵਾਦੀ ਹਮਾਸ ਤੇ ਉਸਦੇ ਨਜ਼ਦੀਕੀਆਂ ਦੇ ਟਿਕਾਣਿਆਂ ਉਪਰ ਹਮਲਾ ਕਰਨ ਦੀ ਕਾਰਵਾਈ ਵਿਚ ਦਰਜਨਾਂ ਬੇਦੋਸ਼ੇ ਲੋਕ ਜਾਨਾਂ ਗਵਾ ਚੁੱਕੇ ਹਨ, ਸੈਂਕੜੇ ਗੰਭੀਰ ਜ਼ਖ਼ਮੀ ਹਨ ਤੇ ਹਜ਼ਾਰਾਂ ਲੋਕ ਦਰ-ਬ-ਦਰ ਹੋਣ ਲਈ ਮਜ਼ਬੂਰ ਹਨ। ਇਸ ਬੰਬਾਰੀ 'ਚ ਮਾਸੂਮ ਬੱਚੇ, ਔਰਤਾਂ, ਬਜ਼ੁਰਗਾਂ ਤੇ ਨੌਜਵਾਨਾਂ ਦਾ ਬੇਰਹਿਮੀ ਨਾਲ ਕਤਲੇਆਮ ਕੀਤਾ ਜਾ ਰਿਹਾ ਹੈ। ਲਗਾਤਾਰ ਚਲਦੀ ਆ ਰਹੀ ਇਸ ਜੰਗ ਦੌਰਾਨ ਜਿੱਥੇ ਲੋਕ ਹਮਲਾਵਰਾਂ ਦੀ ਮਾਰ ਝੱਲ ਰਹੇ ਹਨ ਉੱਥੇ ਪਿਛਲੇ ਲੰਮੇ ਸਮੇਂ ਤੋਂ ਸਮੱਗਲਰ, ਚੋਰ, ਬਲੈਕ ਮਾਰਕਿਟਿੰਗ ਕਰਨ ਵਾਲੇ ਮਾਫੀਏ ਵੀ ਵੱਡੀ ਪੱਧਰ ਤੇ ਲੋਕਾਂ ਦੀ ਲੁੱਟ ਕਰਨ 'ਚ ਸਰਗਰਮ ਹਨ। ਹਮਲਿਆਂ ਦੇ ਇਸ ਮਹੌਲ 'ਚ ਬੇਘਰ ਹੋਏ ਲੋਕਾਂ ਦੀ ਖੁਰਾਕ ਤੇ ਦਵਾਈਆਂ ਦਾ ਪ੍ਰਬੰਧ ਬੇਹੱਦ ਮਾੜਾ ਹੈ।

ਇਨ੍ਹਾਂ ਹਮਲਿਆਂ ਪਿੱਛੇ ਅਮਰੀਕੀ ਸਾਮਰਾਜ ਤੇ ਉਸਦੇ ਹੱਥਠੋਕੇ ਇਸਰਾਇਲ ਦੇ ਦੂਰ-ਰਸ ਲੋਟੂ ਹਿੱਤ ਇਕ ਉਘੜਵੇਂ ਕਾਰਕ ਵਜੋਂ ਕੰਮ ਕਰਦੇ ਹਨ। ਇਹ ਹਿੱਤ ਹਨ ਫਲਸਤੀਨ ਸਮੇਤ ਪੂਰੇ ਮੱਧ ਪੂਰਬ ਦੇ ਤੇਲ ਦੇ ਸ੍ਰੋਤਾਂ ਉੱਪਰ ਕਬਜਾ ਤੇ ਇਸ ਦੀ ਪ੍ਰਾਪਤੀ ਲਈ ਉੱਥੋਂ ਦੇ ਆਰਥਿਕ-ਸਿਆਸੀ ਪ੍ਰਬੰਧ 'ਤੇ ਕਾਬਜ ਹੋਣਾ। ਇਨ੍ਹਾਂ ਹਿੱਤਾਂ ਦੀ ਪੂਰਤੀ ਲਈ ਫਲਸਤੀਨ ਦੇ ਲੋਕਾਂ 'ਤੇ ਲਗਾਤਾਰ ਆਰਥਿਕ ਨਾਕਾਬੰਦੀ ਤੇ ਗੋਲੀਬਾਰੀ ਕਰਦਿਆਂ ਉਨ੍ਹਾਂ ਨੂੰ ਲਮਕਵੀਂ ਖੂਨੀ ਜੰਗ ਦੇ ਸਹਿਮ ਹੇਠ ਜਿਉਣ ਲਈ ਮਜ਼ਬੂਰ ਕੀਤਾ ਹੋਇਆ ਹੈ। ਹਮਲਾਵਰ ਤਾਕਤਾਂ ਫਲਸਤੀਨ ਉਪਰ ਹਮਲੇ ਦਾ ਬਹਾਨਾ ਧਾਰਮਿਕ ਕੱਟੜਪੰਥੀ ਤਾਕਤਾਂ ਨੂੰ ਸਬਕ ਸਿਖਾਉਣਾ ਬਣਾਉਂਦੀਆਂ ਹਨ। ਅਜਿਹੇ ਸਮੇਂ ਅਮਰੀਕਾ ਆਪਣੇ ਆਪ ਨੂੰ ਸੰਸਾਰ ਅਮਨ ਦੇ ਰਾਖਵਾਲੇ ਵਜੋਂ ਦੋਹਾਂ ਧਿਰਾਂ 'ਚ ਸੁਲਾਹ-ਸਫਾਈ ਕਰਵਾਉਣ ਵਾਲੇ ਵਿਚੋਲੇ ਵਜੋਂ ਪੇਸ਼ ਕਰਦਾ ਆ ਰਿਹਾ ਹੈ ਤੇ "ਅਮਨ ਬਹਾਲੀ" ਦੀ ਦੁਹਾਈ ਪਾ ਰਿਹਾ ਹੈ। ਪਰੰਤੂ ਹਕੀਕਤ ਇਹ ਹੈ ਕਿ ਅਮਰੀਕਾ ਜੋ ਦੂਜੀ ਸੰਸਾਰ ਜੰਗ 'ਚੋਂ ਸਭ ਤੋਂ ਉਭਰਵੀਂ ਸਾਮਰਾਜੀ ਤਾਕਤ ਵਜੋਂ ਸਾਹਮਣੇ ਆਇਆ ਹੈ ਉਹ ਦੁਨੀਆ ਦੇ ਦੱਬੇ-ਕੁਚਲੇ ਦੇਸ਼ਾਂ ਉੱਪਰ ਆਪਣਾ ਗਲਬਾ ਪਾਉਣ ਦੀ ਨੀਤੀ ਤੇ ਚੱਲ ਰਿਹਾ ਹੈ। ਇਨ੍ਹਾਂ ਦੱਬੇ-ਕੁਚਲੇ ਮੁਲਕਾਂ ਦੇ ਕੀਮਤੀ ਖਣਿਜ ਸ੍ਰੋਤਾਂ ਨੂੰ ਹੜੱਪਣ ਤੇ ਮੱਧ ਪੂਰਬ ਦੇ ਪ੍ਰਸੰਗ 'ਚ ਉਥੋਂ ਦੇ ਤੇਲ ਦੇ ਖੂਹਾਂ ਤੇ ਕਬਜ਼ੇ ਲਈ ਲਗਾਤਾਰ ਜਾਲਸਾਜ਼ੀਆਂ ਕਰਦਾ ਆ ਰਿਹਾ ਹੈ। ਆਪਣੇ ਪਸਾਰਵਾਦੀ ਹਿੱਤਾਂ ਲਈ ਉਹ ਹਰ ਵਹਿਸ਼ੀ ਤੇ ਅਣਮਨੁੱਖੀ ਹਮਲੇ ਜਾਂ ਜੰਗ ਨੂੰ ਅੰਜਾਮ ਦਿੰਦਾ ਆ ਰਿਹਾ ਹੈ। ਉਹ ਪਿਛਲੇ ਸਮੇਂ ਤੋਂ ਅਰਬ ਦੇਸ਼ਾਂ ਦੇ ਅੰਦਰੂਨੀ ਵਿਰੋਧਾਂ ਨੂੰ ਹਵਾ ਦਿੰਦਿਆਂ ਉੱਥੇ ਜੰਗ ਵਾਲੀਆਂ ਹਾਲਤਾਂ ਪੈਦਾ ਕਰਦਿਆਂ ਆਪਣੀਆਂ ਕੱਠਪੁਤਲੀ ਸਰਕਾਰਾਂ ਬਣਾਉਣ 'ਚ ਰੁੱਝਿਆ ਹੋਇਆ ਹੈ। ਹਮਲਿਆਂ ਤੇ ਕਬਜਿਆਂ ਦੀ ਇਸੇ ਲੰਮੀ ਲੜੀ 'ਚੋਂ ਇਰਾਕ, ਅਫਗਾਨਿਸਤਾਨ ਤੇ ਮਿਸਰ ਦਾ ਅਮਲ ਇਸਦੀਆਂ ਤਾਜ਼ਾ ਤੇ ਪ੍ਰਤੱਖ ਉਦਾਹਰਣਾਂ ਹਨ।

ਫਲਸਤੀਨ ਦੇ ਲੋਕ ਪਹਿਲਾਂ ਉਟੋਮਾਨ ਰਾਜਾਸ਼ਾਹੀ (1500 ਈਸਵੀ ਤੋਂ ਪਹਿਲੀ ਸੰਸਾਰ ਜੰਗ ਤੱਕ), ਫਿਰ ਯੂਰਪ ਵਿਚਲੇ ਜਿਉਨਵਾਦੀ ਯਹੂਦੀਆਂ (ਪਹਿਲੀ ਸੰਸਾਰ ਜੰਗ ਤੋਂ ਦੂਜੀ ਸੰਸਾਰ ਜੰਗ ਦੇ ਅੰਤ ਤੱਕ) ਤੇ ਹੁਣ ਅਮਰੀਕੀ ਸ਼ਹਿ ਪ੍ਰਾਪਤ ਇਸਰਾਇਲ ਦੇ ਜਬਰ ਹੇਠ ਲਗਾਤਾਰ ਪਿਸਦੇ ਆ ਰਹੇ ਹਨ। ਇਨ੍ਹਾਂ ਜਾਬਰ ਤਾਕਤਾਂ ਖਿਲਾਫ ਜਿੱਥੇ ਫਲਸਤੀਨੀ ਲੋਕ ਲਗਾਤਾਰ ਛੋਟੀਆਂ-ਵੱਡੀਆਂ ਲੜਾਈਆਂ ਲੜਦੇ ਆ ਰਹੇ ਸਨ ਉੱਥੇ ਇਸਦਾ ਸਭ ਤੋਂ ਉਘੜਵਾਂ ਇਜ਼ਹਾਰ 1960 'ਚ ਇਨਕਲਾਬੀ ਉਭਾਰ ਰਾਹੀਂ ਸਾਹਮਣੇ ਆਇਆ। 1965 'ਚ 'ਫਲਸਤੀਨੀ ਗੁਰੀਲਾ ਜੱਥੇਬੰਦੀ' ਨੇ ਇਜ਼ਰਾਇਲ ਵਿਰੁੱਧ ਹਥਿਆਰਬੰਦ ਸੰਘਰਸ਼ ਸ਼ੁਰੂ ਕਰਕੇ ਸਮੁੱਚੇ ਫਲਸਤੀਨ 'ਚ ਜਮਹੂਰੀ ਤੇ ਧਰਮ ਨਿਰਪੱਖ ਰਾਜ ਦੀ ਸਥਾਪਨਾ ਦੀ ਮੰਗ ਉਭਾਰੀ। ਇਸ ਹੱਕੀ ਅਵਾਜ਼ ਨੂੰ ਖਤਮ ਕਰਨ ਲਈ ਇਸਰਾਇਲ ਨੇ ਸੰਸਾਰ ਅਮਨ ਕਾਨੂੰਨਾਂ ਨੂੰ ਅੱਖੋਂ-ਪਰੋਖੇ ਕਰਕੇ 1967 'ਚ "ਛੇ ਦਿਨਾਂ" ਦੀ ਵੱਡੀ ਹਮਲਾਵਰ ਜੰਗ ਰਾਹੀਂ ਲੋਕਾਂ ਦੇ ਜਾਨ-ਮਾਲ ਦਾ ਘਾਣ ਕੀਤਾ। 1967 'ਚ ਇਸਰਾਇਲ ਨੇ ਸੀਰੀਆ, ਜਾਰਡਨ ਤੇ ਮਿਸਰ ਦੀਆਂ ਫੌਜਾਂ ਨੂੰ ਨਿਹੱਕੀ ਜੰਗ ਛੇੜਕੇ ਹਰਾਇਆ ਤੇ ਇਸ ਜੰਗ ਦਾ ਬਹਾਨਾ ਬਣਾਇਆ ਕਿ ਇਹ ਸੁਰੱਖਿਆ ਦੇ ਪੈਂਤੜੇ ਤੋਂ ਲੜੀ ਗਈ ਹੈ। 1970 'ਚ ਇਸਨੇ ਲੀਬੀਆ ਦੇ ਯਾਤਰੀ ਹਵਾਈ ਜਹਾਜ਼ ਉਪਰ ਹਮਲੇ ਕਰਕੇ ਸੈਂਕੜੇ ਨਿਰਦੋਸ਼ ਲੋਕਾਂ ਨੂੰ ਮਾਰ ਮੁਕਾਇਆ। ਇਸੇ ਤਰ੍ਹਾਂ 1982 'ਚ ਇਸਰਾਇਲ ਨੇ ਲਿਬਨਾਨ ਤੇ ਟਿਊਨਸ 'ਤੇ ਭਾਰੀ ਬੰਬਾਰੀ ਕੀਤੀ ਜਿਸ ਵਿਚ 18 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ। ਇਸ ਬੰਬਾਰੀ ਦਾ ਬਹਾਨਾ ਇਹ ਬਣਾਇਆ ਗਿਆ ਕਿ ਇਹ ਸਭ ਫਲਸਤੀਨੀ ਮੁਕਤੀ ਜੱਥੇਬੰਦੀ (ਪੀ ਐਲ ਓ) ਦਾ ਪਿੱਛਾ ਕਰਨ ਹਿੱਤ ਕੀਤਾ ਗਿਆ। ਇਸ ਤਰ੍ਹਾਂ ਇਸ ਬਹਾਨੇ ਰਾਹੀਂ ਹਮਲਾਵਰ ਹਾਕਮ ਸੈਂਕੜੇ ਬੇਕਸੂਰ ਲੋਕਾਂ ਦੇ ਕਤਲੇਆਮ ਦੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋ ਗਏ। ਇਨ੍ਹਾਂ ਇਕ ਤੋਂ ਬਾਅਦ ਇਕ ਨਿਹੱਕੇ ਜਾਨਲੇਵਾ ਹਮਲਿਆਂ ਤੋਂ ਅੱਕੇ ਫਲਸਤੀਨੀ ਲੋਕਾਂ 'ਚ ਗੁੱਸੇ ਦੀ ਵਿਆਪਕ ਲਹਿਰ ਉੱਠ ਖੜ੍ਹੀ ਹੋਈ ਤੇ ਉਨ੍ਹਾਂ ਅਮਰੀਕਾ ਪੱਖੀ ਇਸਰਾਇਲੀ ਫੌਜ ਨੂੰ ਗਲੀਆਂ-ਸੜਕਾਂ 'ਤੇ ਘੇਰਕੇ ਜਵਾਬੀ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਸਿੱਟੇ ਵਜੋਂ ਬਗਾਵਤ ਤੋਂ ਭੈਭੀਤ ਹਮਲਾਵਰ ਹਾਕਮ ਜਬਰ ਦੀ ਨੀਤੀ ਦੇ ਨਾਲ-ਨਾਲ ਅਮਨ ਸਮਝੌਤੇ ਦੀ ਚਾਲ ਚੱਲਣ ਦੀ ਨੀਤੀ 'ਤੇ ਆ ਗਏ। ਇਸਦੇ ਫਲਸਰੂਪ ਅਮਰੀਕਾ ਦੀ ਵਿਚੋਲਗੀ ਹੇਠ ਫਲਸਤੀਨੀ ਮੁਕਤੀ ਜੱਥੇਬੰਦੀ ਤੇ ਇਸਦੇ ਚੋਟੀ ਦੇ ਆਗੂ ਯਾਸਰ ਅਰਫ਼ਾਤ ਨੇ 1993 ਦੇ ਇਕ ਗੋਡੇਟੇਕੂ ਸਮਝੌਤੇ (ਓਸਲੋ ਸਮਝੌਤਾ) ਰਾਹੀਂ ਇਸਰਾਇਲ ਤੇ ਫਲਸਤੀਨ (ਗਾਜ਼ਾ ਪੱਟੀ ਤੇ ਪੱਛਮੀ ਕੰਢਾ) ਦੋ ਰਾਜ ਸਥਾਪਿਤ ਕਰਨ ਦੀ ਸਹਿਮਤੀ ਦੇ ਦਿੱਤੀ। ਪਰ ਇਹ ਹਮਲਾਵਰ ਤਾਕਤਾਂ ਦੀ ਸਾਜਿਸ਼ ਸੀ ਜਿਸ ਤਹਿਤ ਉਨ੍ਹਾਂ ਨੇ ਇਸ ਵੱਖਰੇ ਸਥਾਪਿਤ ਫਲਸਤੀਨ ਜੋ ਸਮੁੱਚੇ ਫਲਸਤੀਨ ਦੇ ਕੁੱਲ ਹਿੱਸੇ ਦਾ ਮਹਿਜ 10 ਫੀਸਦੀ ਹੀ ਬਣਦਾ ਸੀ, ਦੀ ਤਾਕਤ ਨੂੰ ਖਿੰਡਾ ਦਿੱਤਾ। ਇਸਦੇ ਉਲਟ ਇਸਰਾਇਲ ਨੇ 90 ਫੀਸਦੀ ਹਿੱਸੇ ਤੇ ਕਬਜਾ ਕਰ ਲਿਆ। ਇਸ 90 ਫੀਸਦੀ ਹਿੱਸੇ ਵਿਚ ਸਾਰੀਆਂ ਯੁੱਧਨੀਤਕ ਥਾਵਾਂ, ਗੋਲਾਨ ਦਾ ਉੱਚਾ ਖੇਤਰ, ਮੁੱਖ ਸ਼ਾਹਰਾਹ, ਪ੍ਰਮੁੱਖ ਸਮੁੰਦਰੀ ਰਸਤੇ ਆਦਿ ਮਹੱਤਵਪੂਰਨ ਹਿੱਸਾ ਇਸਰਾਇਲ ਦੇ ਕਬਜੇ ਹੇਠ ਆ ਗਿਆ। ਦੂਜੇ ਪਾਸੇ ਫਲਸਤੀਨ ਦੇ ਗਾਜ਼ਾ ਪੱਟੀ ਤੇ ਪੱਛਮੀ ਕੰਢੇ ਦੇ ਲੋਕਾਂ ਨੂੰ ਰਿਫਿਊਜ਼ੀਆਂ ਵਾਂਗ ਬਿਨਾਂ ਕਿਸੇ ਪੁਖ਼ਤਾ ਇੰਤਜਾਮ ਦੇ ਮਹੱਤਵਪੂਰਨ ਇਸਰਾਇਲੀ ਖੇਤਰਾਂ 'ਚੋਂ ਬਾਹਰ ਧੱਕ ਦਿੱਤਾ ਗਿਆ। ਇਸ ਸਮਝੌਤੇ ਤੋਂ ਬਾਅਦ ਕਦੇ ਵੀ ਹਮਲਾਵਰ ਤਾਕਤਾਂ ਨੇ ਫਲਸਤੀਨ ਉਪਰ ਕਬਜੇ ਦੇ ਵਿਚਾਰ ਨੂੰ ਮਨੋਂ ਨਹੀਂ ਸੀ ਵਿਸਾਰਿਆ। ਉਹ ਵਕਤੀ ਤੌਰ ਤੇ ਲੋਕ ਰੋਹ ਨੂੰ ਕਮਜੋਰ ਕਰਨ ਤੇ ਇਨ੍ਹਾਂ ਦੋ ਰਾਜਾਂ ਦੀ ਵੰਡ ਰਾਹੀਂ ਫਲਸਤੀਨ ਦੀ ਸ਼ਕਤੀ ਨੂੰ ਘੱਟ ਕਰਨ ਦੀ ਚਾਲ ਤਹਿਤ ਭਵਿੱਖ 'ਚ ਫਲਸਤੀਨ ਉਪਰ ਹਮਲਾ ਕਰਨ ਦੀ ਵਿਉਂਤ ਤੇ ਮੌਕੇ ਦੀ ਭਾਲ ਵਿਚ ਜੁੱਟ ਗਏ ਸਨ। ਤੇ ਉਨ੍ਹਾਂ ਦਾ ਬਾਅਦ ਦਾ ਅਮਲ ਉਨ੍ਹਾਂ ਦੇ ਇਰਾਦੇ ਦੀ ਪੁਸ਼ਟੀ ਕਰਦਾ ਹੈ। ਮੌਜੂਦਾ ਹਮਲੇ ਵੀ ਇਸੇ ਕੋਝੇ ਪਸਾਰਵਾਦੀ ਇਰਾਦੇ ਦੇ ਜਾਹਰਾ ਇਜ਼ਹਾਰ ਹਨ।

ਕੁਝ ਸਮੇਂ ਬਾਅਦ ਹੀ ਇਸਰਾਇਲ ਨੇ 'ਓਸਲੋ ਅਮਨ ਸਮਝੌਤੇ' ਦੀ ਅਣਦੇਖੀ ਕਰਦਿਆਂ ਫਲਸਤੀਨ ਤੇ ਮੁੜ ਕਬਜ਼ਾ ਕਰਨ ਦੀਆਂ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ। ਇਸ ਸਮੇਂ ਅਮਰੀਕਾ ਨੇ ਫਲਸਤੀਨ ਦੀਆਂ ਧਾਰਮਿਕ ਤੇ ਲੋਕ ਲਹਿਰਾਂ ਨੂੰ ਕੁਚਲਣ ਲਈ ਦਹਿਸ਼ਤਗਰਦੀ ਵਿਰੋਧੀ ਜੰਗ ਦਾ ਸਹਾਰਾ ਲੈ ਕੇ ਫਲਸਤੀਨ 'ਤੇ ਮੁੜ ਹਮਲੇ ਸ਼ੁਰੂ ਕਰਵਾ ਦਿੱਤੇ। ਇਸ ਸਮੇਂ ਦਾ ਇਕ ਅਹਿਮ ਪਹਿਲੂ ਇਹ ਹੈ ਕਿ ਜਦੋਂ ਮੂਲਵਾਦੀ ਨੇਤਾ ਯਾਸਰ ਅਰਾਫ਼ਤ ਨੇ ਪਿਛਾਖੜੀ ਸਾਮਰਾਜੀਆਂ ਸਾਹਮਣੇ ਆਤਮ ਸਮਰਪਣ ਕਰ ਦਿੱਤਾ ਤਾਂ ਫਲਸਤੀਨੀ ਲੋਕਾਂ ਦਾ ਉਸ 'ਤੋਂ ਬਚਿਆ-ਖੁਚਿਆ ਵਿਸ਼ਵਾਸ਼ ਵੀ ਉੱਠ ਗਿਆ। ਇਸ ਸਮੇਂ ਹਮਾਸ ਉਭਰਕੇ ਸਾਹਮਣੇ ਆਇਆ। ਅਮਰੀਕਾ ਤੇ ਉਸਦੇ ਕਠਪੁਤਲੀ ਇਸਰਾਇਲ ਨੇ ਫਲਸਤੀਨੀ ਲੋਕਾਂ ਤੇ ਹੋਰ ਸੈਕੂਲਰ ਤਾਕਤਾਂ ਦੇ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਹਮਾਸ ਨੂੰ ਇਜਰਾਈਲ 'ਚ ਮਜ਼ਬੂਤ ਕੀਤਾ। ਕਿਉਂਕਿ ਹਮਾਸ ਇਸਲਾਮਿਕ ਮੂਲਵਾਦੀ ਵਿਚਾਰਧਾਰਾ ਤੇ ਸਿਆਸਤ ਦਾ ਮੁਦਈ ਸੀ। ਸਾਮਰਾਜੀਏ ਆਪਣੀ ਇਸ ਚਾਲ ਵਿਚ ਕਾਫੀ ਹੱਦ ਤੱਕ ਕਾਮਯਾਬ ਹੋਏ। ਪਰੰਤੂ ਮੌਜੂਦਾ ਬਦਲੀਆਂ ਹਾਲਤਾਂ ਵਿਚ ਅਮਰੀਕਾ ਨੇ 2001 'ਚ 9/11 ਤੋਂ ਬਾਅਦ ਦਹਿਸ਼ਤਗਰਦੀ ਵਿਰੋਧੀ ਜੰਗ ਦੇ ਨਾਂ ਹੇਠ ਆਮ ਲੋਕਾਂ ਤੇ ਆਪਣਾ ਜਾਬਰ ਹਮਲਾ ਤੇਜ ਕਰ ਦਿੱਤਾ। ਅਤੇ ਨਾਲ ਹੀ ਆਪਣੇ ਹੱਥੀਂ ਪਾਲੇ ਇਸ ਮੂਲਵਾਦ ਨੂੰ ਆਪਣੇ ਵਿਰੁੱਧ ਖੜ੍ਹਾ ਕਰਕੇ ਲੋਕਾਂ ਉਪਰ ਜਬਰੀ ਜੰਗ ਥੋਪਣ ਦਾ ਢਕਵੰਜ ਰਚਿਆ। ਹਮਾਸ ਜਿਸਨੂੰ ਅਮਰੀਕਾ ਨੇ ਪਹਿਲਾਂ ਲੋਕਪੱਖੀ ਤਾਕਤਾਂ ਨੂੰ ਕੁਚਲਣ ਲਈ ਪਾਲਿਆ-ਪੋਸਿਆ ਸੀ ਹੁਣ ਉਹ ਉਸਦੇ ਕਿਸੇ ਕੰਮ ਦਾ ਨਹੀਂ ਸੀ ਰਿਹਾ ਤੇ ਹੁਣ ਉਸਨੂੰ ਦੁਸ਼ਮਣ ਬਣਾਕੇ ਅਮਰੀਕਾ ਦਰਅਸਲ ਫਲਸਤੀਨੀ ਲੋਕਾਂ ਤੇ ਆਪਣਾ ਦਬਾਅ ਬਣਾ ਰਿਹਾ ਹੈ। ਉੱਧਰ ਹਮਾਸ ਦਾ ਏਜੰਡਾ ਯਾਸਰ ਅਰਾਫ਼ਤ ਨਾਲੋਂ ਕੋਈ ਵੱਖਰਾ ਨਹੀਂ ਹੈ। ਉਹ ਫਲਸਤੀਨੀ ਲੋਕਾਂ ਦੇ ਸਾਮਰਾਜ ਖਿਲਾਫ ਉੱਠਦੇ ਵਿਰੋਧ ਨੂੰ ਵਰਤਕੇ ਹਕੂਮਤੀ ਗੱਦੀ ਅਤੇ ਆਪਣੀ ਪਿਛਾਖੜੀ ਵਿਚਾਰਧਾਰਾ ਨੂੰ ਅੱਗੇ ਵਧਾਉਣਾ ਚਾਹੁੰਦਾ ਹੈ, ਜਿਸ ਵਿੱਚ ਲੋਕਾਂ ਦੇ ਹਿੱਤ ਤੇ ਸੁਰੱਖਿਆ ਦਾ ਕੋਈ ਮੁੱਦਾ ਨਹੀਂ ਹੈ। ਹਮਾਸ ਫਲਸਤੀਨ ਤੇ ਇਜਰਾਇਲ ਦੋ ਰਾਜਾਂ ਦੇ ਬਣੇ ਰਹਿਣ 'ਚ ਹੀ ਲੋਕਾਂ ਦੀ ਭਲਾਈ ਵੇਖਦਾ ਹੈ ਨਾ ਕਿ ਲੁਟੇਰੀ ਤੇ ਜਾਬਰ ਇਜਰਾਇਲੀ ਸੱਤਾ ਨੂੰ ਖਤਮ ਕਰਕੇ ਲੋਕ ਜਮਹੂਰੀ ਫਲਸਤੀਨੀ ਰਾਜ ਦੀ ਸਥਾਪਤੀ ਵਜੋਂ।

ਇਸ ਤਰ੍ਹਾਂ ਫਲਸਤੀਨ ਉਪਰਲੇ ਤਾਜ਼ਾ ਹਮਲੇ ਵਿੱਚ ਪਿਛਾਖੜੀ ਤੇ ਦਬਾਊ ਇਸਲਾਮੀ ਤਾਕਤਾਂ ਜੋ ਹਮਾਸ ਦੀ ਹਮਾਇਤ ਦੇ ਬਿਆਨ ਦੇ ਰਹੀਆਂ ਹਨ ਉਹ ਅਸਲ ਵਿਚ ਇਸਰਾਇਲ ਦੇ ਅਣਮਨੁੱਖੀ ਹਮਲੇ ਤੇ ਲੋਕਾਂ ਦੇ ਹੋ ਰਹੇ ਉਜਾੜੇ ਨਾਲੋਂ ਵੱਧ ਆਪਣੇ ਇਸਲਾਮੀ ਗਣਰਾਜ ਦੇ ਫਿਰਕੂ ਪਿਛਾਖੜੀ ਏਜੰਡੇ ਪ੍ਰਤੀ ਜਿਆਦਾ ਫਿਕਰਮੰਦ ਹਨ। ਇਸੇ ਤਰ੍ਹਾਂ ਅਮਰੀਕੀ ਰਾਸ਼ਟਰਪਤੀ ਬਰਾਕ ਉਬਾਮਾ ਵਲੋਂ ਸ਼ਾਂਤੀਵਾਰਤਾ ਤੇ ਗੋਲੀਬੰਦੀ ਦਾ ਬਿਆਨ ਮੱਗਰਮੱਛ ਦੇ ਹੰਝੂ ਕੇਰਨ ਬਰਾਬਰ ਹੈ। ਕਿਉਂਕਿ ਆਪਣੇ ਪਸਾਰਵਾਦੀ ਆਰਥਿਕ-ਸਿਆਸੀ ਹਿੱਤਾਂ ਲਈ 60 ਵਰ੍ਹਿਆਂ ਤੋਂ ਵੱਧ ਸਮੇਂ ਤੋਂ ਚਲਦੀ ਆ ਰਹੀ ਇਸ ਲਮਕਵੀਂ ਜੰਗ ਨੂੰ ਬੜ੍ਹਾਵਾ ਦੇਣ 'ਚ ਅਮਰੀਕਾ ਦੀ ਪ੍ਰਮੁੱਖ ਹਿੱਸੇਦਾਰੀ ਜੱਗ ਜਾਹਰ ਹੈ। ਹੁਣ ਜਦੋਂ ਇਰਾਕ ਅਤੇ ਹੋਰ ਅਰਬ ਦੇਸ਼ਾਂ ਉਪਰ ਹਮਲੇ ਦੇ ਬੱਦਲ ਮੰਡਰਾ ਰਹੇ ਹਨ ਤੇ ਜਦੋਂ ਅਮਰੀਕੀ ਸਾਮਰਾਜ ਦੀ ਨੀਤੀਗਤ ਪੱਧਰ ਤੇ ਕੋਈ ਤਬਦੀਲੀ ਸਾਹਮਣੇ ਨਹੀਂ ਆ ਰਹੀ ਅਤੇ ਉਸ ਵੱਲੋਂ ਹਮਲਾਵਰ ਇਸਰਾਇਲ ਉਪਰ ਕੌਮਾਂਤਰੀ ਅਮਨ ਸੰਧੀਆਂ-ਸਮਝੌਤਿਆਂ ਦੀ ਉਲੰਘਣਾ ਕਰਨ 'ਤੇ ਕੋਈ ਅਮਲੀ ਕਾਰਵਾਈ ਨਹੀਂ ਕੀਤੀ ਗਈ ਤਾਂ ਅਜਿਹੇ ਸਮੇਂ ਸ਼ਾਂਤੀਵਾਰਤਾ ਦੇ ਬਿਆਨ ਮਹਿਜ ਆਪਣੇ ਆਪ ਨੂੰ ਸੰਸਾਰ ਅਮਨ ਸ਼ਾਂਤੀ ਦੇ ਰਖਵਾਲੇ ਵਜੋਂ ਪੇਸ਼ ਕਰਨ ਦੇ ਢਕਵੰਜ ਤੋਂ ਵੱਧ ਕੁਝ ਨਹੀਂ ਹਨ।

ਦੂਜੇ ਪਾਸੇ ਫਲਸਤੀਨ ਦੇ ਲੋਕ ਜਿੱਥੇ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਜਬਰ-ਜ਼ੁਲਮ ਤੇ ਕਤਲੇਆਮ ਦਾ ਸੰਤਾਪ ਆਪਣੇ ਉਪਰ ਹੰਢਾ ਰਹੇ ਹਨ ਉੱਥੇ ਉਨ੍ਹਾਂ ਫਲਸਤੀਨੀ ਲੋਕਾਂ ਦੁਆਰਾ ਸਵੈਮਾਣ ਤੇ ਅਜ਼ਾਦੀ ਦੀ ਜ਼ਿੰਦਗੀ ਜਿਉਣ ਲਈ ਕੌਮੀ ਸੰਘਰਸ਼ਾਂ 'ਚ ਜੂਝਣ ਤੇ ਕੁਰਬਾਨ ਹੋਣ ਦਾ ਵੀ ਸ਼ਾਨਾਮੱਤਾ ਇਤਿਹਾਸ ਰਿਹਾ ਹੈ। ਜਿਸਨੇ ਸੰਸਾਰ ਭਰ 'ਚ ਭਿਆਨਕ ਸਾਮਰਾਜੀ ਜੰਗ ਸਾਹਮਣੇ ਲੰਮਾ ਸਮਾਂ ਲੜਦੇ ਰਹਿਣ ਦੇ ਕੀਰਤੀਮਾਨ ਸਥਾਪਿਤ ਕੀਤੇ ਹਨ। ਹਮਲਾਵਰ ਤਾਕਤਾਂ ਫਲਸਤੀਨ ਦੇ ਲੋਕਾਂ ਦੀ ਅਜ਼ਾਦ ਜ਼ਿੰਦਗੀ ਜਿਉਣ ਦੀ ਚਾਹਤ ਨੂੰ ਕਦੇ ਖਤਮ ਨਹੀਂ ਕਰ ਸਕਦੀਆਂ। ਜਦੋਂ ਤੱਕ ਜਬਰ ਰਹੇਗਾ ਉਸ ਖਿਲਾਫ ਟੱਕਰ ਕਦੇ ਖਤਮ ਨਹੀਂ ਹੋਵੇਗੀ। ਅੱਜ ਦੁਨੀਆਂ ਭਰ ਦੇ ਅਮਨਪਸੰਦ, ਅਗਾਂਹਵਧੂ ਤੇ ਚੇਤੰਨ-ਸੰਘਰਸ਼ਸ਼ੀਲ ਲੋਕ ਫਲਸਤੀਨੀ ਲੋਕਾਂ ਉਪਰ ਘਿਨੌਣੇ ਇਸਰਾਇਲੀ ਹਮਲੇ ਦੀ ਨਿੰਦਾ ਤੇ ਇਸਦੇ ਖਿਲਾਫ ਰੋਸ ਪ੍ਰਦਰਸ਼ਨ ਕਰ ਰਹੇ ਹਨ। ਫਲਸਤੀਨੀ ਲੋਕਾਂ ਦੇ ਹੱਕ 'ਚ ਉੱਠ ਰਹੀ ਅਵਾਜ਼ ਉਨ੍ਹਾਂ ਦੇ ਸਵੈਮਾਣ ਤੇ ਬਰਾਬਰੀ ਨਾਲ ਜਿਉਣ ਦੇ ਬੁਨਿਆਦੀ ਹੱਕ ਦੀ ਵਜ਼ਾਹਤ ਕਰ ਰਹੀ ਹੈ। ਪਹਿਲਾਂ ਹੀ ਨੈਤਿਕ ਤੌਰ ਤੇ ਹਾਰ ਚੁੱਕੀਆਂ ਸਾਮਰਾਜੀ ਤਾਕਤਾਂ ਦਾ ਹਸ਼ਰ ਇਸ ਵਾਰ ਵੀ ਹਾਰ



# ਸਾਡੇ ਗੀਤਾਂ ਦਾ ਗਿਰ ਰਿਹਾ ਮਿਆਰ

ਗੁਰਪ੍ਰੀਤ ਕੌਰ ਸਾਹਨੀ



ਪੰਜਾਬੀ ਭਾਸ਼ਾ ਇਕ ਅਜਿਹੀ ਮਿਠੀ ਭਾਸ਼ਾ ਹੈ, ਜਿਸ ਨੂੰ ਪੂਰੇ ਸੰਸਾਰ ਦੇ ਪੰਦਰਾਂ ਕਰੋੜ ਤੋਂ ਵੱਧ ਲੋਕ ਬੋਲਦੇ ਹਨ। ਮਾਖਿਓਂ ਮਿਠੀ ਪੰਜਾਬੀ ਦੀ ਮਿਠਾਸ ਅਤੇ ਇਸ ਭਾਸ਼ਾ ਦੀ ਮਿਠੀ ਖੁਸ਼ਬੋਈ ਜੱਗ ਦੇ ਕੋਨੇ-ਕੋਨੇ ਅੰਦਰ ਸਮਾਈ ਹੈ। ਦੁਨੀਆਂ ਦੇ ਹਰ ਕੋਨੇ ਅੰਦਰ ਪੰਜਾਬੀ ਬੋਲਣ ਵਾਲਾ ਵੱਸਦਾ ਹੈ ਅਤੇ ਇਸ ਦੀ ਮਹਿਕ ਖਿਲਾਰਦਾ ਹੈ।

ਸਾਡੇ ਪੰਜਾਬ ਦੀ ਮਿੱਟੀ ਅੰਦਰ ਪੰਜਾਬੀ ਭਾਸ਼ਾ ਦੇ ਨਾਲ-ਨਾਲ, ਪੰਜਾਬੀ ਸਭਿਆਚਾਰ ਵੀ ਸਾਡੇ ਸਮਾਜ ਦਾ ਸ਼ੀਸ਼ਾ ਹੈ, ਜੋ ਸਦੀਆਂ ਤਾਈਂ ਲਿਸ਼ਕਿਆ-ਪੁਸ਼ਕਿਆ ਰਿਹਾ। ਸਾਫ਼-ਸੁਥਰਾ, ਅਮੀਰ ਸੱਭਿਆਚਾਰ ਅਤੇ ਨਿੱਗਰ ਵਿਰਸਾ ਲੰਬੇ ਅਰਸੇ ਤੱਕ ਸਾਡੇ ਪੰਜਾਬ ਦੀ ਮਾਣਮੱਤੀ ਸ਼ਾਨ ਬਣਿਆ ਰਿਹਾ। ਘੱਗਰੇ, ਫੁਲਕਾਰੀਆਂ, ਹਾਰ-ਹਮੇਲਾਂ, ਸੱਗੀ ਫੁੱਲ, ਪੱਖੀਆਂ, ਚਾਟੀਆਂ, ਮਧਾਣੀਆਂ, ਤ੍ਰਿੰਞਣ, ਮੇਲੇ, ਘੋੜੀਆਂ, ਬੱਕੀਆਂ, ਹਲ਼-ਪੰਜਾਲ਼ੀਆਂ ਆਦਿ ਸਾਡੇ ਸੱਭਿਆਚਾਰ ਦੀ ਸ਼ਾਨ ਬਣੀਆਂ ਰਹੀਆਂ। ਇਸ ਤੋਂ ਇਲਾਵਾ ਮੁੱਦਤ ਤੋਂ 'ਲੋਕ-ਗੀਤ' ਸਾਡੇ ਦਿਲਾਂ ਦੀ ਅਵਾਜ਼ ਬਣੇ ਰਹੇ।

ਜਦੋਂ ਗੱਲ ਲੋਕ-ਗੀਤਾਂ ਦੀ ਚੱਲਦੀ ਹੈ ਤਾਂ ਸਾਡੇ ਕਾਲਜੇ 'ਚੋਂ ਇੱਕ ਹੂਕ ਨਿੱਕਲਦੀ ਹੈ। ਸਾਡੇ ਗੀਤ ਕੀ ਦੇ ਕੀ ਹੋ ਗਏ? ਕਦੇ ਪੰਜਾਬ ਦੇ ਲੋਕ ਗੀਤਾਂ ਦੀਆਂ ਵੰਨਗੀਆਂ ਸਾਡਾ ਪੁਰਾਤਨ ਵਿਰਸਾ ਦਰਸਾਉਂਦੀਆਂ ਹੋਈਆਂ ਪੁਰਾਤਨ ਪੰਜਾਬ ਦੀਆਂ ਕੱਚੀਆਂ ਕੰਧਾਂ-ਕੌਲਿਆਂ 'ਚ ਵਿਚਰਦੀਆਂ ਰਹੀਆਂ। ਭਲੇ ਵੇਲ਼ੇ ਹੁੰਦੇ ਸਨ, ਜਦੋਂ ਕਦੇ ਲਿੱਪਦੀਆਂ-ਪੋਚਦੀਆਂ ਸੁਆਣੀਆਂ ਆਪਣੇ ਘਰ ਦੀਆਂ ਕੰਧਾਂ ਉੱਤੇ ਮੋਰ-ਘੁੱਗੀਆਂ ਪਾਉਂਦੀਆਂ ਵੀ ਲੰਮੀਆਂ ਹੇਕਾਂ ਵਾਲ਼ੇ ਗੀਤ ਛੋਂਹਦੀਆਂ, ਤ੍ਰਿੰਞਣਾਂ ਦੀ ਟੁਣਕਾਰ ਦੂਰੋਂ ਆਉਂਦੇ-ਜਾਂਦੇ ਰਾਹੀਆਂ ਨੂੰ ਵੀ ਨਸ਼ਿਆ ਜਾਂਦੀ । ਵਿਆਹਾਂ-ਸ਼ਾਦੀਆਂ ਦੇ ਮੌਕਿਆਂ 'ਤੇ ਸਾਡੇ ਪੁਰਾਤਨ ਲੋਕ-ਗੀਤ ਖੁਸ਼ੀ ਨੂੰ ਦੂਣਾਂ-ਚੌਗਣਾ ਕਰ ਦਿੰਦੇ ਸਨ। ਪਰਿਵਾਰ ਦੀਆਂ ਔਰਤਾਂ ਤੋਂ ਇਲਾਵਾ ਗਲ਼ੀ-ਮੁਹੱਲਿਆਂ ਦੀਆਂ ਤ੍ਰੀਮਤਾਂ ਇਕੱਠੀਆਂ ਹੋ ਕੇ ਵਿਆਹ ਤੋਂ ਕਈ-ਕਈ ਦਿਨ ਪਹਿਲਾਂ ਗੀਤਾਂ ਦੀ ਛਹਿਬਰ ਲਾ ਦਿੰਦੀਆਂ ਸਨ। ਹਰ ਰਸਮ ਦੇ ਗੀਤ ਜਦੋਂ ਹੇਕਾਂ ਬਣ-ਬਣ ਕੇ ਦਿਲਾਂ 'ਚੋਂ ਨਿੱਕਲਦੇ, ਤਾਂ ਪੂਰੇ ਵਾਤਾਵਰਣ ਵਿੱਚੋਂ ਇੱਕ ਅਗੰਮੀ ਮਹਿਕ ਖਿਲਰ ਜਾਇਆ ਕਰਦੀ। ਬੱਚੇ, ਬੁੱਢੇ, ਜਵਾਨ, ਕੁੜੀਆਂ-ਬੁੜ੍ਹੀਆਂ ਸਭ ਇਕੱਠੇ ਮਿਲ ਕੇ ਉਹਨਾਂ ਗੀਤਾਂ ਦਾ ਆਨੰਦ ਮਾਣਦੇ। ਕੋਈ ਅਜਿਹੀ ਅਸ਼ਲੀਲਤਾ ਇਹਨਾਂ ਗੀਤਾਂ ਅੰਦਰ ਨਾ ਹੁੰਦੀ ਕਿ ਗੀਤ ਪਰਿਵਾਰ ਵੱਚ ਬੈਠ ਕੇ ਸੁਣੇ ਨਾ ਜਾ ਸਕਦੇ ਹੋਣ। ਲੋਕ ਗੀਤਾਂ ਅੰਦਰ ਧੀ ਆਪਣੇ ਪਿਓ-ਭਰਾ ਆਦਿ ਨੂੰ ਆਪਣੇ ਲਈ ਚੰਗਾ ਵਰ-ਘਰ ਲੱਭਣ ਦੇ ਤਰਲੇ ਕਰਦੀ---

**ਵੇ ਪੱਕਾ ਘਰ ਟੋਲ੍ਹੀਂ ਬਾਬਲਾ !**
**ਕਿਤੇ ਲਿੱਪਣੇ ਨਾ ਪੈਣ ਬਨੇਰੇ॥**

ਵਿਆਹ ਪਿੱਛੋਂ ਪਰਦੇਸ ਬੈਠੀ ਧੀ ਆਪਣੇ ਬਾਬਲ ਦੇ ਵਿਛੋੜੇ ਵਿੱਚ ਔਸੀਆਂ ਪਾਉਂਦੀ। ਭਰਾਵਾਂ ਦੀ ਯਾਦ ਵਿੱਚ ਰੁਦਨ ਕਰਦੀ---

**ਬਾਬਲਾ ! ਚਿੱਟੀਆਂ-ਚਿੱਟੀਆਂ ਕੂੰਜਾਂ ਤੇਰੇ ਦੇਸ ਤੋਂ ਉੱਡਦੀਆਂ ਆਈਆਂ।**
**ਤੁਸਾਂ ਵੀ ਸਾਨੂੰ ਮਨੋਂ ਭੁਲਾਇਆ**
**ਮੈਨੂੰ ਕੂੰਜ-ਵਿਛੋੜਾ ਪਾਇਆ॥**

ਇਸ ਤੋਂ ਇਲਾਵਾ ਹਰ ਰਿਸ਼ਤੇ ਨੂੰ ਲੋਕ-ਗੀਤਾਂ ਅੰਦਰ ਜੀਵਿਆ ਜਾਂਦਾ ਸੀ ਅਤੇ ਮਜ਼ਬੂਤ ਰਿਸ਼ਤਿਆਂ ਦੀਆਂ ਲੜੀਆਂ ਅੰਦਰ ਪ੍ਰੋਇਆ ਜਾਂਦਾ ਸੀ। ਦਿਓਰ-ਭਰਜਾਈ, ਸੱਸ-ਸਹੁਰਾ, ਜੇਠ, ਦਰਾਣੀ-ਜਠਾਣੀ ਆਦਿ ਰਿਸ਼ਤਿਆਂ ਨੂੰ ਲੋਕ-ਗੀਤਾਂ ਅੰਦਰ ਪੀਢੀਆਂ ਗੱਠਾਂ ਅੰਦਰ ਗੁੰਦਿਆ ਜਾਂਦਾ ਸੀ ਅਤੇ ਨਿੱਘੇ ਰਿਸ਼ਤਿਆਂ ਦਾ ਕੋਸਾ-ਕੋਸਾ ਨਿੱਘ ਮਾਣਿਆ ਜਾਂਦਾ ਸੀ। ਜੇ ਕਿਸੇ ਨਾਲ ਗੁੱਸਾ-ਗਿਲਾ ਵੀ ਹੁੰਦਾ ਤਾਂ ਸਾਫ਼-ਸੁਥਰੇ ਸ਼ਬਦਾਂ ਵਿੱਚ ਕਹਿ ਲਿਆ ਜਾਂਦਾ ਸੀ। ਜਿਵੇਂ ਸੱਸ 'ਤੇ ਗੁੱਸਾ ਆਉਂਦਾ ਤਾਂ ਕੁੜੀ ਗਿੱਧਿਆਂ ਅੰਦਰ ਬੋਲੀ ਪਾ ਕੇ ਦਿਲ ਹੌਲ਼ਾ ਕਰ ਲਿਆ ਕਰਦੀ—

**ਮਾਪਿਆਂ ਨੇ ਰੱਖੀ ਲਾਡਲੀ**
**ਅੱਗੋਂ ਸੱਸ ਬਘਿਆੜੀ ਟੱਕਰੀ॥**

**ਜੇਠ ਦੀਆਂ ਵਧੀਕੀਆਂ ਤੋਂ ਤੰਗ ਆਈ**
ਮੁਟਿਆਰ ਦਿਲ ਦਾ ਗ਼ੁਬਾਰ ਕੱਢਦੀ-

**ਮੈਂ ਤਾਂ ਜੇਠ ਨੂੰ ਜੀ-ਜੀ ਆਖਾਂ**
**ਮੈਨੂੰ ਕਹਿੰਦਾ ਫੋਟ।**
**ਜੇਠ ਨੂੰ ਅੱਗ ਲੱਗ ਜਾਏ**
**ਸਣੇ ਪਜਾਮਾ ਕੋਟ॥**
**ਜਾਂ**
**ਆਪਣੇ ਖੇਤ ਵਿੱਚ ਕਣਕ ਬੀਜ ਲਈ**
**ਮੇਰੇ ਖੇਤ ਵਿੱਚ ਛੋਲੇ**
**ਵੇ ਲਗਦੈਂ ਵਿਹੁ ਵਰਗਾ**
**ਜੇਠਾ ! ਜਦੋਂ ਬਰਾਬਰ ਬੋਲੇਂ॥**

ਇੰਝ ਕਰਨ ਨਾਲ ਰਿਸ਼ਤਿਆਂ ਦੀ ਮਹਿਮਾ ਵੀ ਬਣੀ ਰਹਿੰਦੀ ਤੇ ਲੋਕ-ਗੀਤਾਂ ਦਾ ਸੁਥਰਾਪਣ ਵੀ ਬਚਿਆ ਰਹਿੰਦਾ ਸੀ। ਲੋਕ-ਗੀਤਾਂ ਤੇ ਲੋਕ-ਬੋਲੀਆਂ ਦੇ ਛੱਭ ਸਾਡੇ ਸੱਭਿਆਚਾਰ ਦੇ ਪਵਿੱਤਰ ਰਿਸ਼ਤਿਆਂ ਦੀ ਗਵਾਹੀ ਦਿੰਦੇ ਹੋਏਅਪਣੱਤ ਨਾਲ਼ ਲਬਰੇਜ਼ ਸਨ।

ਹੌਲ਼ੀ-ਹੌਲ਼ੀ ਸਾਡੇ ਅਮੀਰ ਵਿਰਸੇ ਤੇ ਪਵਿੱਤਰ ਸੱਭਿਆਚਾਰ ਨੂੰ ਕੁਝ ਸਵਾਰਥੀ ਲੋਕਾਂ ਦੀ ਸੌੜੀ ਸੋਚ ਨੇ ਗੰਧਲਾ ਕਰਨਾ ਸ਼ੁਰੂ ਕਰ ਦਿੱਤਾ। ਜਿੱਥੇ ਸਾਡੀ ਭਾਸ਼ਾ ਵਿੱਚ ਵਿਗਾੜ ਆਉਣੇ ਸ਼ੁਰੂ ਹੋ ਗਏ, ਉੱਥੇ ਸਾਡੇ ਸਮਾਜ ਅੰਦਰ ਥੋਥੇ ਤੇ ਪ੍ਰਚੱਲਤ ਗੀਤ ਵੀ ਲਿਖੇ ਜਾਣ ਲੱਗੇ। ਹੋਛੀ ਅਤੇ ਥੋਥੀ ਵਿਚਾਰਧਾਰਾ ਦੇ ਮਾਲਕ ਇਹਨਾਂ ਲੋਕਾਂ ਨੇ ਸਾਡੇ ਸਮਾਜ ਅੰਦਰ ਸੱਭਿਆਚਾਰ ਦੇ ਨਾਂ 'ਤੇ ਗੰਦ ਘੋਲਣਾ ਸ਼ੁਰੂ ਕਰ ਦਿੱਤਾ। ਪ੍ਰਚੱਲਤ ਗੀਤਾਂ ਅੰਦਰ ਗੀਤ ਦਾ ਨਾਇਕ ਖ਼ੂਨ-ਖ਼ਰਾਬਾ ਕਰਨ ਵਾਲਾ, ਕੁੰਢੀਆਂ ਮੁੱਛਾਂ ਵਾਲਾ, ਹਥਿਆਰਾਂ ਦੀ ਬੋਲੀ ਬੋਲਣ ਵਾਲਾ, ਬੇਗਾਨੀਆਂ ਇੱਜ਼ਤਾਂ ਨੂੰ ਰੋਲਣ ਵਾਲਾ, ਰਾਹ ਚਲਦੀਆਂ ਕੁੜੀਆਂ ਨਾਲ਼ ਖਰਮਸਤੀਆਂ ਕਰਨ ਵਾਲਾ, ਭਲੇ ਘਰਾਂ ਦੀਆਂ ਕੁੜੀਆਂ ਦੀ ਪੜ੍ਹਾਈ-ਕਾਲਜ ਦੇ ਨਾਂ 'ਤੇ ਗੰਦੇ ਜੁਮਲੇ ਬੋਲ ਕੇ ਬਦਨਾਮ ਕਰਨ ਵਾਲਾ ਘਟੀਆ ਖਲਨਾਇਕ, ਹੀਰੋ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਜੱਟਵਾਦ ਦੇ ਨਾਂ 'ਤੇ ਅਜਿਹੀ ਫੋਕੀ ਸ਼ੁਹਰਤ ਦਿਖਾਈ ਜਾਂਦੀ ਹੈ ਕਿ ਜੱਟ ਭਰਾ ਵੀ ਸੁਣ-ਦੇਖ ਕੇ ਸ਼ਰਮਿੰਦਾ ਹੋਈ ਜਾ ਰਹੇ ਹਨ। ਇਹਨਾਂ ਪ੍ਰਚੱਲਤ ਅਤੇ ਜ਼ਲੀਲ ਗੀਤਾਂ ਨੇ ਸਾਡੀ ਪੁੰਗਰਦੀ ਨੌਜਵਾਨ ਪੀੜ੍ਹੀ ਨੂੰ ਜੜ੍ਹਾਂ ਤੋਂ ਹਿਲਾ ਕੇ ਰੱਖ ਦਿੱਤਾ ਹੈ। ਇਹਨਾਂ ਗੀਤਾਂ ਅੰਦਰ ਪੇਸ਼ ਕੀਤੇ ਜਾਂਦੇ ਨਾਇਕ ਦੇ ਵੈਲੀਪੁਣੇ ਨੇ ਸਾਡੀ ਨਵੀਂ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚ ਪੂਰੀ ਤਰ੍ਹਾਂ ਡੋਬ ਕੇ ਰੱਖ ਦਿੱਤਾ ਹੈ। ਜਿਸ ਨੂੰ ਵੇਖ ਕੇ ਅੱਜ ਦਾ ਨਵਾਂ ਖ਼ੂਨ ਵਿਗਾੜ ਦੀਆਂ ਸਭ ਹੱਦਾਂ-ਬੰਨੇ ਟੱਪ ਚੁੱਕਾ ਹੈ। ਪੁੱਤ ਵਿਗੜਦੇ ਦੇਖ ਕੇ ਮਾਵਾਂ ਕੰਧਾਂ ਓਹਲੇ ਖੜ੍ਹ-ਖੜ੍ਹ ਰੋਂਦੀਆਂ ਹਨ। ਇਹਨਾਂ ਗੀਤਾਂ ਦੇ ਵੀਡੀਓ ਧੀਆਂ-ਭੈਣਾਂ ਕੋਲ ਬੈਠ ਕੇ ਵੇਖਣ-ਯੋਗ ਵੀ ਨਹੀਂ ਹੁੰਦੇ। ਦਿਸ਼ਾਹੀਣ ਗਾਣਿਆਂ ਦੀ ਅੰਨੀ ਹੋੜ ਸਾਨੂੰ ਕਿੱਧਰ ਲਿਜਾ ਰਹੀ ਹੈ? ਅਜਿਹੇ ਬਹੁਤ ਸਾਰੇ ਅਜੋਕੇ ਪੰਜਾਬੀ ਗੀਤ ਹਨ, ਜੋ ਵਿਆਹਾਂ-ਸ਼ਾਦੀਆਂ, ਗਲ਼ੀਆਂ-ਮੁਹੱਲਿਆਂ ਵਿੱਚ ਧੜੱਲੇ ਨਾਲ਼ ਚੱਲ ਰਹੇ ਹਨ ਅਤੇ ਜਿਹਨਾਂ ਨੂੰ ਏਥੇ ਲਿਖਣਾ ਵੀ ਪੰਜਾਬੀ ਮਾਂ-ਬੋਲੀ ਨੂੰ ਗੰਦਾ ਕਰਨਾ ਹੈ। ਅਜਿਹੇ ਗੀਤਾਂ ਨੂੰ ਕੁਟੇਸ਼ਨ ਦੇ ਰੂਪ ਵਿੱਚ ਲਿਖਣਾ ਸਾਡੀ ਮਿੱਠੜੀ ਪੰਜਾਬੀ ਭਾਸ਼ਾ ਦਾ ਅਪਮਾਨ ਹੋਵੇਗਾ।

ਪੰਜਾਬੀ ਭਾਸ਼ਾ ਅੰਦਰ ਪੰਜਾਬੀ ਗੀਤਾਂ ਦਾ ਇਹ ਗਿਰ ਰਿਹਾ ਮਿਆਰ ਸਾਨੂੰ ਤੇ ਸਾਡੀਆਂ ਪੀੜ੍ਹੀਆਂ ਨੂੰ ਕਿਹੜੇ ਪਾਸੇ ਲਿਜਾ ਰਿਹਾ ਹੈ? ਇਹ ਸਾਡੇ ਸਾਰਿਆਂ ਲਈ ਚਿੰਤਾ ਦਾ ਵਿਸ਼ਾ ਹੈ। ਪਰੰਤੂ ਕੁਝ ਕੁ ਗੀਤਾਂ ਤੇ ਗਾਇਕਾਂ ਨੇ ਸਾਡਾ ਵਿਰਸਾ ਬਚਾਈ ਵੀ ਰੱਖਿਆ ਹੈ ਅਤੇ ਉਹਨਾਂ ਨੂੰ ਹੱਲਾਸ਼ੇਰੀ ਦੇਣਾ ਵੀ ਸਾਡਾ ਨੈਤਿਕ ਫ਼ਰਜ਼ ਬਣਦਾ ਹੈ। ਸਾਥੀਓ! ਵਕਤ ਦੀ ਨਬਜ਼ ਪਛਾਣਦੇ ਹੋਏ ਸਾਨੂੰ ਸਭਨਾਂ ਨੂੰ ਸਾਂਝੇ ਤੌਰ ਤੇ ਹੰਭਲੇ ਮਾਰਨੇ ਪੈਣੇ ਹਨ। ਆਪਣੀ-ਆਪਣੀ ਬਣਦੀ ਕੋਸ਼ਿਸ਼ ਨਾਲ਼ ਅਜਿਹੇ ਗੀਤਾਂ, ਗੀਤਕਾਰਾਂ ਅਤੇ ਗਾਇਕਾਂ ਦੀ ਨਕੇਲ ਕਸਣੀ ਚਾਹੀਦੀ ਹੈ। ਸਾਡੀ ਪੰਜਾਬੀ ਜ਼ੁਬਾਨ ਅਤੇ ਅਮੀਰ ਵਿਰਾਸਤ ਦਾ ਘਾਣ ਕਰਨ ਵਾਲਿਆਂ ਦੀ ਮਾੜੀ ਸੋਚ ਅਤੇ ਘਟੀਆਂ ਮਨਸੂਬਿਆਂ ਨੂੰ ਠੱਲ੍ਹ ਪਾਉਣੀ ਬਹੁਤ ਜ਼ਰੂਰੀ ਹੈ। ਤਾਂ ਕਿ ਪੰਜਾਬੀ ਭਾਸ਼ਾ ਅਤੇ ਪੰਜਾਬੀ ਗੀਤਾਂ ਦਾ ਮਿਆਰ ਹੋਰ ਨਾ ਗਿਰੇ ਤੇ ਸਾਫ਼-ਸੁਥਰੇ ਪੰਜਾਬੀ ਗੀਤ ਹੀ ਸਾਡਾ ਸਭਨਾਂ ਦਾ ਗੌਰਵ ਬਣਿਆ ਰਹੇ।

**# 375, Sector 16, Hisar 125005**
**Gurpreetshishu@gmail.com**
**Phone 94660-12433**

## "ਰਾਜੇ ਸ਼ੀਂਹ ਮੁਕੱਦਮ ਕੁੱਤੇ, ਜਾਏ ਜਗਾਇਨ ਬੈਠੇ ਸੁੱਤੇ"

ਇਕ ਗੱਲ ਬੜੀ ਅਜੀਬ ਹੈ। ਇਕ ਪਾਸੇ ਸਰਕਾਰ ਲੋਕਾਂ ਦੇ ਧਰਨੇ, ਮੁਜਾਹਰੇ, ਹੜਤਾਲਾਂ ਤੇ ਸੰਘਰਸ਼ਾਂ ਦੀ ਸੰਘੀ ਨਪਨ ਲਈ ਨਵਾਂ ਕਾਨੂੰਨ ਪਾਸ ਕਰਨ ਤੁਰੀ ਹੈ। ਦੂਜੇ ਪਾਸੇ ਓਹੀ ਸਰਕਾਰ ਚਲਾ ਰਹੀ ਅਕਾਲੀ ਪਾਰਟੀ ਗੋਲਕ ਯੁਧ ਮੋਰਚਾ ਲਾ ਰਹੀ ਹੈ। ਹੈ ਨਾ ਕਮਾਲ ਦੀ ਗੱਲ-ਲੋਕੀ ਰੋਜੀ ਰੋਟੀ ਲਈ ਸੰਘਰਸ਼ ਕਰਨ ਤਾਂ ਜੁਰਮ, ਤਿੰਨ ਸਾਲ ਦੀ ਕੈਦ ਤੇ ਇੱਕ ਲੱਖ ਰੁਪਿਆ ਜੁਰਮਾਨਾ।ਅਕਾਲੀ ਗੋਲਕਾਂ ਲਈ ਮੋਰਚੇ ਲਾਉਣ ਤਾਂ ਉਹਨਾਂ ਨੂੰ ਹਰ ਤਰਾਂ ਦੀ ਖੁੱਲ।

ਬਾਦਲ ਹਕੂਮਤ ਤੇ ਰੰਗ ਨਿਆਰੇ ਦੋਸਤੋ?
ਗੁਰੂ ਨਾਨਕ ਜੀ ਨੇ ਠੀਕ ਹੀ ਕਿਹਾ ਸੀ:
"ਰਾਜੇ ਸ਼ੀਂਹ ਮੁਕੱਦਮ ਕੁੱਤੇ,
ਜਾਏ ਜਗਾਇਨ ਬੈਠੇ ਸੁੱਤੇ"
ਸੋਚਾਂ ਦੀ ਤੀਲੀ ਦਾ...ਖ਼ੌਫ ਹਾਕਮੋਂ ਖਾਵੇ...!

ਹੱਕ ਸੱਚ ਦੀ ਅਵਾਜ਼ ਨੂੰ ਕੁਚਲਨ ਵਾਲਿਆਂ ਨੂੰ ਜੇ ਗੁਰੂ ਨਾਨਕ ਦੇਵ ਨੇ "ਰਾਜੇ ਸ਼ੀਂਹ ਮੁਕੱਦਮ ਕੁੱਤੇ" ਲਿਖ ਕੇ ਚੁਨੌਤੀ ਦਿੱਤੀ ਸੀ ਤਾਂ ਅੱਜ ਵੀ ਕਲਮਾਂ ਬਾਂਝ ਨਹੀਂ ਹੋਈਆਂ। ਜਾਬਰ ਹਾਕਮਾਂ ਦੀ ਚੁਨੌਤੀ ਖਿੜੇ ਮੱਥੇ ਕਬੂਲ ਕਰ ਰਹੀਆਂ ਹਨ? ਸੁਣੋ ਲੋਕਾਂ ਦਾ ਗੀਤਕਾਰ ਜਗਸੀਰ ਜੀਦਾ ਕੀ ਕਹਿੰਦਾ ਹੈ:-

ਪਾਵੇ. . ! ਪਾਵੇ .... ! ਪਾਵੇ...!!
ਹਾਕਮਾਂ ਕਾਨੂੰਨ ਘੜ ਲਏ ਕੋਈ ਕੁਸਕ ਭਲਾ ਕੀ ਜਾਵੇ!!
ਘੁੱਟੀ ਜਾਂਦੇ ਸੰਘੀ ਲੋਕਾਂ ਦੀ
ਕਹਿੰਦੇ ਚੀਕ ਬਾਹਰ ਨਾ ਜਾਵੇ.!! ਮਾਡਰਨ ਜੇਲਾਂ ਦਾ ਜਾਲ ਬੁਣਦਾ
ਸਿਕਰੀ ਆਵੇ..!
ਧਰਨੇ ਮੁਜਾਹਰਿਆਂ ਦਾ
ਹੱਕ ਹਾਕਮਾ
ਵੱਢ ਵੱਢ ਖਾਵੇ..!
ਤਪੇ ਪਏ ਲੋਕਾਂ ਦੀ
ਤੀਜੀ ਅੱਖ ਨਾ ਕੋਈ ਜਗਾਵੇ ..!
ਕੱਲੇ ਕੱਲੇ ਇਉਂ ਕੁੱਟਦੇ
ਕਦੀ ਝਾਂਭੜ ਭੁਬਕਾ ਪਾਵੇ. ..!
...ਸੋਚਾਂ ਦੀ ਤੀਲੀ ਦਾ...
ਖ਼ੌਫ ਹਾਕਮੋਂ ਖਾਵੇ...!!!

- ਹਰਜੀਤ ਕੁਮਾਰ ਜੀਤ

SIKH LEHAR CENTER
Mission: To organize and provide religious, social and educational programs for the awareness and enhancement of society as a whole based on the universal message of Guru Granth Sahib
79 Bramsteele Rd.
Brampton, ON L6W 3K6
www.sikhlehar.com
Tel: (905) 451-3335
Fax: (905) 451-2335
info@sikhlehar.com

CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1



HARJIT SINGH
Mortgage cunsultant
Lic#M08007991

# ਸਮੱਸਿਆਵਾਂ ਵਿੱਚ ਘਿਰਿਆ ਪੰਜਾਬ



ਡਾ. ਸੁਰਜੀਤ ਬਰਾੜ

ਪੰਜਾਬ ਇਸ ਸਮੇਂ ਬੜੇ ਹੀ ਬਦਤਰ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਇਸ ਦਾ ਕਾਰਨ ਸਮੇਂ-ਸਮੇਂ ਸੱਤਾ ’ਤੇ ਕਾਬਜ਼ ਰਹੀਆਂ ਕਾਂਗਰਸੀ ਅਤੇ ਅਕਾਲੀ ਸਰਕਾਰਾਂ ਹਨ ਜਿਨ੍ਹਾਂ ਨੇ ਪੰਜਬ ਨੂੰ ਡੋਬ ਦਿੱਤਾ ਹੈ। ਸੋਲ੍ਹਵੀਆਂ ਲੋਕ ਸਭਾ ਚੋਣਾਂ ਵਿੱਚ ਲੋਕਾਂ ਨੇ ਆਪਣਾ ਕਾਫ਼ੀ ਪ੍ਰਤੀਕਰਮ ਅਤੇ ਵਿਰੋਧ ਦਿਖਾ ਦਿੱਤਾ ਹੈ ਪਰ 2017 ’ਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਇਹ ਗੁੱਸਾ ਹੋਰ ਵੀ ਪ੍ਰਚੰਡ ਹੋ ਸਕਦਾ ਹੈ।

ਪੰਜਾਬ ਵਿੱਚ ਇਸ ਸਮੇਂ ਇੱਕੋ ਹੀ ਦਰਿਆ ਵਗ ਰਿਹਾ ਹੈ, ਉਹ ਹੈ ਨਸ਼ਿਆਂ ਦਾ ਦਰਿਆ ਜਦੋਂਕਿ ਪਾਣੀਆਂ ਦੇ ਸੋਮੇ, ਦਰਿਆ ਤਾਂ ਸੁੱਕਣ ਕਿਨਾਰੇ ਹਨ। ਇਹ ਸੱਚ ਹੁਣ ਸਿਰ ਚੜ੍ਹ ਕੇ ਬੋਲ ਰਿਹਾ ਹੈ ਕਿ ਪੰਜਾਬ ‘ਚ ਨਸ਼ਿਆਂ ਦੇ ਵਪਾਰ ਅਤੇ ਤਸਕਰੀ ਪਿੱਛੇ ਸੱਤਾਸੀਨ ਲੋਕਾਂ ਦੀ ਸਰਪ੍ਰਸਤੀ ਹੈ। ਪੰਜਾਬ ਨਸ਼ਿਆਂ ਦੇ ਬਾਰੂਦ ਉੱਪਰ ਬੈਠਾ ਹੈ। ਪੰਜਾਬ ‘ਚ 15-16 ਸਾਲ ਦੀ ਉਮਰ ਦੇ ਮੁੰਡਿਆਂ ਨੂੰ ਨਸ਼ਿਆਂ ਵੱਲ ਧੱਕਿਆ ਜਾ ਰਿਹਾ ਹੈ। ਨਸ਼ਿਆਂ ਦੇ ਵਪਾਰੀ ਅਤੇ ਤਸਕਰ ਅਜਿਹਾ ਜਾਣ-ਬੁੱਝ ਕੇ ਕਰ ਰਹੇ ਹਨ। ਇਸ ਸਮੇਂ ਲਗਪਗ 25 ਤੋਂ 30 ਫ਼ੀਸਦੀ ਮੁੰਡਿਆਂ ਨੂੰ ਸਿੰਥੈਟਿਕ ਨਸ਼ਿਆਂ ਦੀ ਚਾਟ ’ਤੇ ਲਾਇਆ ਜਾ ਚੁੱਕਾ ਹੈ। ਹੋਰ ਤਾਂ ਹੋਰ ਕੁੜੀਆਂ ਨੂੰ ਵੀ ਨਸ਼ਿਆਂ ਦੀ ਲਤ ਲਾ ਦਿੱਤੀ ਗਈ ਹੈ। ਇਸ ਸਮੇਂ ਪੰਜਾਬ ਵਿੱਚ ਹਰ ਪੰਜਵਾਂ ਨੌਜਵਾਨ ਨਸ਼ਿਆਂ ਦਾ ਆਦੀ ਹੋ ਚੁੱਕਾ ਹੈ। ਹੈਰੋਇਨ, ਸਮੈਕ, ਅਫ਼ੀਮ, ਪੋਸਤ, ਡੋਡੇ-ਭੁੱਕੀ, ਸੁੱਖਾ, ਨਸ਼ੇ ਦੇ ਟੀਕੇ ਅਤੇ ਗੋਲੀਆਂ ਆਦਿ ਨਸ਼ੇ ਪ੍ਰਚੱਲਿਤ ਹਨ। ਪੰਜਾਬ ਵਿੱਚ ਸਾਲਾਨਾ ਸ਼ਰਾਬ ਦੀਆਂ 60 ਕਰੋੜ ਬੋਤਲਾਂ ਦੀ ਖਪਤ ਹੈ। ਠੇਕਿਆਂ ਦੀ ਸ਼ਰਾਬ ਤੋਂ ਬਿਨਾਂ ਰੂੜ੍ਹੀ ਮਾਰਕਾ ਸ਼ਰਾਬ ਦਾ ਸੇਵਨ ਵੀ ਕੁਝ ਹਦ ਤਕ ਹੁੰਦਾ ਹੈ। ਪੂਰੇ ਦੇਸ਼ ਵਿੱਚ ਸ਼ਰਾਬ ਦੀ ਖਪਤ 54 ਫ਼ੀਸਦੀ ਹੈ ਜਦੋਂਕਿ ਇਕੱਲੇ ਪੰਜਾਬ ਵਿੱਚ ਇਸ ਦੀ ਖਪਤ 46 ਫ਼ੀਸਦੀ ਹੈ। ਨਸ਼ਿਆਂ ਦੇ ਤਸਕਰਾਂ ਦਾ ਪੁਲੀਸ, ਨੇਤਾਵਾਂ ਅਤੇ ਵਜ਼ੀਰਾਂ ਨਾਲ ਗੱਠਜੋੜ ਹੈ। ਇਸ ਗੱਲ ਦਾ ਪਿਛਲੇ ਦਿਨੀਂ ਪੂਰੀ ਤਰ੍ਹਾਂ ਭਾਂਡਾ ਫੁੱਟ ਚੁੱਕਾ ਹੈ ਜਦ ਜਗਦੀਸ਼ ਭੋਲੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਯੂਨਾਈਟਿਡ ਨੇਸ਼ਨਜ਼ ਆਫ਼ਿਸ ਆਨ ਡਰੱਗ ਐਂਡ ਕਰਾਈਮ ਦੇ ਇੱਕ ਸਰਵੇਖਣ ਦੌਰਾਨ ਖ਼ੁਲਾਸਾ ਹੋਇਆ ਹੈ ਕਿ ਪੰਜਾਬ ਦੇ 25 ਤੋਂ 30 ਫ਼ੀਸਦੀ ਨੌਜਵਾਨ ਰੋਜ਼ਾਨਾ ਸਿੰਥੈਟਿਕ ਡਰੱਗ ਦੇ ਆਦੀ ਹਨ। ਦੋ ਤੋਂ ਤਿੰਨ ਸਾਲਾਂ ਵਿੱਚ ਹੀ ਅਜਿਹੇ ਨਸ਼ੇ ਕਰਨ ਵਾਲਾ ਨੌਜਵਾਨ ਰੱਬ ਨੂੰ ਪਿਆਰਾ ਹੋ ਜਾਂਦਾ ਹੈ।

ਇੱਕ ਗ਼ੈਰ ਸਰਕਾਰੀ ਸਰਵੇਖਣ ਅਨੁਸਾਰ ਪੰਜਾਬ ’ਚ ਇਸ ਸਮੇਂ 65 ਫ਼ੀਸਦੀ ਨੌਜਵਾਨ ਕਿਸੇ ਨਾ ਕਿਸੇ ਨਸ਼ੇ ਦੇ ਆਦੀ ਹਨ। ਸਾਲ 2013 ਵਿੱਚ ਜਨਵਰੀ ਤੋਂ ਸਤੰਬਰ ਤਕ 1862 ਕਿਲੋ ਇਫੈਡ੍ਰਾਈਨ, ਸਿਉਡਇਫੈਡ੍ਰਾਈਨ ਕੈਮੀਕਲ ਫੜੇ ਗਏ ਸਨ। ਇਹ ਦੋਵੇਂ ਕੈਮੀਕਲ ‘ਮੈਥਾ ਮੈਫੇਟਾਮਾਈਨ’ ਡਰੱਗ ਬਣਾਉਣ ਦੇ ਕੰਮ ਆਉਂਦੇ ਹਨ। ਇਸ ਨੂੰ ਆਮ ਬੋਲ ਚਾਲ ਦੀ ਭਾਸ਼ਾ ’ਚ ਮੇਥ, ਆਈਸ, ਕ੍ਰਿਸਟਲ, ਗਲਾਸ ਕਿਹਾ ਜਾਂਦਾ ਹੈ। ਇਹ ਪਾਊਡਰ ਟੈਬਲੇਟ ਦੀ ਸ਼ਕਲ ਵਿੱਚ ਪ੍ਰਾਪਤ ਹੁੰਦਾ ਹੈ। ਨਵੰਬਰ 2013 ਵਿੱਚ 5000 ਕਰੋੜ ਦੇ ਨਸ਼ਿਆਂ ਦੇ ਕਾਰੋਬਾਰ ਬਾਰੇ ਤੱਥ ਸਾਹਮਣੇ ਆਏ ਹਨ ਜਦੋਂਕਿ ਅਸਲ ਵਿੱਚ ਇਹ ਕਾਰੋਬਾਰ ਹੋਰ ਵੀ ਵੱਡਾ ਹੈ। ਪਿਛਲੇ ਦਿਨੀਂ ਇੱਕ ਸਾਬਕਾ ਪੁਲੀਸ ਅਧਿਕਾਰੀ ਨੇ ਨਸ਼ਿਆਂ ਦੇ ਤਸਕਰਾਂ/ਵਪਾਰੀਆਂ ਦੇ ਨਾਂ ਜੱਗ ਜ਼ਾਹਰ ਕੀਤੇ ਸਨ ਅਤੇ ਕਿਹਾ ਸੀ ਕਿ ਡਰੱਗ ਮਾਫ਼ੀਆ ਨੂੰ ਸਿਆਸੀ ਲੋਕਾਂ ਦੀ ਸਰਪ੍ਰਸਤੀ ਮਿਲੀ ਹੋਈ ਹੈ। ਇੱਕ ਸਾਬਕਾ ਕਾਂਗਰਸੀ ਐੱਮ.ਪੀ. ਅਨੁਸਾਰ ਹਰ ਸਾਲ ਇੱਕ ਹਜ਼ਾਰ ਕਿਲੋ ਹੈਰੋਇਨ ਦੀ ਤਸਕਰੀ ਹੁੰਦੀ ਹੈ ਜਿਸ ਦੀ ਬਾਜ਼ਾਰੀ ਕੀਮਤ 60 ਹਜ਼ਾਰ ਕਰੋੜ ਰੁਪਏ ਬਣਦੀ ਹੈ। ਇਸ ਤਰ੍ਹਾਂ ਪੰਜਾਬ ਨੂੰ ਡੋਬਣ ਲਈ ਇੱਕ ਸਾਜ਼ਿਸ਼ ਤਹਿਤ ਕੰਮ ਹੋ ਰਿਹਾ ਹੈ। ਅਕਤੂਬਰ 2013 ਤਕ ਪਿਛਲੇ ਤਿੰਨ ਸਾਲਾਂ ਵਿੱਚ ਭਾਰਤ-ਪਾਕਿ ਸਰਹੱਦ ਤੋਂ 814 ਕਿਲੋਗ੍ਰਾਮ ਹੈਰੋਇਨ ਫੜੀ ਗਈ ਸੀ ਜਦੋਂਕਿ ਇਸ ਸਮੇਂ ਦੌਰਾਨ ਬਾਕੀ ਸਾਰੇ ਮੁਲਕ ਵਿੱਚ ਸਿਰਫ਼ 700 ਕਿਲੋ ਹੈਰੋਇਨ ਬਰਾਮਦ ਹੋਈ ਸੀ। ਕੌਮਾਂਤਰੀ ਤਸਕਰ ਭੋਲੇ ਨੇ ਤਿੰਨ ਮੰਤਰੀਆਂ ਦਾ ਨਾਂ ਸ਼ਰ੍ਹੇਆਮ ਲਿਆ ਹੈ ਜਿਨ੍ਹਾਂ ਦਾ ਸਬੰਧ ਡਰੱਗ ਮਾਫ਼ੀਏ ਨਾਲ ਹੈ। ਭੋਲੇ ਦਾ ਇੱਕ ਹੋਰ ਸਾਥੀ ਵੀ ਮਾਝੇ ਦਾ ਇੱਕ ਸੀਨੀਅਰ ਯੂਥ ਆਗੂ ਹੈ। ਪਿਛਲੇ ਦਿਨੀਂ ਇੱਕ ਮੰਤਰੀ ਦੇ ਪੁੱਤਰ ਦਾ ਨਾਂ ਵੀ ਜੱਗ ਜ਼ਾਹਰ ਹੋ ਚੁੱਕਾ ਹੈ ਜਿਸ ਕਰ ਕੇ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ ਹੈ। ਮਾਲਵੇ ਦੇ ਹੋਰ ਕਈ ਨੇਤਾ ਪੁਲੀਸ ਨਾਲ ਮਿਲ ਕੇ ਥਾਣਿਆਂ ’ਚੋਂ ਹੀ ਨਸ਼ਿਆਂ ਦਾ ਵਪਾਰ ਕਰਦੇ ਰਹੇ ਹਨ।

ਨਸ਼ਿਆਂ ਤੋਂ ਇਲਾਵਾ ਸੂਬੇ ਵਿੱਚ ਭ੍ਰਿਸ਼ਟਾਚਾਰ ਵੀ ਹੱਦ-ਬੰਨ੍ਹੇ ਟੱਪ ਗਿਆ ਹੈ। ਸਰਕਾਰੀ ਅਫ਼ਸਰ ਅਤੇ ਮੁਲਾਜ਼ਮ ਸਿੱਧੇ ਮੂੰਹ ਗੱਲ ਹੀ ਨਹੀਂ ਕਰਦੇ। ਸਕੂਲਾਂ ਵਿੱਚ ਪੜ੍ਹਾਈ ਨਹੀਂ, ਹਸਪਤਾਲਾਂ ’ਚ ਡਾਕਟਰ ਨਹੀਂ, ਜੇ ਡਾਕਟਰ ਹਨ ਤਾਂ ਦਵਾਈਆਂ ਨਹੀਂ। ਦਫ਼ਤਰਾਂ ’ਚ ਕੋਈ ਕੰਮ ਨਹੀਂ ਹੁੰਦਾ। ਅਫ਼ਸਰ ਦਫ਼ਤਰਾਂ ’ਚ ਵੜਦੇ ਹੀ ਨਹੀਂ। ਪਿਛਲੇ ਦਿਨੀਂ ਮੁੱਖ ਮੰਤਰੀ ਨੇ ਇੱਕੋ ਸਮੇਂ ਜ਼ਿਲ੍ਹਿਆਂ ’ਚ ਛਾਪੇ ਮਾਰੇ ਸਨ ਅਤੇ ਦਫ਼ਤਰਾਂ ਵਿੱਚ ਕੋਈ ਅਫ਼ਸਰ ਮੌਜੂਦ ਨਹੀਂ ਸੀ, ਸਭ ਗ਼ੈਰਹਾਜ਼ਰ ਪਾਏ ਗਏ ਸਨ।

ਪੰਜਾਬ ਵਿੱਚ ਇਸ ਸਮੇਂ ਅਜੀਬ ਕਿਸਮ ਦੀ ਅਰਾਜਕਤਾ ਫੈਲੀ ਹੋਈ ਹੈ। ਕਿਰਤ-ਸੱਭਿਆਚਾਰ ਖ਼ਤਮ ਹੋ ਚੁੱਕਾ ਹੈ। ਮੁੰਡੇ ਵਿਹਲੇ ਧੱਕੇ ਖਾਂਦੇ ਫਿਰਦੇ ਹਨ ਤੇ ਵਿਹਲ ਕਾਰਨ ਹੀ ਉਹ ਨਸ਼ੇ ਕਰਦੇ ਹਨ। ਨਸ਼ਿਆਂ ਦੀ ਪੂਰਤੀ ਲਈ ਉਹ ਲੁੱਟਮਾਰ ਤੇ ਖੋਹਾਂ ਕਰਦੇ ਹਨ। ਦਿਨ ਦਿਹਾੜੇ ਡਾਕੇ ਪੈ ਰਹੇ ਹਨ। ਹੁਣ ਬੰਦਾ ਘਰੋਂ ਬਾਹਰ ਤਾਂ ਕੀ ਘਰ ਵਿੱਚ ਵੀ ਸੁਰੱਖਿਅਤ ਨਹੀਂ। ਕਿਸੇ ਦੀ ਕਾਰ ਦੇ ਸ਼ੀਸ਼ੇ ਭੰਨ ਕੇ ਪੈਸੇ ਚੋਰੀ ਕੀਤੇ ਜਾ ਰਹੇ ਹਨ। ਕਿਸੇ ਤੋਂ ਪਰਸ, ਮੋਬਾਈਲ, ਮੋਟਰਸਾਈਕਲ, ਕਾਰ ਖੋਹੀ ਜਾ ਰਹੀ ਹੈ। ਕਿਸੇ ਔਰਤ ਦੇ ਗਹਿਣੇ ਹੀ ਝਪਟੇ ਜਾ ਰਹੇ ਹਨ। ਲੁੱਟਾਂ-ਖੋਹਾਂ ਇੰਨੀਆਂ ਵਧ ਗਈਆਂ ਹਨ ਕਿ ਹਰ ਰੋਜ਼ ਅਖ਼ਬਾਰ ਅਜਿਹੀਆਂ ਵਾਰਦਾਤਾਂ ਨਾਲ ਭਰੇ ਪਏ ਹੁੰਦੇ ਹਨ। ਪੁਲੀਸ ਲੁੱਟਾਂ-ਖੋਹਾਂ ਦੇ ਕੇਸ ਦਰਜ ਕਰਨ ਤੋਂ ਕੰਨੀ ਕਤਰਾਉਂਦੀ ਹੈ।

ਰਾਜਸੀ ਪਾਰਟੀਆਂ, ਵਜ਼ੀਰਾਂ ਅਤੇ ਅਫ਼ਸਰਾਂ ਨੂੰ ਪੰਜਾਬ ਦੀ ਕੋਈ ਚਿੰਤਾ ਨਹੀਂ ਹੈ। ਕਿਸਾਨੀ ਸੰਕਟ ਚਰਮ ਸੀਮਾ ’ਤੇ ਪਹੁੰਚ ਚੁੱਕਾ ਹੈ। 2004 ਤੋਂ 2013 ਤਕ ਰਾਜ ਵਿੱਚ 5000 ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਕਿਸਾਨ ਖੇਤੀ ਕਿੱਤਾ ਤਿਆਗਣ ਲਈ ਤਿਆਰ ਹਨ ਪਰ ਇਹ ਕਿੱਤਾ ਤਿਆਗ ਕੇ ਉਹ ਜਾਣ ਕਿੱਧਰ? ਨਿਮਨ ਅਤੇ ਮੱਧ ਵਰਗੀ ਕਿਸਾਨੀ ਦੀ ਹਾਲਤ ਵੀ ਚਿੰਤਾਜਨਕ ਹੈ। ਤੱਥਾਂ ਅਨੁਸਾਰ ਇਸ ਸਮੇਂ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨ ਕੁੱਲ ਕਿਸਾਨਾਂ ਦਾ 10 ਵਾਂ ਹਿੱਸਾ ਹਨ। ਪੰਜ ਤੋਂ ਦਸ ਏਕੜ ਵਾਲੇ ਕਿਸਾਨਾਂ ਦੀ ਗਿਣਤੀ 21.5 ਫ਼ੀਸਦੀ ਹੈ ਜਦੋਂਕਿ 10 ਤੋਂ 25 ਏਕੜ ਵਾਲੇ ਕਿਸਾਨਾਂ ਦੀ ਗਿਣਤੀ 44 ਫ਼ੀਸਦੀ ਹੈ। ਛੋਟੇ ਮੱਧ ਵਰਗੀ ਕਿਸਾਨਾਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ। ਢਾਈ ਏਕੜ ਤੋਂ ਘੱਟ ਜ਼ਮੀਨ ਦੇ ਮਾਲਕਾਂ ਦੀ ਗਿਣਤੀ 2006 ਵਿੱਚ 13.3 ਫ਼ੀਸਦੀ ਸੀ ਜੋ 2011 ਵਿੱਚ 15.6 ਫ਼ੀਸਦੀ ਤਕ ਪੁੱਜ ਗਈ। ਸੂਬੇ ਵਿੱਚ 25 ਫ਼ੀਸਦੀ ਤੋਂ ਵੱਧ ਕਿਸਾਨਾਂ ਕੋਲ ਜ਼ਮੀਨ ਘਟ ਰਹੀ ਹੈ। ਅਗਲੇ 10 ਸਾਲਾਂ ਵਿੱਚ ਸੀਮਾਂਤ ਕਿਸਾਨੀ ਜੋ ਅੱਜ ਹੈ, ਉਹ ਬੇਜ਼ਮੀਨੀ ਹੋ ਜਾਵੇਗੀ ਅਤੇ ਜਿਸ ਕੋਲ ਪੰਜ ਏਕੜ ਜ਼ਮੀਨ ਹੈ, ਉਹ ਸੀਮਾਂਤ ਕਿਸਾਨੀ ਬਣ ਕੇ ਰਹਿ ਜਾਵੇਗੀ। ਕਿਸਾਨੀ ਸੰਕਟ ਬਾਰੇ ਜਾਂ ਡੁੱਬ ਰਹੀ ਕਿਸਾਨੀ ਬਾਰੇ ਕਿਸੇ ਨੂੰ ਫ਼ਿਕਰ ਨਹੀਂ ਹੈ।



ਪੰਜਾਬ ’ਚ ਪਿਛਲੇ 7 ਸਾਲਾਂ ਵਿੱਚ 10 ਲੱਖ ਹੁਨਰਮੰਦ ਕਾਮੇ ਵਿਹਲੇ ਹੋ ਗਏ ਹਨ। ਅਕਾਲੀ ਪਾਰਟੀ ਦੇ ਮੈਨੀਫੈਸਟੋ ’ਚ ਇਹ ਵਾਅਦਾ ਕੀਤਾ ਗਿਆ ਸੀ ਕਿ ਉਹ 10 ਲੱਖ ਲੋਕਾਂ ਨੂੰ ਰੁਜ਼ਗਾਰ ਦੇਣਗੇ ਪਰ ਅਜੇ ਤਕ ਇੱਕ ਵੀ ਬੰਦਾ ਰੁਜ਼ਗਾਰ ਪ੍ਰਾਪਤ ਨਹੀਂ ਕਰ ਸਕਿਆ ਹੈ। ਸਗੋਂ ਬਾਰੁਜ਼ਗਾਰ ਵੀ ਬੇਰੁਜ਼ਗਾਰ ਹੋ ਗਏ ਹਨ। ਸਰਕਾਰ ਦੀਆਂ ਨੀਤੀਆਂ ਕਾਰਨ ਹੁਣ ਤਕ 18770 ਉਦਯੋਗਿਕ ਯੂਨਿਟ ਬੰਦ ਹੋ ਚੁੱਕੇ ਹਨ। ਇਸ ਤੋਂ ਬਿਨਾਂ 5 ਹਜ਼ਾਰ ਹੋਰ ਸਨਅਤੀ ਇਕਾਈਆਂ ਬੰਦ ਹੋਣ ਦੀ ਕਗਾਰ ’ਤੇ ਪੁੱਜ ਚੁੱਕੀਆਂ ਹਨ। ਪੰਜਾਬ ’ਚ ਇਸ ਸਮੇਂ 80000 ਅਧਿਆਪਕ ਬੇਰੁਜ਼ਗਾਰ ਹਨ। ਇੰਜ ਹੀ ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਚਲਾਏ ਜਾਂਦੇ ਦੁਕਾਨਨੁਮਾ ਕਾਲਜਾਂ ਵਿੱਚ ਲੱਖਾਂ ਮੁੰਡੇ-ਕੁੜੀਆਂ ਉੱਚ ਵਿੱਦਿਆ ਹਾਸਲ ਕਰ ਚੁੱਕੇ ਹਨ। ਹਾਲਾਂਕਿ ਇਨ੍ਹਾਂ ਕਾਲਜਾਂ ’ਚ ਦਿੱਤੀ ਜਾਂਦੀ ਵਿੱਦਿਆ ਕਿੱਤਾਮੁਖੀ ਹੈ ਪਰ ਮੁੰਡੇ-ਕੁੜੀਆਂ ਡਿਗਰੀਆਂ ਲੈ ਕੇ ਘਰਾਂ ’ਚ ਵਿਹਲੇ ਬੈਠੇ ਹਨ। ਇਨ੍ਹਾਂ ਉੱਚ ਵਿੱਦਿਆ ਪ੍ਰਾਪਤ ਮੁੰਡੇ-ਕੁੜੀਆਂ ਦਾ ਕੌਡੀ ਮੁੱਲ ਨਹੀਂ ਪੈ ਰਿਹਾ। ਪੰਜਾਬ ’ਚ ਲੁਕਵੀਂ ਬੇਰੁਜ਼ਗਾਰੀ ਦਾ ਕੋਈ ਅੰਤ ਨਹੀਂ ਹੈ।

ਪੰਜਾਬ ’ਚ ਮਨੁੱਖੀ ਅਧਿਕਾਰਾਂ ਦਾ ਵੱਡੀ ਪੱਧਰ ’ਤੇ ਘਾਣ ਹੋ ਰਿਹਾ ਹੈ। ਆਮ ਬੰਦੇ ਦੀ ਕਿੱਧਰੇ ਵੀ ਕੋਈ ਸੁਣਵਾਈ ਨਹੀਂ ਹੈ। ਪੰਜਾਬ ਪੁਲੀਸ ਵੱਲੋਂ ਆਮ ਲੋਕਾਂ ਨਾਲ ਕੀਤੀਆਂ ਜਾਂਦੀਆਂ ਵਧੀਕੀਆਂ, ਅੱਤਿਆਚਾਰ ਦੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। 1997 ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਦਰਜ 90 ਸ਼ਿਕਾਇਤਾਂ ਵਿੱਚੋਂ 57 ਸ਼ਿਕਾਇਤਾਂ ਪੁਲੀਸ ਵਿਰੁੱਧ ਸਨ। ਇਸੇ ਤਰ੍ਹਾਂ 2012 ਵਿੱਚ 9825 ਅਤੇ ਜਨਵਰੀ-ਅਕਤੂਬਰ 2013 ਦੌਰਾਨ 5781 ਸ਼ਿਕਾਇਤਾਂ ਪੁਲੀਸ ਵਿਰੁੱਧ ਸਨ। ਇਸ ਤੋਂ ਬਿਨਾਂ ਅਨੁਸੂਚਿਤ ਜਾਤੀ ਤੇ ਪਛੜੀ ਸ਼੍ਰੇਣੀ ਦੇ ਲੋਕਾਂ ਨਾਲ ਹੋ ਰਹੇ ਧੱਕਿਆਂ ਦੀਆਂ 1459, ਸਿਹਤ ਵਿਭਾਗ ਵਿਰੁੱਧ 1945, ਜੇਲ੍ਹ ਪ੍ਰਸ਼ਾਸਨ ਵਿਰੁੱਧ 3976 ਸ਼ਿਕਾਇਤਾਂ ਆਈਆਂ ਹਨ। ਔਰਤਾਂ ਨਾਲ ਕੀਤੇ ਜਾਂਦੇ ਜਬਰ-ਜ਼ੁਲਮ ਦੀਆਂ 6544 ਸ਼ਿਕਾਇਤਾਂ ਕਮਿਸ਼ਨ ਕੋਲ ਆਈਆਂ ਸਨ। ਇਵੇਂ ਹੀ ਹੋਰ ਵੀ ਵੱਖ-ਵੱਖ ਵਿਭਾਗਾਂ ਦੇ ਅਫ਼ਸਰਾਂ ਵਿਰੁੱਧ ਲੋਕਾਂ ਨੇ ਸ਼ਿਕਾਇਤਾਂ ਕੀਤੀਆਂ ਹਨ। ਕਿੰਨੇ ਲੋਕ ਅਜਿਹੇ ਵੀ ਹੋਣਗੇ ਜਿਨ੍ਹਾਂ ਨੂੰ ਮਨੁੱਖੀ ਅਧਿਕਾਰ ਕਮਿਸ਼ਨ ਬਾਰੇ ਗਿਆਨ ਹੀ ਨਹੀਂ ਹੋਵੇਗਾ। ਉਹ ਕਿਤੇ ਵੀ ਸ਼ਿਕਾਇਤ ਨਹੀਂ ਕਰ ਸਕੇ ਹੋਣਗੇ।

ਪੰਜਾਬ ’ਚ ਹਰ ਰੋਜ਼ 13 ਵਿਅਕਤੀ ਸੜਕ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਸੜਕਾਂ ਦੀ ਹਾਲਤ ਖ਼ਸਤਾ ਹੈ ਅਤੇ ਟਰੈਫਿਕ ਦਾ ਕੋਈ ਅਸੂਲ ਨਹੀਂ। ਪੰਜਾਬ ਵਿੱਚ ਰੇਤ, ਬਜਰੀ ਮਾਫ਼ੀਆ ਵੀ ਅੰਨ੍ਹੀ ਕਮਾਈ ਕਰ ਰਿਹਾ ਹੈ। ਟਰਾਂਸਪੋਰਟ ਮਾਫ਼ੀਏ ਨੇ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਕਾਰਪੋਰੇਸ਼ਨ ਦਾ ਦੀਵਾ ਹੀ ਗੁੱਲ ਕਰ ਦਿੱਤਾ ਹੈ। ਸ਼ਾਮਲਾਟਾਂ ’ਤੇ ਨੇਤਾ ਅਤੇ ਅਫ਼ਸਰ ਨਿਰੰਤਰ ਕਬਜ਼ੇ ਕਰ ਰਹੇ ਹਨ। ਪੰਜਾਬ ਵਿੱਚ ਇਸ ਸਮੇਂ ਕੀਟਨਾਸ਼ਕਾਂ ਦੀ ਵਰਤੋਂ ਦੇਸ਼ ਤੋਂ ਹੀ ਨਹੀਂ ਸਗੋਂ ਪੂਰੇ ਵਿਸ਼ਵ ਤੋਂ ਵੱਧ ਕੀਤੀ ਜਾ ਰਹੀ ਹੈ। ਪੂਰੇ ਦੇਸ਼ ’ਚ ਵਰਤੇ ਜਾਂਦੇ ਕੀਟਨਾਸ਼ਕਾਂ ਦੀ ਕੁੱਲ ਮਾਤਰਾ ਦਾ 18 ਫ਼ੀਸਦੀ ਇਕੱਲੇ ਪੰਜਾਬ ਵਿੱਚ ਖਪਤ ਹੁੰਦੀ ਹੈ। ਜਦ ਕਿ ਸਾਡੇ ਕੋਲ ਦੇਸ਼ ਦਾ ਸਿਰਫ਼ 2.5 ਫ਼ੀਸਦੀ ਖੇਤਰ ਹੈ। ਇਹੋ ਹਾਲ ਰਸਾਇਣਕ ਖਾਦਾਂ ਦਾ ਹੈ। ਪੰਜਾਬ ਵਿੱਚ ਪ੍ਰਤੀ ਏਕੜ ਖਾਦਾਂ ਦੀ ਵਰਤੋਂ ਹੱਦ ਤੋਂ ਵੱਧ ਹੁੰਦੀ ਹੈ। ਵੱਖ-ਵੱਖ ਖਾਦਾਂ ਦੀ ਵਰਤੋਂ ਸਾਲਾਨਾ ਪ੍ਰਤੀ ਏਕੜ 10 ਬੋਰੀਆਂ ਤਕ ਕੀਤੀ ਜਾਂਦੀ ਹੈ। ਸਾਡੇ ਖਾਧ ਪਦਾਰਥਾਂ ਵਿੱਚ ਕੀਟਨਾਸ਼ਕਾਂ ਅਤੇ ਖਾਦਾਂ ਦੇ ਤੱਤ ਕਾਫ਼ੀ ਮਾਤਰਾ ਵਿੱਚ ਮਿਲਦੇ ਹਨ। ਇਹ ਤੱਤ ਸਿਹਤ ਲਈ ਘਾਤਕ ਹਨ। ਪੰਜਾਬ ਦਾ ਪਾਣੀ, ਹਵਾ ਅਤੇ ਮਿੱਟੀ ਪੂਰੀ ਤਰ੍ਹਾਂ ਦੂਸ਼ਿਤ ਹੋ ਚੁੱਕੇ ਹਨ। ਸਾਲ 2009 ਤੋਂ 2013 ਤਕ 35000 ਵਿਅਕਤੀ ਕੈਂਸਰ ਨਾਲ ਜਾਨ ਗੁਆ ਚੁੱਕੇ ਹਨ। ਜਦੋਂਕਿ 25000 ਹੋਰ ਇਸ ਬੀਮਾਰੀ ਤੋਂ ਪੀੜਤ ਹਨ ਅਤੇ 80000 ਵਿੱਚ ਇਸ ਬੀਮਾਰੀ ਦੇ ਲੱਛਣ ਪਾਏ ਗਏ ਹਨ। ਕੈਂਸਰ ਹੀ ਨਹੀਂ ਪੰਜਾਬ ’ਚ ਹੋਰ ਕਈ ਕਿਸਮ ਦੇ ਖ਼ਤਰਨਾਕ ਤੇ ਘਾਤਕ ਰੋਗ ਵੀ ਹਨ। ਪੰਜਾਬ ਦਾ ਹਰ ਪੰਜਵਾਂ ਬੰਦਾ ਕਿਸੇ ਨਾ ਕਿਸੇ ਰੋਗ ਦਾ ਸ਼ਿਕਾਰ ਹੈ।

ਪੰਜਾਬ ’ਚ ਮੈਡੀਕਲ ਕਾਲਜਾਂ ਦੀਆਂ ਫ਼ੀਸਾਂ ਵਿੱਚ 33 ਫ਼ੀਸਦੀ ਵਾਧਾ ਕਰ ਕੇ ਗ਼ਰੀਬਾਂ ਅਤੇ ਮੱਧ ਵਰਗੀ ਪਰਿਵਾਰਾਂ ਦੇ ਵਿਦਿਆਰਥੀਆਂ ਲਈ ਪੜ੍ਹਾਈ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਹਨ। ਯੂਨੀਵਰਸਿਟੀਆਂ, ਕਾਲਜਾਂ ਅਤੇ ਪ੍ਰਾਈਵੇਟ ਸਕੂਲਾਂ ਦੀਆਂ ਫ਼ੀਸਾਂ ਹਰ ਚੜ੍ਹਦੇ ਦਿਨ ਵਧਾ ਦਿੱਤੀਆਂ ਜਾਂਦੀਆਂ ਹਨ। ਤਕਨੀਕੀ ਕਾਲਜ , ਵਿਦਿਆਰਥੀਆਂ ਦੀ ਅੰਨ੍ਹੀ ਲੁੱਟ ਕਰ ਰਹੇ ਹਨ। ਸਾਡੇ ਸਿੱਖਿਆ ਢਾਂਚੇ ਦਾ ਭੱਠਾ ਬੈਠ ਗਿਆ ਹੈ। ਇਸ ਸਮੇਂ ਪੰਜਾਬ ਵਿੱਚ 30 ਹਜ਼ਾਰ ਬੱਚੇ ਸਕੂਲੀ ਸਿੱਖਿਆ ਤੋਂ ਵਾਂਝੇ ਹਨ। ਇਹ ਤੱਥ ਪ੍ਰੇਸ਼ਾਨ ਕਰਨ ਵਾਲੇ ਹਨ। ਦੇਸ਼ ਦੇ 29 ਰਾਜਾਂ ਵਿੱਚੋਂ ਪੰਜਾਬ ਵਿਕਾਸ ਅਤੇ ਖ਼ੁਸ਼ਹਾਲੀ ਦੇ ਖੇਤਰ ਵਿੱਚੋਂ ਸਭ ਤੋਂ ਪਿੱਛੇ ਰਹਿ ਗਿਆ ਹੈ। ਪੰਜਾਬ ਸਿਰ ਇੱਕ ਲੱਖ 70 ਹਜ਼ਾਰ ਕਰਜ਼ਾ ਚੜ੍ਹ ਚੁੱਕਾ ਹੈ ਜਿਸ ਦਾ ਸਾਲਾਨਾ ਵਿਆਜ ਹੀ ਦਸ ਹਜ਼ਾਰ ਕਰੋੜ ਹੈ ਜਿਸ ਨੂੰ ਚੁਕਾਉਣਾ ਮੁਸ਼ਕਿਲ ਹੋ ਗਿਆ ਹੈ। ਪੰਜਾਬ ’ਚ 46 ਲੱਖ ਪਰਿਵਾਰਾਂ ਵਿੱਚੋਂ 13 ਲੱਖ ਗ਼ਰੀਬੀ ਦੀ ਰੇਖਾ ਹੇਠਾਂ ਦਿਨ ਕੱਟਣ ਲਈ ਮਜਬੂਰ ਹਨ। ਪੰਜਾਬ ਦੀ ਖੇਤੀ ’ਚ ਖੜ੍ਹੋਤ ਆ ਚੁੱਕੀ ਹੈ, ਸਾਡੀ ਖੇਤੀ ਵਿਕਾਸ ਦਰ ਲਗਪਗ ਇੱਕ ਫ਼ੀਸਦੀ ਰਹਿ ਗਈ ਹੈ। ਪੰਜਾਬ ਵਿੱਚ ਇਸ ਸਮੇਂ ਦੂਜੇ ਰਾਜਾਂ ਤੋਂ ਬਿਜਲੀ ਦੀਆਂ ਦਰਾਂ ਕਿਤੇ ਵਧ ਹਨ। ਕਈ ਵਾਰ ਬੱਸ ਕਿਰਾਏ ਵਧਾ ਕੇ ਨਿੱਜੀ ਟਰਾਂਸਪੋਰਟਰਾਂ ਨੂੰ ਲਾਭ ਪਹੁੰਚਾਇਆ ਗਿਆ ਹੈ। ਕਈ ਰਾਜਾਂ ਨਾਲੋਂ ਬੱਸ ਕਿਰਾਏ ਵੀ ਕਾਫ਼ੀ ਵੱਧ ਹਨ। ਪੰਜਾਬ ’ਚ ਡੀਜ਼ਲ ਤੇ ਪੈਟਰੋਲ ’ਤੇ ਸਭ ਤੋਂ ਵੱਧ ਟੈਕਸ ਹੈ। ਕੇਂਦਰ ਵੱਲੋਂ ਦਿੱਤੀਆਂ ਜਾਂਦੀਆਂ ਗਰਾਂਟਾਂ ਅਕਸਰ ਲੈਪਸ ਹੋ ਜਾਂਦੀਆਂ ਹਨ। ਜਿਸ ਕਿਸਮ ਦੀ ਹਾਲਤ ਪੰਜਾਬ ਵਿੱਚ ਇਸ ਸਮੇਂ ਹੈ, ਉਸ ਤੋਂ ਜਾਪਦਾ ਹੈ ਕਿ ਪੰਜਾਬ ਦਾ ਕੋਈ ਬੇਲੀ ਨਹੀਂ। ਸਮੂਹ ਪੰਜਾਬੀਆਂ ਨੂੰ ਜਾਗਣ ਦੀ ਜ਼ਰੂਰਤ ਹੈ।

98553-71313


ਕਾਮਾਗਾਟਾ ਮਾਰੂ ਦੀ ਸ਼ਤਾਬਦੀ ਮੌਕੇ ਸਮਾਗਮ

ਸਤੰਬਰ 21, 2014 (2:30pm)
ਜੁਬਲੀ ਹਾਲ
173, Talbot Ave., WPG

ਟਿਕਟ - 10 ਡਾਲਰ

ਅੰਮ੍ਰਿਤਪਾਲ ਕੰਗ 204-218-3852
ਜਗਮੋਹਣ ਢੁੱਡੀਕੇ 204-421-1523

ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ ਵਿਨੀਪੈੱਗ



# ਕੁਝ ਸਬਕ ਸਿਰ.ਫ ਮਾਂ ਹੀ ਸਿਖਾ ਸਕਦੀ ਹੈ !



**ਰਾਜ ਚੇਂਗੱਪਾ**

ਮੇਰੇ ਮਾਤਾ ਜੀ ਪਿਛਲੇ ਹਫ਼ਤੇ ਸਦਾ ਲਈ ਆਨੰਦਮਈ ਅਵਸਥਾ ਵਿੱਚ ਚਲੇ ਗਏ। ਉਨ੍ਹਾਂ ਨੇ 85 ਸਾਲ ਦੀ ਉਮਰ ਭੋਗੀ। ਅਸੀਂ ਪਿਛਲੇ ਦੋ ਮਹੀਨਿਆਂ ਤੋਂ ਜਾਣਦੇ ਸੀ ਕਿ ਉਨ੍ਹਾਂ ਦਾ ਅੰਤ ਸਮਾਂ ਨੇੜੇ ਸੀ। ਉਹ ਆਪਣੇ ਜੀਵਨ ਸਾਥੀ ਭਾਵ ਮੇਰੇ ਪਿਤਾ ਜੀ ਨੂੰ ਦਸ ਸਾਲ ਪਹਿਲਾਂ ਖੋ ਦੇਣ ਤੋਂ ਬਾਅਦ ਇਸ ਦੁਨੀਆਂ ਤੋਂ ਚਲੇ ਜਾਣਾ ਚਾਹੁੰਦੇ ਸਨ ਪਰ ਉਨ੍ਹਾਂ ਦੀ ਆਤਮਾ ਤੇ ਸਰੀਰ ਨੇ ਇਸ ਦੀ ਇਜਾਜ਼ਤ ਨਹੀਂ ਸੀ ਦਿੱਤੀ। ਉਨ੍ਹਾਂ ਨੂੰ ਇਹ ਮਾਣ ਸੀ ਕਿ ਉਹ ਕਦੇ ਇਲਾਜ ਲਈ ਹਸਪਤਾਲ ਨਹੀਂ ਗਏ ਸਨ ਅਤੇ ਉਨ੍ਹਾਂ ਨੇ ਇਹ ਪੱਕਾ ਇਰਾਦਾ ਬਣਾਇਆ ਸੀ ਕਿ ਉਹ ਅੰਤਲੇ ਸਮੇਂ ਵਿੱਚ ਵੀ ਨਹੀਂ ਜਾਣਗੇ। ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਸੀ। ਭਾਵੇਂ ਅੰਤਲੇ ਕੁਝ ਮਹੀਨਿਆਂ ਦੌਰਾਨ ਉਨ੍ਹਾਂ ਦਾ ਸਰੀਰ ਸਾਥ ਛੱਡਦਾ ਜਾ ਰਿਹਾ ਸੀ ਪਰ ਉਨ੍ਹਾਂ ਇਸ ਹਾਲਤ ਨਾਲ ਸਿੱਝਦਿਆਂ ਆਪਣਾ ਅੰਤਿਮ ਸਮਾਂ ਆਪਣੇ ਬੱਚਿਆਂ ਦੇ ਘਰ, ਪਰਿਵਾਰਕ ਮਾਹੌਲ ਵਿੱਚ ਗੁਜ਼ਾਰਿਆ।

ਮੈਨੂੰ ਮੇਰੀ ਮਾਂ ਦੇ ਪੂਰੇ ਹੋਣ ਦੀ ਖ਼ਬਰ ਬੰਗਲੌਰ ਤੋਂ ਮੇਰੀ ਭੈਣ ਨੇ ਅੱਧੀ ਰਾਤ ਨੂੰ ਫ਼ੋਨ ’ਤੇ ਸੁਣਾਈ ਜਿਨ੍ਹਾਂ ਕੋਲ ਮੇਰੀ ਮਾਂ ਰਹਿ ਰਹੀ ਸੀ। ਉਨ੍ਹਾਂ ਦੇ ਜਾਣ ਨਾਲ ਮੈਨੂੰ ਧੱਕਾ ਲੱਗਾ। ਮੈਂ ਚੰਡੀਗੜ੍ਹ ਤੋਂ ਬੰਗਲੌਰ ਜਾਣ ਲਈ ਹਵਾਈ ਜਹਾਜ਼ ਵਿੱਚ ਬੈਠਾ ਤੇ ਮੇਰੇ ਜ਼ਿਹਨ ਵਿੱਚ ਵਸੀਆਂ ਪੁਰਾਣੀਆਂ ਯਾਦਾਂ ਖੌਰੂ ਪਾਉਣ ਲੱਗੀਆਂ।

ਮੇਰੇ ਮਨ ਵਿੱਚ ਉਨ੍ਹਾਂ ਪ੍ਰਤੀ ਅਸੀਮ ਪਿਆਰ ਤੇ ਸ਼ਰਧਾ ਦੀ ਭਾਵਨਾ ਸੀ। ਉਨ੍ਹਾਂ ਨੇ ਮੇਰੇ ਪਿਤਾ ਜੀ ਨਾਲ ਮਿਲ ਕੇ ਸਾਨੂੰ ਚਾਰੇ ਭੈਣ-ਭਰਾਵਾਂ ਨੂੰ ਜ਼ਿੰਦਗੀ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਇਆ, ਔਖੇ ਸਮਿਆਂ ਵਿੱਚ ਜ਼ਿੰਦਗੀ ਦਾ ਸਾਹਮਣਾ ਕਰਨਾ ਸਿਖਾਇਆ ਅਤੇ ਸਾਨੂੰ ਆਪਣੇ ਸੁਪਨੇ ਪੂਰੇ ਕਰਨ ਲਈ ਪੂਰੀ ਆਜ਼ਾਦੀ ਦਿੱਤੀ।

ਮੇਰੇ ਪਿਤਾ ਜੀ ਫ਼ੌਜੀ ਸਨ ਤੇ ਉਨ੍ਹਾਂ ਦੀ ਬਦਲੀ ਕਸ਼ਮੀਰ ਦੀ ਹੋ ਗਈ। ਉਦੋਂ ਮੇਰੀ ਮਾਂ ਨੇ ਪੰਜ ਸਾਲ ਬੰਗਲੌਰ ਰਹਿਣ ਦਾ ਫ਼ੈਸਲਾ ਕੀਤਾ ਤਾਂ ਕਿ ਅਸੀਂ ਚੰਗੀ ਸਿੱਖਿਆ ਪ੍ਰਾਪਤ ਕਰ ਸਕੀਏ। ਅਸੀਂ ਸਾਰੇ ਉਦੋਂ ਅੱਠ ਸਾਲ ਤੋਂ ਘੱਟ ਉਮਰ ਦੇ ਸੀ ਤੇ ਸਾਡੀ ਮਾਂ ਸਾਨੂੰ ਰੋਜ਼ ਸਕੂਲ ਲਈ ਤਿਆਰ ਕਰਦੀ, ਵਰਦੀਆਂ ਪ੍ਰੈੱਸ ਕਰਦੀ ਤੇ ਸਾਡੇ ਖਾਣ ਲਈ ਰੋਟੀ ਦੇ ਡੱਬੇ ਬੰਨ੍ਹਦੀ। ਸਾਡੇ ਘਰ ਪਰਤਣ ਸਮੇਂ ਗਰਮਾ-ਗਰਮ ਖਾਣਾ ਸਾਡੀ ਉਮੀਦ ਕਰ ਰਿਹਾ ਹੁੰਦਾ ਸੀ। ਉਨ੍ਹਾਂ ਨੇ ਹਰ ਸ਼ਾਮ ਨੂੰ ਨਹਾਉਣ ਅਤੇ ਸੌਣ ਤੋਂ ਪਹਿਲਾਂ ਪ੍ਰਾਰਥਨਾ ਕਰਨ ਦਾ ਸਾਡਾ ਨਿੱਤ-ਨੇਮ ਬਣਾਇਆ ਹੋਇਆ ਸੀ। ਇਸ ਦੀ ਮਹੱਤਤਾ ਦਾ ਅਹਿਸਾਸ ਮੈਨੂੰ ਉਦੋਂ ਹੋਇਆ ਜਦੋਂ ਮੈਂ ਖ਼ੁਦ ਪਿਤਾ ਬਣਿਆ।

ਮੇਰੇ ਵੱਡੇ ਹੋ ਜਾਣ ’ਤੇ ਵੀ ਮੇਰੀ ਮਾਂ ਦਾ ਪਹਿਲਾ ਸਵਾਲ ਇਹੋ ਹੁੰਦਾ ਸੀ ਕਿ “ਤੇਰੀ ਸਿਹਤ ਕਿਵੇਂ ਹੈ, ਉਮੀਦ ਹੈ ਕਿ ਤੂੰ ਆਪਣੀ ਸਿਹਤ ਦਾ ਖ਼ਿਆਲ ਰੱਖ ਰਿਹਾ ਹੋਵੇਂਗਾ?” ਉਨ੍ਹਾਂ ਸ਼ਾਇਦ ਹੀ ਮੈਨੂੰ ਇਹ ਪੁੱਛਿਆ ਹੋਵੇਗਾ ਕਿ ਮੈਨੂੰ ਆਪਣੀ ਜ਼ਿੰਦਗੀ ਵਿੱਚ ਕਿੰਨੀ ਕਾਮਯਾਬੀ ਮਿਲੀ, ਮੈਂ ਕਿੰਨਾ ਕੁ ਧਨ ਜੋੜ ਲਿਆ ਹੈ ਤੇ ਮੈਂ ਕਿਹੋ ਜਿਹੇ ਘਰ ਵਿੱਚ ਰਹਿੰਦਾ ਹਾਂ। ਉਹ ਸਿਰਫ਼ ਇਹ ਜਾਣਨਾ ਚਾਹੁੰਦੇ ਸਨ ਕਿ ਮੈਂ ਆਪਣੀ ਸਿਹਤ ਦਾ ਖ਼ਿਆਲ ਰੱਖ ਰਿਹਾ ਹਾਂ ਜਾਂ ਨਹੀਂ। ਪੁਰਾਣੀ ਕਹਾਵਤ ‘ਸਿਹਤ ਹੀ ਦੌਲਤ ਹੈ’ ਉਨ੍ਹਾਂ ’ਤੇ ਪੂਰੀ ਢੁਕਦੀ ਸੀ।

ਸ਼ਾਇਦ ਸਭ ਤੋਂ ਮਹੱਤਵਪੂਰਨ ਸਿੱਖਿਆ ਉਨ੍ਹਾਂ ਇਹ ਦਿੱਤੀ ਕਿ ਅਸੀਂ ਕਦੇ ਆਪਣੀਆਂ ਜੜ੍ਹਾਂ ਤੋਂ ਨਾ ਟੁੱਟੀਏ ਅਤੇ ਪੁਰਾਣੇ ਦਿਨਾਂ ਨੂੰ ਕਦੇ ਨਾ ਭੁੱਲੀਏ। ਬੰਗਲੌਰ ਅਤੇ ਦਿੱਲੀ ਵਿੱਚ ਪੜ੍ਹਨ ਅਤੇ ਜੰਮੂ, ਫ਼ਿਰੋਜ਼ਪੁਰ, ਕੋਲਕਾਤਾ, ਦਿਓਲਾਲੀ, ਹੈਦਰਾਬਾਦ ਅਤੇ ਨੈਲੌਰ ਵਿਖੇ ਰਹਿਣ ਦੇ ਬਾਵਜੂਦ ਮੇਰੀ ਮਾਂ ਆਪਣੇ ਪਿੰਡ ਕੋਡਗੂ ਨੂੰ ਨਹੀਂ ਭੁੱਲੀ ਜਿੱਥੇ ਉਨ੍ਹਾਂ ਨੇ ਆਪਣੇ ਬਚਪਨ ਦੇ ਕੁਝ ਸਾਲ ਗੁਜ਼ਾਰੇ ਸਨ।

ਜਦੋਂ ਮੇਰੇ ਨਾਨਾ ਜੀ ਜਿਉਂਦੇ ਸਨ ਤਾਂ ਮੇਰੀ ਮਾਂ ਨੇ ਯਕੀਨੀ ਬਣਾਇਆ ਕਿ ਅਸੀਂ ਆਪਣੀਆਂ ਜ਼ਿਆਦਾ ਛੁੱਟੀਆਂ ਉਨ੍ਹਾਂ ਦੇ ਪਿੰਡ ਬਿਤਾਈਏ। ਸਾਨੂੰ ਉਨ੍ਹਾਂ ਦੇ ਜੱਦੀ ਘਰ ਤਕ ਪਹੁੰਚਣ ਲਈ ਬਸ ਅੱਡੇ ਤੋਂ 5 ਕਿਲੋਮੀਟਰ ਪੈਦਲ ਜਾਣਾ ਪੈਂਦਾ ਸੀ। ਇਸ ਰਸਤੇ ਵਿੱਚ ਸੰਘਣੇ ਜੰਗਲਾਂ ਨਾਲ ਢਕੀਆਂ ਪਹਾੜੀ ਚੋਟੀਆਂ, ਝੋਨੇ ਦੇ ਖੇਤਾਂ ਵਾਲੀਆਂ ਘਾਟੀਆਂ ਅਤੇ ਪੂਰੇ ਵੇਗ ਨਾਲ ਵਹਿੰਦੀ ਕਾਵੇਰੀ ਨਦੀ ਆਉਂਦੀ ਸੀ।

ਇਸ ਨੇ ਸਾਨੂੰ ਕੁਦਰਤ ਨੂੰ ਪਿਆਰ ਕਰਨਾ ਸਿਖਾਇਆ ਅਤੇ ਇਹ ਵੀ ਸਮਝਾਇਆ ਕਿ ਜ਼ਿਆਦਾਤਰ ਭਾਰਤੀ ਉਦੋਂ ਤੇ ਬਹੁਤ ਸਾਰੇ ਹੁਣ ਵੀ ਸੜਕਾਂ, ਪਖ਼ਾਨਿਆਂ, ਟੂਟੀ ਦੇ ਪਾਣੀ ਅਤੇ ਬਿਜਲੀ ਤੋਂ ਬਿਨਾਂ ਕਿਵੇਂ ਜੀਵਨ ਬਸਰ ਕਰਦੇ ਹਨ। ਅਸੀਂ ਉੱਥੇ ਰਹਿੰਦਿਆਂ ਸਵੇਰੇ ਮੁਰਗੇ ਦੀ ਬਾਂਗ ਨਾਲ ਜਾਗਣਾ, ਗਾਵਾਂ ਦਾ ਦੁੱਧ ਚੋਣਾ, ਖੇਤਾਂ ਵਿੱਚ ਹਲ਼ ਵਾਹੁਣ ’ਚ ਸਹਾਇਤਾ ਕਰਨੀ, ਦਿਨ ਢਲ਼ ਜਾਣ ’ਤੇ ਪਸ਼ੂਆਂ ਨੂੰ ਘਾਹ ਦੇ ਮੈਦਾਨਾਂ ਤੋਂ ਵਾਪਸ ਘਰ ਲਿਆਉਣਾ, ਰਾਤ ਨੂੰ ਦੀਵੇ ਦੀ ਲੋਅ ਵਿੱਚ ਪੜ੍ਹਾਈ ਕਰਨੀ ਸਿੱਖੀ ਅਤੇ ਨਾਨਾ ਜੀ ਤੋਂ ਉਨ੍ਹਾਂ ਦੀ ਜ਼ਿੰਦਗੀ ਨਾਲ ਜੁੜੇ ਕਿੱਸੇ ਸੁਣੇ।

ਮੇਰੀ ਮਾਂ ਦੀ ਅੰਤਿਮ ਇੱਛਾ ਸੀ ਕਿ ਉਸ ਦੀਆਂ ਅਸਥੀਆਂ ਦਾ ਕੁਝ ਹਿੱਸਾ ਉਨ੍ਹਾਂ ਦੇ ਪਿੰਡ ਕੋਲੋਂ ਲੰਘਦੀ ਕਾਵੇਰੀ ਨਦੀ ਵਿੱਚ ਪਾਇਆ ਜਾਵੇ, ਕੁਝ ਉਸ ਦੇ ਮਾਪਿਆਂ ਦੀਆਂ ਅਸਥੀਆਂ ਦੇ ਨੇੜੇ ਦਫ਼ਨਾਇਆ ਜਾਵੇ ਅਤੇ ਬਾਕੀ ਬਚੀਆਂ ਇਸ ਤੋਂ 30 ਕਿਲੋਮੀਟਰ ਦੂਰ ਮੇਰੇ ਪਿਤਾ ਦੇ ਪਿੰਡ ਵਿੱਚ ਉਨ੍ਹਾਂ ਦੀਆਂ ਅਸਥੀਆਂ ਨੇੜੇ ਦਫ਼ਨਾਈਆਂ ਜਾਣ। ਜਦੋਂ ਅਸੀਂ ਉਨ੍ਹਾਂ ਦੀਆਂ ਅਸਥੀਆਂ ਕੋਡਗੂ ਲਿਜਾ ਰਹੇ ਸਾਂ ਤਾਂ ਭਾਰੀ ਮੀਂਹ ਪੈ ਰਿਹਾ ਸੀ। ਸਾਨੂੰ ਚਿਤਾਵਨੀ ਦਿੱਤੀ ਗਈ ਕਿ ਭਾਰੀ ਮੀਂਹ ਕਾਰਨ ਨਦੀ ਦਾ ਪਾਣੀ ਚੜ੍ਹਿਆ ਹੋਇਆ ਸੀ ਅਤੇ ਉਨ੍ਹਾਂ ਦੇ ਪਿੰਡ ਵੱਲ ਜਾਂਦੇ ਰਸਤਿਆਂ ਦੀ ਹਾਲਤ ਵੀ ਖ਼ਸਤਾ ਹੋ ਗਈ ਸੀ ਪਰ ਕੁਦਰਤ ਨੇ ਵੀ ਮਾਨੋ ਮੇਰੀ ਮਾਂ ਦੀ ਮੁੜ ਹਮੇਸ਼ਾ ਲਈ ਆਪਣਿਆਂ ਕੋਲ ਆਪਣੀ ਮਨਪਸੰਦ ਥਾਂ ਜਾਣ ਦੀ ਇੱਛਾ ਦਾ ਸਨਮਾਨ ਕੀਤਾ ਅਤੇ ਮੀਂਹ ਘੱਟ ਹੋਣ ਸਦਕਾ ਅਸੀਂ ਉੱਥੇ ਪਹੁੰਚ ਗਏ।



ਉਨ੍ਹਾਂ ਦੀ ਅੰਤਿਮ ਯਾਤਰਾ ਵੀ ਇੱਕ ਸਬਕ ਹੀ ਸੀ। ਆਪਣੀਆਂ ਜੜ੍ਹਾਂ ਦੀ ਭਾਲ ਅਤੇ ਹੋਂਦ ਦੀ ਥਾਹ ਪਾਉਣ ਦੀ ਇੱਛਾ ਫੁੱਲਾਂ ਅਤੇ ਕੰਡਿਆਂ ਨਾਲ ਭਰਿਆ ਮਾਰਗ ਹੈ। ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਨ ਕਾਰਨ ਸਾਡੇ ਵਿੱਚੋਂ ਕਈ ਆਪਣੀਆਂ ਜੜ੍ਹਾਂ ਅਤੇ ਨੈਤਿਕਤਾ ਨਾਲੋਂ ਟੁੱਟ ਗਏ ਹਨ। ਪਦਾਰਥਵਾਦ ਦੀ ਦੌੜ ਨੇ ਸਾਨੂੰ ਖਾਲੀਪਣ ਅਤੇ ਅਸ਼ਾਂਤੀ ਨਾਲ ਭਰ ਦਿੱਤਾ ਹੈ।

ਮੇਰੀ ਮਾਂ ਨੇ ਸਾਨੂੰ ਕੁਦਰਤ, ਪਰਿਵਾਰ, ਦੋਸਤ-ਮਿੱਤਰ ਅਤੇ ਆਪਣੇ ਨਾਲ ਰਹਿਣ ਤੇ ਕੰਮ ਕਰਨ ਵਾਲਿਆਂ ਨਾਲ ਜੁੜੇ ਰਹਿਣ ਦੀ ਅਹਿਮੀਅਤ ਸਿਖਾਈ ਸੀ। ਤੁਹਾਡਾ ਮਨ ਤੇ ਸਰੀਰ ਤੁਹਾਨੂੰ ਕਿੰਨੀ ਵੀ ਦੂਰ ਕਿਉਂ ਨਾ ਲੈ ਜਾਵੇ, ਆਪਣੀਆਂ ਜੜ੍ਹਾਂ ਨੂੰ ਕਦੇ ਨਾ ਭੁੱਲੋ। ਇਸ ਲਈ ਵੇਲਾ ਆਉਣ ’ਤੇ ਕੁਦਰਤ ਤੁਹਾਡਾ ਖੁੱਲ੍ਹੀਆਂ ਬਾਹਾਂ ਤੇ ਮੋਹ ਭਰੇ ਨਿੱਘ ਨਾਲ ਸੁਆਗਤ ਕਰੇਗੀ ਜਿਵੇਂ ਮੇਰੀ ਮਾਂ ਦਾ ਕੀਤਾ ਹੈ।

## ਦਮਨਕਾਰੀ ਬਿਲ ਦੇ ਵਿਰੋਧ ’ਚ ਸਮੁੱਚੇ ਪੰਜਾਬ ਅੰਦਰ ਲੋਕ ਚੇਤਨਾ ਮੁਹਿੰਮ ਚਲਾਈ ਜਾਵੇਗੀ : ਪ੍ਰੋ. ਜਗਮੋਹਨ ਸਿੰਘ



ਪੰਜਾਬੀ ਭਵਨ ਲੁਧਿਆਣਾ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੱਦੇ ਤੇ ਪੰਜਾਬ ਦੀਆਂ ਦੋ ਦਰਜਨ ਤੋਂ ਉਪਰ ਜਨਤਕ ਜਮਹੂਰੀ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਸਭਾ ਦੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪੰਜਾਬ ਕੈਬਨਿਟ ਵੱਲੋਂ ਪਾਸ ਕੀਤੇ ਦਮਨਕਾਰੀ ਸਰਕਾਰੀ ਤੇ ਨਿੱਜੀ ਜਾਇਦਾਦ ਦਾ ਨੁਕਸਾਨ ਰੋਕੂ ਬਿਲ’ ਨੂੰ ਲੋਕਾਂ ਦੇ ਜਮਹੂਰੀ ਹੱਕਾਂ ਉਪਰ ਵੱਡਾ ਹਮਲਾ ਅਤੇ ਸੰਘਰਸ਼ਸ਼ੀਲ ਲੋਕਾਂ ਦੀ ਜਾਇਦਾਦ ਖੋਹਣ ਦੀ ਬਦਨੀਅਤ ਨਾਲ ਅਤੇ ਕਾਨੂੰਨ ਦੀ ਸਥਾਪਿਤ ਪ੍ਰਕਿਰਿਆ ਨੂੰ ਲੋਕ ਵਿਰੋਧੀ ਬਣਾਉਣ ਦੇ ਮਕਸਦ ਵਾਲਾ ਦਮਨਕਾਰੀ ਬਿਲ ਕਰਾਰ ਦਿੱਤਾ ਗਿਆ। ਬਿਲ ਦੀਆਂ ਧਾਰਾਵਾਂ ਅੰਗਰੇਜ਼ ਰਾਜ ਦੀ ਜ਼ਾਲਮਾਨਾ ਨੀਤੀ ਦੀ ਯਾਦ ਦਿਵਾਉਂਦੀਆਂ ਹਨ। ਹਕੂਮਤ ਦਾ ਇਹ ਬਿਲ ਲਿਆਉਣ ਦਾ ਉਦੇਸ਼ ਨਾ ਸਿਰਫ ਨਾਗਰਿਕਾਂ ਦੇ ਗਲਤ ਨੀਤੀਆਂ ਦੇ ਵਿਰੁੱਧ ਆਵਾਜ਼ ਉਠਾਉਣ ਅਤੇ ਸੰਘਰਸ਼ ਕਰਨ ਦੇ ਹੱਕ ਨੂੰ ਖੋਹਣਾ ਹੈ ਸਗੋਂ ਲੋਕ ਵਿਰੋਧੀ ਨਵਉਦਾਰਵਾਦੀ ਮਾਡਲ ਨੂੰ ਹੋਰ ਵੀ ਵਿਆਪਕ ਪੈਮਾਨੇ ਉੱਤੇ ਥੋਪਣ ਲਈ ਰਾਹ ਪੱਧਰਾ ਕਰਨਾ ਹੈ। ਲਿਹਾਜ਼ਾ ਇਹ ਬਿਲ ਜਮਹੂਰੀ ਹੱਕਾਂ ਦੀ ਪਹਿਲਾਂ ਹੀ ਬਹੁਤ ਸੀਮਤ ਸਪੇਸ ਨੂੰ ਖਤਮ ਕਰਨ ਲਈ ਹੈ। ਮੀਟਿੰਗ ਵਿੱਚ ਹਾਜ਼ਰ ਜਥੇਬੰਦੀਆਂ ਨੇ ਇੱਕਮੱਤ ਹੋ ਕੇ ਅਹਿਦ ਲਿਆ ਕਿ ਇਸ ਦਮਨਕਾਰੀ ਬਿਲ ਦੇ ਵਿਰੋਧ ਵਿੱਚ ਸਮੁੱਚੇ ਪੰਜਾਬ ਅੰਦਰ ਲੋਕ ਚੇਤਨਾ ਮੁਹਿੰਮ ਚਲਾਈ ਜਾਵੇਗੀ ਅਤੇ ਇਸ ਬਿਲ ਦੇ ਖਿਲਾਫ਼ ਲੋਕ ਰਾਏ ਲਾਮਬੰਦ ਕਰਦੇ ਹੋਏ ਹਕੂਮਤ ਨੂੰ ਇਹ ਬਿਲ ਪੇਸ਼ ਕੀਤੇ ਜਾਣ ਤੋਂ ਰੋਕਣ ਲਈ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ। ਜਿਸ ਤਹਿਤ ਵਿਧਾਨ ਸਭਾ ਦੇ ਚੱਲ ਰਹੇ ਮੌਨਸੂਨ ਸੈਸ਼ਨ ਦੌਰਾਨ ਹਰ ਸੰਭਵ ਥਾਂ ਤੇ ਸੰਭਵ ਢੰਗ ਨਾਲ ਇਸ ਦਾ ਵਿਰੋਧ ਕੀਤਾ ਜਾਵੇਗਾ। ਸਮੂਹ ਜਥੇਬੰਦੀਆਂ ਨੇ ਚਿਤਾਵਨੀ ਦਿੱਤੀ ਕਿ ਪਬਲਿਕ ਬਹਿਸ ਤੋਂ ਬਗੈਰ ਬਿਲ ਪੇਸ਼ ਕੀਤੇ ਜਾਣ ਦੀ ਸੂਰਤ ਵਿੱਚ ਹਰ ਇਲਾਕੇ ਦੇ ਐਮ ਐਲ ਏ ਨੂੰ ਤਿੱਖੇ ਲੋਕ ਰੋਹ ਦਾ ਸਾਹਮਣਾ ਕਰਨਾ ਪਵੇਗਾ। ਮੀਟਿੰਗ ਵਿੱਚ ਸੁਖਦੇਵ ਸਿੰਘ ਕੋਕਰੀ ਤੇ ਸਰੂਪ ਸਿੰਘ ਸਹਾਰਨ ਮਾਜ਼ਰਾ (ਬੀ ਕੇ ਯੂ ਏਕਤਾ ਉਗਰਾਹਾਂ), ਬੂਟਾ ਸਿੰਘ ਬੁਰਜ ਗਿੱਲ ਅਤੇ ਡਾ. ਦਰਸ਼ਨ ਪਾਲ (ਬੀਕੇਯੂ ਏਕਤਾ ਡਕੌਂਦਾ), ਦਾਤਾਰ ਸਿੰਘ (ਕਿਰਤੀ ਕਿਸਾਨ ਯੂਨੀਅਨ), ਕਲਵੰਤ ਸਿੰਘ ਸੰਧੂ (ਜਮਹੂਰੀ ਕਿਸਾਨ ਸਭਾ ਪੰਜਾਬ), ਗੁਰਨਾਮ ਭੀਖੀ (ਪੰਜਾਬ ਕਿਸਾਨ ਯੂਨੀਅਨ) ਅਮੋਲਕ ਸਿੰਘ (ਪਲਸ ਮੰਚ), ਰਮਿੰਦਰ ਸਿੰਘ ਪਟਿਆਲਾ (ਨੌਜਵਾਨ ਭਾਰਤ ਸਭਾ), ਪਵੇਲ ਕੁਸਾ (ਨੌਜਵਾਨ ਭਾਰਤ ਸਭਾ), ਕੁਲਵਿੰਦਰ (ਨੌਜਵਾਨ ਭਾਰਤ ਸਭਾ), ਹਰਸ਼ਾ ਸਿੰਘ ਅਤੇ ਹਰਪ੍ਰੀਤ ਕੌਰ (ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ), ਭੁਪਿੰਦਰ ਸਿੰਘ ਵੜੈਚ (ਡੈਮਕਰੇਟਿਕ ਇੰਪਲਾਈਜ਼ ਫਰੰਟ), ਪ੍ਰਮੋਦ ਕੁਮਾਰ (ਟੀ ਐਸ ਯੂ ਪੰਜਾਬ), ਗੁਰਦੀਪ ਸਿੰਘ (ਟੀ ਐਸ ਯੂ), ਵੇਦ ਪ੍ਰਕਾਸ਼ (ਤਰਕਸ਼ੀਲ ਸੁਸਾਇਟੀ ਭਾਰਤ), ਵਿਜੈ ਨਰਾਇਣ (ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ), ਗੱਲਰ ਚੌਹਾਨ (ਲੋਕ ਏਕਤਾ ਸੰਗਠਨ), ਕੁਲਦੀਪ ਸਿੰਘ (ਪੰਜਾਬ ਐਂਡ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ), ਰਾਜਵਿੰਦਰ (ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ), ਲਖਵਿੰਦਰ (ਕਾਰਖਾਨਾ ਮਜ਼ਦੂਰ ਯੂਨੀਅਨ, ਨਿਰਮਲ ਸਿੰਘ ਮਾਹਲਾ (ਬੇਰੁਜ਼ਗਾਰ ਲਾਈਨਮੈਨ ਯੂਨੀਅਨ), ਅਮਰਜੀਤ (ਡੈਮੋਕਰੇਟਿਕ ਸਟੂਡੈਂਟਸ ਯੂਨੀਅਨ), ਐਡਵੋਕੇਟ ਰਾਜੀਵ ਲੋਹਟਬੱਧੀ (ਡੈਮੋਕਰੇਟਿਕ ਲਾਇਰਜ਼ ਐਸੋਸੀਏਸ਼ਨ), ਗੁਰਦੀਪ ਬਾਸੀ (ਪੰਜਾਬ ਸਟੇਟ ਵੈਟਰਨਰੀ ਇੰਸਪੈਕਰਜ਼ ਐਸੋਸੀਏਸ਼ਨ), ਆਦਿ ਸੂਬਾਈ ਆਗੂਆਂ ਤੋਂ ਇਲਾਵਾ ਜਮਹੂਰੀ ਅਧਿਕਾਰ ਸਭਾ ਦੇ ਸਕੱਤਰੇਤ ਮੈਂਬਰ ਪ੍ਰੋਫੈਸਰ ਏ ਕੇ ਮਲੇਰੀ, ਡਾ ਪਰਮਿੰਦਰ ਸਿੰਘ, ਨਰਭਿੰਦਰ, ਤਰਸੇਮ ਲਾਲ, ਬੂਟਾ ਸਿੰਘ, ਪ੍ਰਿਤਪਾਲ ਸ਼ਾਮਲ ਹੋਏ। ਇਸ ਤੋਂ ਇਲਾਵਾ ਪੰਜਾਬ ਦੀਆਂ 7 ਖੇਤ ਤੇ ਪੇਂਡੂ ਮਜ਼ਦੂਰ ਜਥੇਬੰਦੀਆਂ, ਪਨਸਪ ਮੁਲਾਜ਼ਮ ਯੂਨੀਅਨ ਅਤੇ ਲੋਕ ਮੋਰਚਾ ਤੇ ਇਨਕਲਾਬੀ ਕੇਂਦਰ ਵੱਲੋਂ ਵੀ ਇਸ ਸਾਂਝੀ ਮੀਟਿੰਗ ਵਿੱਚ ਲਏ ਫ਼ੈਸਲੇ ਦੀ ਹਮਾਇਤ ਕੀਤੀ ਗਈ

## A picnic of S Government College of Science Education and Research, Jagraon Ludhiana (PB)

The Student and professors held a picnic of S Government College of Science Education and Research, Jagraon (Ludhiana) at old Derry road Meadowale Conservation Park in Mississauga 0n July 27, 2014, During this wonderful event Punjab insurance adviser harbans singh provided the T- Shirts to the participants. Master Balbir singh and Jagjit Singh Jiti made the function more eye-catching when they played a couple of Punjabi songs. The student and professors of college including their kids made it more delighted. After the prize distribution Baljit Kaur wished thanks to all of them who joined it and made the promise to figure it more wonderful in the forthcoming.

ਇੰਟਰਨੈਸ਼ਨਲ ਮਿਆਰਾਂ ਦੇ ਪੱਧਰ ’ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

BALJINDER ARTS

Baljinder Singh

Mob. +91-92167-29598, +91-98782-29598

akashdeep.1046@gmail.com

# ਕਾਮਾਗਾਟਾ ਮਾਰੂ ਦੀ 100ਵੀਂ ਵਰ੍ਹੇਗੰਢ ਮਨਾਉਂਦਿਆਂ

## ਕੀ ਹੁਣ ਮਾਫ਼ੀ ਦੀ ਸਿਆਸਤ ਛੱਡ ਦੇਣਾ ਜਾਇਜ਼ ਨਹੀਂ ਹੋਏਗਾ?

ਸੰਪਾਦਕ ਜੀਓ,

ਅੱਜ ਤੋਂ ਕੋਈ ਸੌ ਵਰ੍ਹੇ ਪਹਿਲਾਂ 23 ਜੁਲਾਈ, 1914 ਨੂੰ ਵੈਨਕੋਵਰ ਦੀ ਬੰਦਰਗਾਹ ਤੋਂ ਕਾਮਾਗਾਟਾ ਮਾਰੂ ਨੂੰ ਯਾਤਰੀਆਂ ਸਮੇਤ ਵਾਪਿਸ ਭੇਜੇ ਜਾਣ ਦੀ ਦੁਖਦਾਈ ਅਤੇ ਅਫਸੋਸਨਾਕ ਘਟਨਾ ਵਾਪਰੀ ਸੀ। ਇਹ ਘਟਨਾ ਉਸ ਸਮੇਂ ਦੇ ਨਸਲਵਾਦੀ ਵਰਤਾਰੇ ਅਤੇ ਨਸਲਵਾਦੀ ਕਾਨੂੰਨਾਂ ਕਾਰਨ ਲੋਕਾਂ ਨਾਲ ਕੀਤੇ ਜਾਂਦੇ ਵਿਤਕਰਿਆਂ ਦੀ ਇੱਕ ਇਤਿਹਾਸਕ ਮਿਸਾਲ ਹੈ। ਇਸ ਤੱਥ ਨੂੰ ਕੈਨੇਡੀਅਨ ਭਾਈਚਾਰਾ ਵੀ ਸਵੀਕਾਰ ਕਰਦਾ ਹੈ ਅਤੇ ਅਜਿਹੀਆਂ ਘਟਨਾਵਾਂ ਤੇ ਅਫਸੋਸ ਵੀ ਪ੍ਰਗਟ ਕਰਦਾ ਹੈ। ਕਾਮਾਗਾਟਾ ਮਾਰੂ ਦੇ ਮੁਸਾਫਿਰ ਸਾਡੇ ਬਜ਼ੁਰਗ ਸਨ ਅਤੇ ਉਨ੍ਹਾਂ ਨਾਲ ਹੋਏ ਭੈੜੇ ਸਲੂਕ ਕਾਰਨ ਉਨ੍ਹਾਂ ਨੂੰ ਜੋ ਤਕਲੀਫ਼ਾਂ ਝੱਲਣੀਆਂ ਪਈਆਂ ਉਸਦਾ ਸਾਨੂੰ (ਪੰਜਾਬੀਆਂ) ਨੂੰ ਦੁੱਖ ਵੀ ਹੈ ਅਤੇ ਗਿਲਾ ਵੀ। ਸੌ ਵੀਂ ਵਰ੍ਹੇ ਗੰਢ ਮੌਕੇ ਸਾਡਾ ਉਨ੍ਹਾਂ ਬਜ਼ੁਰਗਾਂ ਨੂੰ ਪ੍ਰਨਾਮ ਹੈ ਜਿਨ੍ਹਾਂ ਅਨੇਕਾਂ ਤਕਲੀਫਾਂ ਝੱਲਦੇ ਹੋਏ ਇਨ੍ਹਾਂ ਨਵੀਆਂ ਥਾਵਾਂ ਉੱਪਰ ਆ ਕੇ ਵਸਣ ਦਾ ਜ਼ੋਖਮ ਅਤੇ ਦਲੇਰੀ ਭਰਿਆ ਕਦਮ ਚੁੱਕਿਆ। ਜ਼ਿੰਦਗੀ ਦੇ ਘੋਲ ਨੂੰ ਇੱਕ ਨਵੇਂ ਢੰਗ ਨਾਲ ਅੱਗੇ ਤੋਰਨ ਲਈ ਨਵੇਂ ਰਾਹ ਤਲਾਸ਼ਣ ਦਾ ਸਾਹਸ ਕਰਨ ਵਾਲੇ ਇਨ੍ਹਾਂ ਬਹਾਦਰ ਮਨੁੱਖਾਂ ਨੂੰ ਇੱਕ ਵਾਰ ਫਿਰ ਪ੍ਰਨਾਮ। ਇਸ ਘਟਨਾ ਦੀ ਸੌ ਵੀਂ ਵਰ੍ਹੇ ਗੰਢ ਮੌਕੇ ਜਿੱਥੇ ਕਾਮਾਗਾਟਾ ਮਾਰੂ ਦੇ ਮੁਸਾਫਿਰਾਂ ਨੂੰ ਯਾਦ ਕੀਤਾ ਜਾ ਰਿਹਾ ਹੈ ਉੱਥੇ ਇਸ ਲਿਖਤ ਰਾਹੀਂ ਕੁੱਝ ਬੁਨਿਆਦੀ ਸੁਆਲਾਂ ਤੇ ਚਰਚਾ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੁਆਲ ਹੈ ਕਿ ਕੀ ਕਾਮਾਗਾਟਾ ਮਾਰੂ ਨੂੰ ਵਾਪਿਸ ਮੋੜੇ ਜਾਣਾ ਗੈਰਕਾਨੂੰਨੀ ਸੀ? ਕੀ ਕਾਮਾਗਾਟਾ ਮਾਰੂ ਦੇ ਮੁਸਾਫਿਰ ਗਦਰੀ ਸਨ? ਕੀ ਬਾਬਾ ਗੁਰਦਿੱਤ ਸਿੰਘ ਦਾ ਮਨਸ਼ਾ ਕੈਨੇਡਾ ਦੇ ਨਸਲਵਾਦੀ ਕਾਨੂੰਨਾਂ ਨੂੰ ਚੁਣੌਤੀ ਦੇਣਾ ਸੀ? ਕੀ ਕੈਨੇਡਾ ਦੇ ਢਾਂਚੇ ਵਿੱਚ ਸਿਫਤੀ ਤਬਦੀਲੀਆਂ ਆ ਚੁੱਕੀਆਂ ਹਨ? ਕੀ ਕੈਨੇਡਾ ਸਰਕਾਰ ਵੱਲੋਂ ਕਾਮਾਗਾਟਾ ਮਾਰੂ ਦੀ ਯਾਦਗਾਰ ਵਜੋਂ ਕੀਤੇ ਯਤਨ ਕਾਫੀ ਨਹੀਂ ? ਕੀ ਕਾਮਾਗਾਟਾ ਮਾਰੂ ਬਾਰੇ ਮਾਫੀ ਵਾਲੀ ਮੰਗ ਨੂੰ ਲੋੜ ਤੋਂ ਜ਼ਿਆਦਾ ਤਾਂ ਨਹੀਂ ਖਿੱਚਿਆ ਜਾ ਰਿਹਾ? ਆਦਿ।

ਕਾਮਾਗਾਟਾ ਮਾਰੂ ਦੇ ਮੁਸਾਫਿਰਾਂ ਨਾਲ ਹੋਇਆ ਵਤੀਰਾ ਨਸਲਵਾਦੀ ਵਿਤਕਰੇ ਵਾਲਾ ਤਾਂ ਜ਼ਰੂਰ ਸੀ ਪਰ ਇਹ ਗੈਰਕਾਨੂੰਨੀ ਨਹੀਂ ਸੀ। ਇਹ ਸਭ ਕੁੱਝ ਉਸ ਸਮੇਂ ਦੇ ਕਾਨੂੰਨ ਅਨੁਸਾਰ ਹੀ ਸੀ ਅਤੇ ਸ਼ਿੱਪ ਲਿਆਉਣ ਵਾਲੇ ਬਾਬਾ ਗੁਰਦਿੱਤ ਸਿੰਘ ਸਮੇਤ ਸਭ ਮੁਸਾਫਿਰਾਂ ਨੂੰ ਇਨ੍ਹਾਂ ਬਦਲੇ ਹੋਏ ਕਾਨੂੰਨਾਂ ਦੀ ਜਾਣਕਾਰੀ ਸੀ। ਮੁਸਾਫਿਰਾਂ ਦਾ ਇਹ ਜ਼ੋਖਮ ਭਰਿਆ ਉੱਦਮ, ਪਿੱਛੇ ਪਗੁ ਨਾ ਦੀਜੀਐ, ਆਗੈ ਹੋਇ ਸੋ ਹੋਇ, ਵਰਗੀ ਦ੍ਰਿੜ ਪ੍ਰੇਰਨਾ ਨਾਲ ਪੂਰੀ ਤਰ੍ਹਾਂ ਤਿਆਰ ਹੋ ਕੇ ਲਿਆ ਗਿਆ ਫੈਸਲਾ ਸੀ।

ਕਾਮਾਗਾਟਾ ਮਾਰੂ ਦੇ ਇਹ ਮੁਸਾਫਰ ਨਾ ਤਾਂ ਗਦਰੀ ਸਨ ਅਤੇ ਨਾ ਹੀ ਕਿਸੇ ਵਿਸ਼ੇਸ਼ ਰਾਜਨੀਤਕ ਮਨੋਰਥ ਦੀ ਪ੍ਰਾਪਤੀ ਦਾ ਨਿਸ਼ਾਨਾ ਮਿਥ ਕੇ ਸੰਗਠਿਤ ਹੋਇਆ ਕੋਈ ਜਥਾ ਸੀ। ਇਹ ਸਾਰੇ ਦੇ ਸਾਰੇ ਲੋਕ ਰੁਜ਼ਗਾਰ ਅਤੇ ਬਿਹਤਰ ਭਵਿੱਖ ਦੀ ਭਾਲ ਵਿੱਚ ਘਰਾਂ ਤੋਂ ਬਾਹਰ ਨਿਕਲੇ ਸਨ। ਜੋ ਕਿ ਵੱਖ ਵੱਖ ਮੁਲਕਾਂ, ਸਿੰਘਾਪੁਰ, ਮਲਾਇਆ, ਹਾਂਗ ਕਾਂਗ, ਚੀਨ, ਜਾਪਾਨ ਆਦਿ ਵਿੱਚ ਭਟਕਦੇ ਫਿਰਦੇ ਸਨ। ਬਾਬਾ ਗੁਰਦਿੱਤ ਸਿੰਘ ਜੋ ਕਿ ਇੱਕ ਵਪਾਰੀ ਆਦਮੀ ਸੀ, ਨੇ ਇਸ ਮੌਕੇ ਨੂੰ ਬੰਦੇ ਬਾਹਰ ਭੇਜਣ ਦੇ ਵਪਾਰ ਦਾ ਇੱਕ ਵਧੀਆ ਮੌਕਾ ਜਾਣ ਕੇ ਇਸਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ ਸੀ ਨਾ ਕਿ ਕੈਨੇਡਾ ਦੇ ਨਸਲਵਾਦੀ ਕਾਨੂੰਨਾਂ ਨੂੰ ਚੈਲਿੰਜ ਕਰਨ ਦੀ। ਜੋ ਕਿ ਅੱਜ ਕੱਲ੍ਹ ਦੇ ਟ੍ਰੈਵਲ ਏਜੰਟਾਂ ਵੱਲੋਂ ਬੰਦੇ ਬਾਹਰ ਭੇਜਣ ਦੇ ਕਾਰੋਬਾਰ ਤੋਂ ਕਿਸੇ ਵੀ ਤਰ੍ਹਾਂ ਵੱਖਰਾ ਨਹੀਂ ਸੀ। 1914 ਦੇ ਸ਼ੁਰੂ ਵਿੱਚ ਬਾਬਾ ਗੁਰਦਿੱਤ ਸਿੰਘ ਨੇ ਹਾਂਗਕਾਂਗ ਵਿੱਚ ਇੱਕ ਜਾਪਾਨੀ 'ਜਾਹਜ਼ ਕਾਮਾਗਾਟਾ ਮਾਰੂ'ਕਿਰਾਏ ਤੇ ਲੈ ਕੇ ਟਿਕਟਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਯੋਜਨਾ ਅਨੁਸਾਰ ਇਹ ਜਹਾਜ਼ ਮਾਰਚ ਵਿੱਚ ਚੱਲਣਾ ਸੀ। ਪਰ ਬਾਬੇ ਵੱਲੋਂ ਵੇਚੀਆਂ ਜਾ ਰਹੀਆਂ ਟਿਕਟਾਂ ਨੂੰ ਗੈਰਕਾਨੂੰਨੀ ਜਾਣ ਕੇ ਉੱਥੋਂ ਦੇ ਅਧਿਕਾਰੀਆਂ ਬਾਬਾ ਗੁਰਦਿੱਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਰਿਹਾਈ ਹੋਣ ਉਪਰੰਤ ਇਹ ਜਹਾਜ਼ ਅਪ੍ਰੈਲ ਦੇ ਮਹੀਨੇ ਹਾਂਗਕਾਂਗ ਤੋਂ ਚੱਲਿਆ। ਰਸਤੇ ਵਿੱਚੋਂ ਸ਼ਿੰਘਾਈ, ਮੋਜ਼ੀ ਅਤੇ ਯੋਕੋਹਾਮਾ ਤੋਂ ਹੋਰ ਮੁਸਾਫਰ ਲੈ ਕੇ ਮਈ ਦੇ ਸ਼ੁਰੂ ਵਿੱਚ ਇਹ ਕੈਨੇਡਾ ਵੱਲ ਨੂੰ ਸਿੱਧਾ ਹੋ ਤੁਰਿਆ। ਯਾਦ ਰਹੇ ਬਾਬਾ ਗੁਰਦਿੱਤ ਸਿੰਘ ਨੇ ਜਹਾਜ਼ ਉੱਪਰ 376 ਮੁਸਾਫਿਰਾਂ ਦੇ ਨਾਲ ਨਾਲ 1500 ਟਨ ਕੋਇਲਾ ਵੀ ਲੱਦਿਆ ਹੋਇਆ ਸੀ। ਇਹ ਕੋਇਲਾ ਕੈਨੇਡਾ ਵਿੱਚ ਵੇਚਿਆ ਜਾਣਾ ਸੀ ਅਤੇ ਮੁੜਦੇ ਜਾਂਦੇ ਇੱਥੋਂ ਲੱਕੜ ਲੱਦ ਕੇ ਲਿਜਾਣ ਦੀ ਵਿਉਂਤ ਸੀ। ਜਦ 23 ਮਈ 1914 ਨੂੰ ਇਹ ਜਹਾਜ਼ ਵੈਨਕੂਵਰ ਪਹੁੰਚਿਆ ਤਾਂ ਅਧਿਕਾਰੀਆਂ ਨੇ ਇਸਦੇ ਮੁਸਾਫਿਰਾਂ ਨੂੰ ਗੈਰਕਾਨੂੰਨੀ ਤੌਰ 'ਤੇ ਆਏ ਹੋਣ ਕਾਰਨ ਉੱਤਰਨ ਦੀ ਆਗਿਆ ਨਾ ਦਿੱਤੀ। ਕੈਨੇਡਾ ਰਹਿੰਦੇ ਭਾਰਤੀਆਂ (ਜਿਨ੍ਹਾਂ ਵਿੱਚ ਬਹੁਤੇ ਸਿੱਖ ਸਨ) ਨੇ 15 ਮੈਂਬਰੀ ਸ਼ੋਅਰ ਕਮੇਟੀ ਬਣਾਕੇ ਮੱਦਦ ਕਰਨ ਦੀ ਪੂਰੀ ਵਾਹ ਲਾਈ ਪਰ ਸਰਕਾਰ ਨਾ ਮੰਨੀ। ਕਿਉਂਕਿ ਕਾਮਾਗਾਟਾ ਮਾਰੂ ਦੇ ਮੁਸਾਫਿਰਾਂ ਦੀ ਮੱਦਦ ਕਰਨ ਵਾਲੇ ਕਾਰਕੁਨ (ਭਾਈ ਬਲਵੰਤ ਸਿੰਘ ਖੁਰਦਪੁਰ, ਹੁਸੈਨ ਰਹੀਮ, ਭਾਈ ਭਾਗ ਸਿੰਘ ਭਿੱਖੀਵਿੰਡ ਆਦਿ) ਗਦਰ ਪਾਰਟੀ ਦੇ ਵੀ ਸਰਗਰਮ ਕਾਰਕੁੰਨ ਸਨ, ਇਸ ਲਈ ਇਨ੍ਹਾਂ ਗਦਰੀਆਂ ਨੇ ਸੋਚਿਆ ਕਿ ਜੇਕਰ ਇਨ੍ਹਾਂ ਮੁਸਾਫਿਰਾਂ ਨੂੰ ਵਾਪਸ ਭੇਜਿਆ ਹੀ ਜਾਣਾ ਹੈ ਤਾਂ ਕਿਉਂ ਨਾਂ ਇਨ੍ਹਾਂ ਨੂੰ ਭਾਰਤ ਜਾ ਕੇ ਗਦਰ ਵਿੱਚ ਸ਼ਾਮਿਲ ਹੋਣ ਲਈ ਪ੍ਰੇਰਿਆ ਜਾਵੇ। ਇਨ੍ਹਾਂ ਮੁਸਾਫਿਰਾਂ ਨਾਲ ਸੰਪਰਕ ਕਰਨ ਵਾਲੇ ਗਦਰੀਆਂ ਨੇ ਇਨ੍ਹਾਂ ਮੁਸਾਫਿਰਾਂ ਨੂੰ ਗਦਰ ਬਾਰੇ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ। ਜੁਲਾਈ 1914 ਵਿੱਚ ਭਾਈ ਬਲਵੰਤ ਸਿੰਘ ਖੁਰਦਪੁਰ ਇਨ੍ਹਾਂ ਯਾਤਰੀਆਂ ਨੂੰ ਦਿੱਤੇ ਜਾਣ ਵਾਸਤੇ ਹਥਿਆਰਾਂ ਦੀ ਖਰੀਦ ਲਈ ਅਮ੍ਰੀਕਾ ਗਏ। ਆਪ ਨੇ ਕੁੱਝ ਹਥਿਆਰ ਖਰੀਦੇ ਪਰ ਹਥਿਆਰਾਂ ਸਮੇਤ ਹੀ ਅਮ੍ਰੀਕਾ ਵਿੱਚ ਫੜੇ ਗਏ। ਆਪ ਦੇ ਜੇਲ੍ਹੋਂ ਛੁੱਟ ਕੇ ਆਉਣ ਤੋਂ ਪਹਿਲਾਂ ਹੀ ਕਾਮਾਗਾਟਾ ਮਾਰੂ ਕੈਨੇਡਾ ਤੋਂ ਭਾਰਤ ਲਈ ਰਵਾਨਾ ਹੋ ਚੁੱਕਾ ਸੀ। ਕਾਮਾਗਾਟਾ ਮਾਰੂ ਅੰਦਰ ਹਥਿਆਰ ਪਹੁੰਚਾਣ ਦੇ ਮਕਸਦ ਨਾਲ ਬਾਬਾ ਸੋਹਣ ਸਿੰਘ ਭਕਨਾ ਅਮ੍ਰੀਕਾ ਤੋਂ ਜਾਪਾਨ ਲਈ ਚੱਲ ਪਿਆ ਤਾਂ ਜੋ ਰਸਤੇ ਵਿੱਚ ਜਾ ਰਹੇ ਇਸ ਜਹਾਜ਼ ਦੇ ਮੁਸਾਫਿਰਾਂ ਨੂੰ ਗਦਰ ਲਈ ਸ਼ਸ਼ਤਰਬੱਧ ਕੀਤਾ ਜਾ ਸਕੇ। ਬਾਬਾ ਭਕਨਾ ਇਸ ਵਿੱਚ ਕਾਮਯਾਬ ਹੋ ਗਿਆ। ਉਸਨੇ ਹਥਿਆਰ ਅਤੇ ਗਦਰੀ ਸਾਹਿਤ ਜਹਾਜ਼



ਅੰਦਰ ਪੁੱਜਦੇ ਕਰ ਦਿੱਤੇ। ਜਦ ਸਤੰਬਰ, 1914 ਨੂੰ ਇਹ ਜਹਾਜ਼ ਕਲਕੱਤੇ ਪੁੱਜਾ ਤਾਂ ਅੰਗਰੇਜ਼ ਅਧਿਕਾਰੀਆਂ ਨੂੰ ਸਭ ਸੂਚਨਾਵਾਂ ਪਹਿਲਾਂ ਹੀ ਪਹੁੰਚ ਚੁੱਕੀਆਂ ਸਨ। ਉਹ ਮੁਸਾਫਿਰਾਂ ਦੀ ਪੁੱਛ ਗਿੱਛ ਅਤੇ ਜਹਾਜ਼ ਦੀ ਤਲਾਸ਼ੀ ਲਈ ਪਹਿਲਾਂ ਹੀ ਤਿਆਰ ਖੜ੍ਹੇ ਸਨ। ਹਾਲਾਤ ਨੂੰ ਭਾਂਪਦਿਆਂ ਬਾਬਾ ਗੁਰਦਿੱਤ ਸਿੰਘ ਨੇ ਹਥਿਆਰ ਅਤੇ ਗਦਰੀ ਸਾਹਿਤ ਸਮੁੰਦਰ ਵਿੱਚ ਸੁੱਟ ਦਿੱਤੇ ਸੀ। ਬੱਜ ਬੱਜ ਘਾਟ ਤੇ ਜਹਾਜ਼ ਦੇ ਮੁਸਾਫਿਰਾਂ ਅਤੇ ਸਰਕਾਰੀ ਅਧਿਕਾਰੀਆਂ ਵਿਚਕਾਰ ਝਗੜਾ ਹੋ ਗਿਆ। ਗੋਲੀ ਚੱਲ ਗਈ। ਵੀਹ ਮੁਸਾਫਿਰ ਮਾਰੇ ਗਏ, ਨੌਂ ਜ਼ਖਮੀ ਹੋ ਗਏ। ਬਹੁਤ ਸਾਰੇ ਫੜ ਕੇ ਪੰਜਾਬ ਭੇਜ ਦਿੱਤੇ ਗਏ। ਬਾਬਾ ਗੁਰਦਿੱਤ ਸਿੰਘ ਸਮੇਤ ਕੁੱਝ ਬਚ ਕੇ ਭੱਜ ਵੀ ਗਏ। ਇਸ ਤਰ੍ਹਾਂ ਗਦਰੀਆਂ ਵੱਲੋਂ ਕਾਮਾਗਾਟਾ ਮਾਰੂ ਦੇ ਯਾਤਰੀਆਂ ਨੂੰ ਗਦਰ ਲਈ ਤਿਆਰ ਕਰਨ ਵਾਲੀ ਯੋਜਨਾ ਦਾ ਵੀ ਅੰਤ ਹੋ ਗਿਆ।

ਬਾਬਾ ਗੁਰਦਿੱਤ ਸਿੰਘ ਰੂਪੋਸ਼ ਹੋ ਕੇ 1920 ਤੱਕ ਨਨਕਾਣਾ ਸਾਹਿਬ ਰਹਿੰਦਾ ਰਿਹਾ। ਰੂਪੋਸ਼ ਹੋਏ ਬਾਬਾ ਗੁਰਦਿੱਤ ਸਿੰਘ ਵੱਲੋਂ ਪੁੱਟੇ ਕਦਮਾਂ ਵੱਲ ਵੇਖੀਏ ਤਾਂ ਇਨ੍ਹਾਂ ਵਿੱਚ ਗਦਰੀਆਂ ਵਾਲਾ ਕੁੱਝ ਵੀ ਨਹੀਂ ਸੀ। ਜਿਸ ਗਾਂਧੀ ਨੂੰ ਗਦਰੀ ਆਪਣਾ ਵਿਚਾਰਧਾਰਕ ਵਿਰੋਧੀ ਮੰਨਦੇ ਸਨ, ਬਾਬਾ ਗੁਰਦਿੱਤ ਸਿੰਘ ਨੇ ਉਸੇ ਗਾਂਧੀ ਦੀ ਪ੍ਰੇਰਨਾ ਨਾਲ ਅਦਾਲਤ ਅੱਗੇ ਆਤਮ ਸਮਰਪਣ ਕਰ ਦਿੱਤਾ ਅਤੇ ਪੰਜ ਸਾਲ ਦੀ ਕੈਦ ਕੱਟ ਕੇ ਬਾਹਰ ਆਇਆ। ਬਾਬਾ ਗੁਰਦਿੱਤ ਸਿੰਘ ਦੇ ਵੱਡੇ ਕਾਂਗਰਸੀ ਆਗੂਆਂ ਨਾਲ ਗੂੜ੍ਹੇ ਸੰਬੰਧ ਸਨ। 1937 ਦੀਆਂ ਚੋਣਾਂ ਵਿੱਚ ਆਪ ਨੇ ਕਾਂਗਰਸ ਵੱਲੋਂ ਅਕਾਲੀ ਉਮੀਦਵਾਰ ਪ੍ਰਤਾਪ ਸਿੰਘ ਖਿਲਾਫ ਚੋਣ ਲੜੀ। ਜੋ ਆਪ ਜਿੱਤ ਨਾ ਸਕੇ। ਜਦ 1954 ਵਿੱਚ ਆਪ ਦੀ ਮ੍ਰਿਤੂ ਹੋਈ ਤਾਂ ਭਾਰਤ ਦਾ ਪ੍ਰਧਾਨ ਮੰਤਰੀ ਨਹਿਰੂ ਆਪਦੇ ਸਸਕਾਰ ਵਿੱਚ ਸ਼ਾਮਿਲ ਹੋਣ ਲਈ ਸਰਹਾਲੀ ਆਇਆ। ਕਹਿਣ ਦਾ ਭਾਵ ਕਿ ਇਸ ਸਾਰੀ ਕਹਾਣੀ ਵਿੱਚੋਂ ਗਦਰੀਆਂ ਦੀ ਸੋਚਣੀ ਨਾਲ ਮਿਲਦਾ ਕੁੱਝ ਵੀ ਨਹੀਂ ਲੱਭਦਾ। ਭਾਰਤ ਜਾ ਕੇ ਗਦਰ ਕਰਨ ਦੀ ਸੋਚਣ ਵਾਲੇ ਗਦਰੀ ਅਮਰੀਕਾ ਜਾਂ ਕੈਨੇਡਾ ਵਿੱਚ ਕਾਫੀ ਵਰ੍ਹਿਆਂ ਤੋਂ ਰਹਿ ਰਹੇ ਸਨ। ਕਾਮਾਗਾਟਾ ਮਾਰੂ ਜਹਾਜ਼ ਦੇ ਯਾਤਰੀਆਂ ਨੂੰ ਤਾਂ ਇੱਥੇ ਦੀ ਧਰਤੀ ਤੇ ਪੈਰ ਵੀ ਨਹੀਂ ਸੀ ਧਰਨ ਦਿੱਤਾ ਗਿਆ। ਉਂਜ ਵੀ ਗਦਰੀ ਤਾਂ ਉਸ ਸਮੇਂ ਭਾਰਤ ਵੱਲ ਨੂੰ ਜਾ ਰਹੇ ਸਨ ਪਰ ਕਾਮਾਗਾਟਾ ਮਾਰੂ ਰਾਹੀਂ ਆਏ ਲੋਕ ਤਾਂ ਭਾਰਤ ਵੱਲੋਂ ਕੈਨੇਡਾ ਨੂੰ ਆ ਰਹੇ ਸਨ। ਹਾਂ, ਇਨ੍ਹਾਂ ਮੁਸਾਫਿਰਾਂ ਨੂੰ ਵਾਪਸ ਭੇਜੇ ਜਾਣ ਦਾ ਸਮਾਂ ਅਤੇ ਗਦਰੀਆਂ ਵੱਲੋਂ ਭਾਰਤ ਵਾਪਸ ਜਾਣ ਦਾ ਸਮਾਂ ਤਕਰੀਬਨ ਇੱਕੋ ਹੋਣ ਕਾਰਨ ਅਤੇ ਇਨ੍ਹਾਂ ਮੁਸਾਫਿਰਾਂ ਨੂੰ ਇੱਥੇ ਰੱਖਣ ਲਈ ਯਤਨ ਕਰਨ ਵਾਲਿਆਂ ਅਤੇ ਗਦਰੀਆਂ ਦੀਆਂ ਕਈ ਕੜੀਆਂ ਸਾਂਝੀਆਂ ਹੋਣ ਕਾਰਨ ਕਈ ਵਾਰ ਇੰਜ ਲਗਦਾ ਹੈ ਕਿ ਜਿਵੇਂ ਕਾਮਾਗਾਟਾ ਮਾਰੂ ਵਾਲੇ ਯਾਤਰੀ ਵੀ ਗਦਰੀ ਬਾਬੇ ਹੀ ਹੋਣ। ਪਰ ਐਸਾ ਹੈ ਨਹੀਂ ਸੀ। ਆਮ ਲੋਕਾਂ ਵਿੱਚ ਗਦਰ ਲਹਿਰ ਬਾਰੇ ਜਾਣਕਾਰੀ ਦੀ ਘਾਟ ਕਾਰਨ ਹੀ ਇਹ ਭੁਲੇਖਾ ਉਪਜਿਆ ਹੈ।

ਹੁਣ ਵਾਪਸ ਆਉਂਦੇ ਹਾਂ ਕੈਨੇਡੀਅਨ ਕਾਨੂੰਨਾਂ ਵੱਲ, ਪਿਛਲੇ ਸੌ ਸਾਲਾਂ ਦੌਰਾਨ ਕੈਨੇਡੀਅਨ ਕਾਨੂੰਨਾਂ ਵਿੱਚ ਬਹੁਤ ਤਬਦੀਲੀ ਆ ਚੁੱਕੀ ਹੈ। ਨਸਲਵਾਦੀ ਕਾਨੂੰਨ ਖਤਮ ਹੋ ਚੁੱਕੇ ਹਨ। ਕੈਨੇਡਾ ਕਾਨੂੰਨੀ ਤੌਰ 'ਤੇ ਇੱਕ ਬਹੁਸੱਭਿਆਚਾਰਕ ਦੇਸ਼ ਬਣ ਚੁੱਕਾ ਹੈ। ਨਸਲਵਾਦੀ ਵਿਤਕਰਾ ਗੈਰਕਾਨੂੰਨੀ ਅਪਰਾਧ ਬਣ ਚੁੱਕਾ ਹੈ। ਕੈਨੇਡਾ ਸਰਕਾਰ ਪਿਛਲੇ ਸਮੇਂ ਵਿੱਚ ਵੱਖ ਵੱਖ ਗਰੁੱਪਾਂ ਨਾਲ ਹੋਏ ਵਿਤਕਰਿਆਂ ਬਾਰੇ ਖਿਮਾਂ ਯਾਚਨਾ ਕਰ ਚੁੱਕੀ ਹੈ, ਮੁਆਵਜ਼ੇ ਦੇ ਚੁੱਕੀ ਹੈ। ਨਸਲਵਾਦ ਪ੍ਰਤੀ ਸਕੂਲਾਂ ਵਿੱਚ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਇਸ ਵਰਤਾਰੇ ਪ੍ਰਤੀ ਜਾਗ੍ਰਤੀ ਪੈਦਾ ਕਰਨ ਵਾਲੀਆਂ ਸਰਗਰਮੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਬੀ ਸੀ, ਜਿੱਥੇ ਕਿ ਕਾਮਾਗਾਟਾ ਮਾਰੂ ਦਾ ਦੁਖਾਂਤ ਵਾਪਰਿਆ ਸੀ, ਦੇ ਅਟਾਰਨੀ ਜਨਰਲ ਅਤੇ ਮੁੱਖ ਮੰਤਰੀ ਤੱਕ ਪੰਜਾਬੀ ਬਣ ਚੁੱਕੇ ਹਨ। ਜਿਸ ਫੌਜੀ ਰੈਜਮੈਂਟ ਨੇ ਉਹ ਜਹਾਜ਼ ਵਾਪਿਸ ਮੋੜਿਆ ਸੀ, ਅੱਜ ਇੱਕ ਸਿੱਖ ਉਸੇ ਰੈਜਮੈਂਟ ਦਾ ਮੁਖੀ ਹੈ। ਇਸ ਤਰ੍ਹਾਂ ਦੀਆਂ ਮੂਲ ਤਬਦੀਲੀਆਂ ਜ਼ਾਹਿਰ ਕਰਦੀਆਂ ਹਨ ਕਿ ਕੈਨੇਡੀਅਨ ਸਮਾਜ ਪੁਰਾਣੇ ਨਸਲਵਾਦੀ ਕਾਨੂੰਨਾਂ ਨੂੰ ਗਲਤ ਸਮਝਦਾ ਹੈ ਅਤੇ ਪ੍ਰਵਾਸੀਆਂ ਨਾਲ ਵਿਤਕਰਾ ਛੱਡ ਕੇ ਉਨ੍ਹਾਂ ਨੂੰ ਪ੍ਰਵਾਨ ਕਰਨ ਦਾ ਮੁਦੱਈ ਹੈ।

ਜਦ ਨਸਲੀ ਵਿਤਕਰੇ ਖਿਲਾਫ ਵਿਚਾਰਾਂ ਨੇ ਜ਼ੋਰ ਫੜਿਆ ਤਾਂ ਕੈਨੇਡਾ ਸਰਕਾਰ ਵੱਲੋਂ ਇੱਥੋਂ ਦੇ ਮੂਲ ਨਿਵਾਸੀਆਂ ਅਤੇ ਚੀਨੀ ਲੋਕਾਂ ਨਾਲ ਹੋਏ ਨਸਲੀ ਵਿਤਕਰਿਆਂ ਬਾਰੇ ਮਾਫੀ ਮੰਗੇ ਜਾਣ ਦੀ ਗੱਲ ਛਿੜੀ। ਇਸ ਤਰ੍ਹਾਂ ਦੇ ਬਦਲੇ ਹੋਏ ਮਾਹੌਲ ਵਿੱਚ ਪੰਜਾਬੀ ਭਾਈਚਾਰੇ ਨੇ ਵੀ ਕਾਮਾਗਾਟਾ ਮਾਰੂ ਦੀ ਘਟਨਾਂ ਕੈਨੇਡੀਅਨ ਭਾਈਚਾਰੇ ਸਾਹਮਣੇ ਲਿਆਉਣ ਦੇ ਯਤਨ ਆਰੰਭੇ। ਇਸ ਦੀ ਸ਼ੁਰੂਆਤ ਕਾਮਾਗਾਟਾ ਮਾਰੂ ਦੀ 75ਵੀਂ ਸਾਲ ਗ੍ਰਾਹ ਮੌਕੇ 1989 ਵਿੱਚ ਵੈਨਕੋਵਰ ਤੋਂ ਹੋਈ। ਇਸ ਮੰਦਭਾਗੀ ਘਟਨਾ ਬਾਰੇ ਕੀ ਕੀਤਾ ਜਾਏ, ਇਸ ਬਾਰੇ ਭਾਈਚਾਰਾ ਬਹੁਤਾ ਸਪੱਸ਼ਟ ਨਹੀਂ ਸੀ। ਹੌਲੀ ਹੌਲੀ ਭਾਈਚਾਰੇ ਵਿੱਚ ਇਹ ਰਾਇ ਭਾਰੂ ਹੋਈ ਕਿ ਇੱਕ ਤਾਂ ਇਸ ਘਟਨਾਂ ਦੀ ਯਾਦਗਾਰ ਬਣਾਈ ਜਾਏ ਅਤੇ ਦੂਸਰਾ ਸਰਕਾਰ ਇਸ ਦੀ ਮਾਫੀ ਮੰਗੇ। ਯਾਦਗਾਰ ਵਾਲੀ ਗੱਲ ਤਾਂ ਸਰਲ ਸੀ ਪਰ ਸਰਕਾਰ ਵੱਲੋਂ ਮਾਫੀ ਮੰਗੇ ਜਾਣ ਦੇ ਰਾਜਨੀਤਕ ਅਲਜਬਰੇ ਦੀ ਪੰਜਾਬੀ ਭਾਈਚਾਰੇ ਨੂੰ ਡੂੰਘੀ ਸਮਝ ਨਾ ਹੋਣ ਕਾਰਨ ਇਸ ਮੁੱਦੇ ਦੁਆਲੇ ਰਾਜਨੀਤਕ ਘੜਮੱਸ ਮਚ ਗਿਆ। ਗੱਲ ਚਲਦੀ ਰਹੀ, ਪੰਜਾਬੀ (ਖਾਸ ਕਰਕੇ ਸਿੱਖ) ਵੋਟਰਾਂ ਅਤੇ ਰਾਜਨੀਤਕਾਂ ਦੀ ਗਿਣਤੀ ਵਧ ਜਾਣ ਕਾਰਨ ਸਿਆਸੀ ਪਾਰਟੀਆਂ ਵੀ ਇਸ ਮਸਲੇ ਵਿੱਚ ਦਿਲਚਸਪੀ ਲੈਣ ਲੱਗ ਪਈਆਂ। ਚੀਨੀ ਲੋਕਾਂ ਉੱਪਰ ਪਿਛਲੇ ਸਮੇ ਦੌਰਾਨ ਲਾਗੂ ਰਹੇ ਹੈਡ ਟੈਕਸਬਾਬਤ ਕੈਨੇਡਾ ਸਰਕਾਰ ਨੇ 2006 ਵਿੱਚ ਚੀਨੀ ਲੋਕਾਂ ਕੋਲੋਂ ਮਾਫੀ ਮੰਗ ਲਈ। ਇਸੇ ਸਾਲ ਹੀ 6 ਅਗਸਤ ਨੂੰ ਘੱਟਗਿਣਤੀ ਕੰਜ਼ਰਵੇਟਿਵ ਸਰਕਾਰ ਦਾ ਪ੍ਰਧਾਨ ਮੰਤਰੀ ਸ੍ਰੀ ਸਟੀਫਨ ਹਾਰਪਰ ਵੈਨਕੋਵਰ ਵਿੱਚ ਗਦਰੀ ਬਾਬਿਆਂ ਦੇ ਮੇਲੇ ਵਿੱਚ ਜਾ ਸ਼ਾਮਿਲ ਹੋਇਆ। ਜਿੱਥੇ ਉਸਨੇ ਭਾਈਚਾਰੇ ਦੀ ਨਬਜ਼ ਜਾਣਦਿਆਂ ਐਲਾਨ ਕੀਤਾ ਕਿ ਕੈਨੇਡਾ ਸਰਕਾਰ ਕਾਮਾਗਾਟਾ ਮਾਰੂ ਦੀ ਦੁੱਖਦਾਈ ਘਟਨਾ ਨੂੰ ਇੱਕ ਕੈਨੇਡੀਅਨ ਇਤਿਹਾਸ ਦੀ ਮੰਦਭਾਗੀ ਘਟਨਾ ਵਜੋਂ ਮਾਨਤਾ ਦੇਣਾ ਚਾਹੁੰਦੀ ਹੈ ਅਤੇ ਇਸ ਕਾਰਜ ਦੀ ਪੂਰਤੀ ਲਈ ਪੰਜਾਬੀ ਭਾਈਚਾਰੇ ਨਾਲ ਸਲਾਹ ਮਸ਼ਵਰੇ ਦਾ ਸਿਲਸਿਲਾ ਆਰੰਭਿਆ ਜਾਵੇਗਾ। ਇਹ ਐਲਾਨ ਪੰਜਾਬ ਦੇ ਲੀਡਰਾਂ ਵਰਗਾ ਫੋਕਾ ਨਹੀਂ ਸੀ। ਉਸੇ ਸਾਲ ਵਿੱਚ ਸਰਕਾਰ ਨੇ ਇਹ ਜਾਨਣ ਲਈ ਕਿ ਆਖਰ ਇਹ ਭਾਈਚਾਰਾ ਕਾਮਾਗਾਟਾ ਮਾਰੂ ਬਾਰੇ ਚਾਹੁੰਦਾ ਕੀ ਹੈ, ਭਾਈਚਾਰੇ ਨਾਲ ਕਈ ਮੀਟਿੰਗਾਂ ਕੀਤੀਆਂ। ਮੀਟਿੰਗਾਂ ਦੌਰਾਨ ਕਈ ਰਾਵਾਂ ਉੱਭਰਕੇ ਸਾਹਮਣੇ ਆਈਆਂ। ਪਿਛਲੇ ਸਮੇ ਦੌਰਾਨ ਹੋਈਆਂ ਗਲਤੀਆਂ ਦੀ ਦਰੁਸਤੀ ਲਈ ਪ੍ਰਧਾਨ ਮੰਤਰੀ ਵੱਲੋਂ ਚੁੱਕੇ ਕਦਮ

ਨਿਰਸੰਦੇਹ ਸਲਾਹੁਣਯੋਗ ਸਨ ਭਾਵੇ ਕਿ ਇਨ੍ਹਾਂ ਕਾਰਜਾਂ ਰਾਹੀਂ ਕੰਜ਼ਰਵੇਟਿਵ ਆਪਣੀਆਂ ਵੋਟਾਂ ਵਧਾਉਣ ਦੀ ਰਾਜਨੀਤੀ ਤੋਂ ਵੀ ਨਿਰਲੇਪ ਨਹੀਂ ਸਨ। ਪਰ ਦੇਸੀ ਭਾਈਚਾਰੇ ਦੇ ਸਿਆਸਤਦਾਨਾਂ ਲਈ ਇਹ ਮੁੱਦਾ ਨਿਰੋਲ ਸਿਆਸੀ ਨੰਬਰ ਬਣਾਉਣ ਦਾ ਹੀ ਬਣ ਗਿਆ ਸੀ। ਭਾਈਚਾਰੇ ਦੇ ਦੇਸੀ ਸਿਆਸਤਦਾਨਾਂ ਵੱਲੋਂ ਮੰਗ ਉਭਾਰੀ ਗਈ ਕਿ ਸਰਕਾਰ ਇਸ ਦੀ ਮਾਫੀ ਮੰਗੇ। ਆਖਿਰ 3 ਅਪ੍ਰੈਲ, 2008 ਨੂੰ ਲਿਬਰਲ ਐਮ ਪੀ ਰੂਬੀ ਢੱਲਾ ਨੇ ਹਾਊਸ ਆਫ ਕਾਮਨਜ਼ ਵਿੱਚ ਇਹ ਮਤਾ ਰੱਖ ਦਿੱਤਾ ਕਿ ਸਰਕਾਰ ਇਸ ਘਟਨਾ ਦੀ ਮਾਫੀ ਮੰਗੇ। 15 ਮਈ, 2008 ਦੇ ਦਿਨ ਸਾਰੀਆਂ ਪਾਰਟੀਆਂ ਨੇ ਸਹਿਮਤੀ ਨਾਲ ਇਹ ਮਤਾ ਪਾਸ ਕਰ ਦਿੱਤਾ। ਇਸ ਤੋਂ ਹਫਤਾ ਕੁ ਪਹਿਲਾਂ ਪੰਜਾਬੀਆਂ (ਸਿੱਖਾਂ) ਨਾਲ ਸੰਪਰਕ ਵਿੱਚ ਰਹਿਣ ਵਾਲੇ ਮੰਤਰੀ ਜੇਸਨ ਕੈਨੀ ਨੇ ਇਹ ਐਲਾਨ ਕੀਤਾ ਕਿ ਸਰਕਾਰ 25 ਲੱਖ ਡਾਲਰ ਦੀ ਗ੍ਰਾਂਟ ਇਸ ਘਟਨਾ ਦੀ ਯਾਦਗਾਰ ਬਣਾਉਣ, ਮਿਊਜ਼ੀਅਮ ਬਣਾਉਣ, ਫਿਲਮਾਂ ਬਣਾਉਣ ਆਦਿ ਲਈ ਦੇ ਸਕਦੀ ਹੈ। ਜੇ ਕੋਈ ਸੰਸਥਾ ਐਸੇ ਕਾਰਜ ਕਰਨ ਵਿੱਚ ਦਿਲਚਸਪੀ ਰੱਖਦੀ ਹੋਏ ਤਾਂ ਉਹ ਗ੍ਰਾਂਟ ਲਈ ਅਰਜ਼ੀ ਦੇ ਸਕਦੀ। ਇਸੇ ਸਾਲ 23 ਮਈ ਨੂੰ ਬੀ ਸੀ ਦੀ ਸਰਕਾਰ ਨੇ ਸੂਬੇ ਦੀ ਅਸੰਬਲੀ ਵਿੱਚ ਮਾਫੀ ਮੰਗ ਲਈ ਅਤੇ 3 ਅਗਸਤ, 2008 ਨੂੰ ਪ੍ਰਧਾਨ ਮੰਤਰੀ ਫਿਰ ਗਦਰੀਆਂ ਦੇ ਮੇਲੇ ਜਾ ਹਾਜ਼ਰ ਹੋਇਆ। ਜਿੱਥੇ ਉਸਨੇ ਹਾਊਸ ਆਫ ਕਾਮਨਜ਼ ਦੀ ਭਾਵਨਾ ਅਨੁਸਾਰ ਕੈਨੇਡਾ ਸਰਕਾਰ ਵੱਲੋਂ ਕਾਮਾਗਾਟਾ ਮਾਰੂ ਕਾਂਡ ਦੀ ਮਾਫੀ ਮੰਗੀ। ਇੱਥੇ ਆ ਕੇ ਦੇਸੀ ਸਿਆਸਤਦਾਨਾਂ ਦੀ ਗੱਲ ਵਿਗੜ ਗਈ। ਕਿਉਂਕਿ ਪ੍ਰਧਾਨ ਮੰਤਰੀ ਵਰਗੇ ਵੱਡੇ ਆਗੂ ਵੱਲੋਂ ਇਹ ਮਸਲਾ ਸਿੱਧਿਆਂ ਹੀ ਆਪਣੇ ਹੱਥ ਲੈ ਲਏ ਜਾਣ ਕਾਰਨ ਉਹ ਨੰਬਰ ਬਣਾਉਣ ਦੀ ਖੇਡ ਵਿੱਚੋਂ ਖਾਰਜ ਹੋ ਗਏ ਸਨ। ਇੱਥੇ ਹੀ ਬੱਸ ਨਹੀਂ ਉਨ੍ਹਾਂ ਹੱਥੋਂ ਤਾਂ ਇਹ ਮੁੱਦਾ ਖੁੱਸ ਗਿਆ ਸੀ। ਪਰ ਭਾਰਤੀ ਸਿਆਸਤ ਦੀਆਂ ਕਲਾਬਾਜ਼ੀਆਂ ਤੋਂ ਸਿੱਖੇ ਸਿਆਸਤਦਾਨਾਂ ਕਾਂਟਾ ਬਦਲ ਕੇ ਮਾਫੀ ਨਾਂ ਮਨਜ਼ੂਰ ਕਰ ਦਿੱਤੀ। ਅਖੇ ਮਾਫੀ ਪਾਰਲੀਮੈਂਟ ਵਿੱਚ ਮੰਗੀ ਜਾਏ, ਕਹਿ ਕੇ ਮੁੱਦਾ ਫਿਰ ਹਰਾ ਕਰ ਲਿਆ। ਸਰਕਾਰ ਕੋਲੋਂ ਹਾਊਸ ਆਫ ਕਾਮਨਜ਼ ਵਿੱਚ ਮਾਫੀ ਮੰਗਵਾਉਣ ਦੀ ਕਵਾਇਦ ਚਲਦੀ ਰਹੀ। ਅੰਤ ਮਈ 2012 ਵਿੱਚ ਐਨ ਡੀ ਪੀ ਦੇ ਐਮ ਪੀ ਜਸਬੀਰ ਸੰਧੂ ਵੱਲੋਂ ਹਾਊਸ ਵਿੱਚ ਇਸ ਸੰਬੰਧੀ ਮਤਾ ਲਿਆਂਦਾ ਗਿਆ। ਸਰਕਾਰ ਦੇ ਮੰਤਰੀ ਸ੍ਰ: ਟਿਮ ਉੱਪਲ ਨੇ ਪ੍ਰਧਾਨ ਮੰਤਰੀ ਵੱਲੋਂ 2008 ਵਿੱਚ ਮੰਗੀ ਗਈ ਮਾਫੀ ਹਾਊਸ ਆਫ ਕਾਮਨਜ਼ ਵਿੱਚ ਪੜ੍ਹ ਦਿੱਤੀ ਅਤੇ ਇਹ ਦਸਤਾਵੇਜ਼ ਪਾਰਲੀਮੈਂਟ ਦੇ ਰਿਕਾਰਡ ਦਾ ਹਿੱਸਾ ਬਣ ਗਿਆ। ਲਿਬਰਲ ਅਤੇ ਐਨ ਡੀ ਪੀ ਨੇ ਮਤੇ ਦੇ ਹੱਕ ਵਿੱਚ ਵੋਟ ਪਾਏ ਅਤੇ ਕੰਜ਼ਰਵੇਟਿਵਜ਼ ਨੇ ਖਿਲਾਫ। ਕੰਜ਼ਰਵੇਟਿਵ ਪਾਰਟੀ ਦੀ ਬਹੁਗਿਣਤੀ ਹੋਣ ਕਾਰਨ ਇਹ ਮਤਾ ਫੇਲ ਹੋ ਗਿਆ। ਇਸ ਤਰ੍ਹਾਂ ਇਹ ਮਾਫੀ ਵਾਲੀ ਮੰਗ ਖਿੱਚੀਦੀ ਖਿੱਚੀਦੀ ਇਹ ਰੂਪ ਧਾਰ ਗਈ ਕਿ ਕੈਨੇਡਾ ਦਾ ਪ੍ਰਧਾਨ ਮੰਤਰੀ ਹਾਊਸ ਆਫ ਕਾਮਨਜ਼ ਵਿੱਚ ਮਾਫੀ ਮੰਗੇ। ਸਰਕਾਰ ਦੇ ਨੁਮਾਇੰਦਿਆਂ ਨੇ ਸਾਫ ਕਹਿ ਦਿੱਤਾ ਕਿ ਮਾਫੀ ਮੰਗੀ ਜਾ ਚੁੱਕੀ ਹੈ ਅਤੇ ਸਰਕਾਰੀ ਰਿਕਾਰਡ ਦਾ ਹਿੱਸਾ ਹੈ। ਮਾਫੀ ਮੰਗਣ ਦੇ ਤਰੀਕੇ ਬਾਰੇ ਵਿਰੋਧੀ ਪਾਰਟੀ ਨੇ ਤਾਂ ਕਦੇ ਵੀ ਸੰਤੁਸ਼ਟ ਨਹੀਂ ਹੋਣਾ। ਭਾਵੇਂ ਪ੍ਰਧਾਨ ਮੰਤਰੀ ਵੀ ਇਨ੍ਹਾਂ ਦੇ ਆਖਣ ਅਨੁਸਾਰ ਹੀ ਮਾਫੀ ਕਿਉਂ ਨਾਂ ਮੰਗ ਲਏ। ਇਸ ਲਈ ਸਰਕਾਰ ਵੱਲੋਂ ਮਾਫੀ ਵਾਲਾ ਮੁੱਦਾ ਹੁਣ ਖਤਮ ਸਮਝਿਆ ਜਾਣਾ ਚਾਹੀਦਾ ਹੈ।

ਇਸ ਤਰ੍ਹਾਂ ਮਾਫੀ ਮੰਗਣ ਦੇ ਸਿਲਸਿਲੇ ਤੋਂ ਇਲਾਵਾ ਕਾਮਾਗਾਟਾ ਮਾਰੂ ਬਾਰੇ ਸਰਕਾਰ ਹੁਣ ਤੱਕ 25 ਲੱਖ ਦੇ ਕਰੀਬ ਡਾਲਰ ਵੱਖ ਵੱਖ ਪ੍ਰੋਜੈਕਟਾਂ ਉੱਪਰ ਖਰਚ ਕਰ ਚੁੱਕੀ ਹੈ। ਇਨ੍ਹਾਂ ਪ੍ਰੋਜੈਕਟਾਂ ਵਿੱਚ, ਕਾਮਾਗਾਟਾ ਮਾਰੂ ਬਾਰੇ ਕਿਤਾਬਚੇ ਤਿਆਰ ਕਰਨਾ, ਡਾਕੂਮੈਂਟਰੀ ਬਣਾਉਣਾ, ਕਿਤਾਬਾਂ ਲਿਖਾਉਣਾ, ਵੈਨਕੋਵਰ ਵਿੱਚ ਯਾਦਗਾਰ ਬਣਾਉਣਾ, ਮਿਊਜ਼ੀਅਮ ਬਣਾਉਣਾ, ਨਾਟਕ ਤਿਆਰ ਕਰਵਾਉਣਾ, ਸਾਈਮਨ ਫਰੇਜ਼ਰ ਯੂਨੀਵਰਸਿਟੀ ਵੱਲੋਂ ਕਾਮਾਗਾਟਾ ਮਾਰੂ ਸੰਬੰਧੀ ਜਾਣਕਾਰੀ ਦੇਣ ਵਾਲੀ ਵੈਬਸਾਈਟ ਤਿਆਰ ਕਰਵਾਉਣਾ, ਸਿੱਖ ਮਿਊਜ਼ੀਅਮ ਆਫ ਕੈਨੇਡਾ ਵੱਲੋਂਔਨਲਾਇਨਜ਼ ਆਫ ਦੀਪ੍ਰਦਰਸ਼ਨੀ ਤਿਆਰ ਕਰਵਾਉਣ ਲਈ ਗ੍ਰਾਂਟ ਦੇਣਾ ਆਦਿ ਸ਼ਾਮਿਲ ਹੈ। ਇਹ ਪ੍ਰੋਜੈਕਟ ਕੇਵਲ ਐਲਾਨ ਨਹੀਂ ਹਨ। ਇਨ੍ਹਾਂ ਵਿੱਚੋਂ ਬਹੁਤੇ ਪੂਰੇ ਹੋ ਚੁੱਕੇ ਹਨ ਅਤੇ ਰਹਿੰਦੇ ਪੂਰੇ ਹੋਣ ਵਾਲੇ ਹਨ। ਇੱਥੇ ਹੀ ਬੱਸ ਨਹੀ, ਇਸ ਸਾਲ ਮਈ, 2014 ਨੂੰ ਕਾਮਾਗਾਟਾ ਮਾਰੂ ਦੀ ਯਾਦ ਵਿੱਚ ਇੱਕ ਡਾਕ ਟਿਕਟ ਵੀ ਜਾਰੀ ਕੀਤੀ ਗਈ ਹੈ। ਵੈਸੇ ਇਹ ਸਭ ਕੁਝ ਐਵੇਂ ਨਹੀ ਹੋ ਗਿਆ। ਇਸ ਪਿੱਛੇ ਤਕਰੀਬਨ 25 ਸਾਲ ਦਾ ਲਗਾਤਾਰ ਸੰਘਰਸ਼ ਹੈ। ਉਹ ਲੋਕ ਜਿਨ੍ਹਾਂ 1989 ਤੋਂ ਲੈ ਕੇ ਇਸ ਮੁਦੇ ਬਾਰੇ ਕਿਸੇ ਨਾਂ ਰੂਪ ਵਿੱਚ ਆਵਾਜ਼ ਉਠਾਈ, ਉਹ ਸਭ ਇਸ ਪ੍ਰਾਪਤੀ ਲਈ ਧੰਨਵਾਦ ਦੇ ਹੱਕਦਾਰ ਹਨ।

ਹੁਣ ਜਦੋਂ ਇਸ ਘਟਨਾ ਨੂੰ ਕੈਨੇਡੀਅਨ ਇਤਿਹਾਸ ਦੀ ਦੁਖਦਾਈ ਘਟਨਾ ਮੰਨ ਲਿਆ ਗਿਆ ਹੈ, ਘਟਨਾ ਦੀ ਜਾਣਕਾਰੀ ਅਤੇ ਸਿੱਖਿਆ ਲਈ ਅਨੇਕਾਂ ਯਤਨ ਕੀਤੇ ਜਾ ਚੁੱਕੇ ਹਨ, ਸੂਬੇ ਦੀ ਅਸੰਬਲੀ ਵਿੱਚ ਮੁਆਫੀ ਮੰਗੀ ਜਾ ਚੁੱਕੀ ਹੈ, ਪ੍ਰਧਾਨ ਮੰਤਰੀ ਨੇ ਕੈਨੇਡਾ ਦੀ ਤਰਫੋਂ ਲੋਕਾਂ ਵਿੱਚ ਜਾ ਕੇ ਮਾਫੀ ਮੰਗ ਲਈ ਹੈ, ਉਹੋ ਮਾਫੀ ਪਾਰਲੀਮੈਂਟ ਵਿੱਚ ਮੰਤਰੀ ਵੱਲੋਂ ਪੜ੍ਹ ਦਿੱਤੇ ਜਾਣ ਨਾਲ ਦੇਸ਼ ਦੇ ਰਿਕਾਰਡ ਦਾ ਹਿੱਸਾ ਬਣ ਚੁੱਕੀ ਹੈ ਤਾਂ ਕੀ ਭਾਈਚਾਰੇ ਨੂੰ ਵੀ ਇਸ ਸੌ ਵੀਂ ਵਰ੍ਹੇਗੰਢ ਮੌਕੇ ਫਰਾਖਦਿਲੀ ਵਿਖਾਉਂਦੇ ਹੋਏ ਇਸ ਨੂੰ ਪ੍ਰਵਾਨ ਕਰਕੇ ਸਰਕਾਰ ਅਤੇ ਕੈਨੇਡੀਅਨ ਭਾਈਚਾਰੇ ਦਾ ਧੰਨਵਾਦ ਨਹੀਂ ਕਰਨਾ ਚਾਹੀਦਾ ਹੈ? ਮਾਫੀ ਵਾਲੇ ਮੁੱਦੇ ਨੂੰ ਹੋਰ ਖਿੱਚ ਖਿੱਚ ਕੇ ਸਿਆਸੀ ਮੁੱਦੋ ਬਣਾਈ ਰੱਖਣ ਦੀ ਬਜਾਇ, ਕੀ ਇੱਥੇ ਹੀ ਖਤਮ ਨਹੀ ਕਰ ਦੇਣਾ ਚਾਹੀਦਾ?

ਹਜ਼ਾਰਾ ਸਿੰਘ, ਮਿਸੀਸਾਗਾ।
(905) 795-3428

# ਕਾਮਾਗਾਟਾ ਮਾਰੂ-ਕੱਲ੍ਹ-ਅੱਜ-ਕੱਲ੍ਹ



ਕਮਲ ਵਿਨੀਪੈਗ

ਪੂਰੇ ਇਕ ਸੌ ਸਾਲ ਲੰਘ ਚੁੱਕੇ ਹਨ ਜਦੋਂ "ਕਾਮਾਗਾਟਾਮਾਰੂ ਨਾਂ ਦਾ ਸਮੁੰਦਰੀ ਜਹਾਜ਼, ਅਖੌਤੀ ਖੁਸ਼ਹਾਲ ਪੰਜਾਬ ਦੇ ਸੈਂਕੜੇ ਮੱਧਵਰਗੀ ਕਿਸਾਨਾਂ ਦੇ ਵਧੀਆ ਜ਼ਿੰਦਗੀ ਦੇ ਸੁਫਨਿਆਂ ਨੂੰ ਲੈ ਕੇ ਖੁਸ਼ਹਾਲ ਕੈਨੈਡਾ ਨੂੰ ਰਵਾਨਾ ਹੋ ਗਿਆ ਸੀ। ਪਰ ਇਹ ਜਹਾਜ਼ ਵੈਨਕੂਵਰ ਬੰਦਰਗਾਹ ਤੋਂ ਇਕ ਕੁ ਮੀਲ ਦੀ ਵਿਥ ਤੇ ਪੈਸੇਫਿਕ ਮਹਾਂਸਾਗਰ ਦੇ ਪਾਣੀਆਂ 'ਚ ਹੀ ਰੋਕ ਲਿਆ ਗਿਆ ਸੀ। ਕੈਨੈਡਾ ਦੀ ਨਸਲਪ੍ਰਸਤ ਸਰਕਾਰ ਸਿਰਫ਼ ਤੇ ਸਿਰਫ਼ ਹਿੰਦੋਸਤਾਨੀ ਲੋਕਾਂ ਦੇ ਕੈਨੈਡਾ ਆਕੇ ਵਸਣ ਵਿਚ ਬਿਲਕੁਲ ਖੁਸ਼ ਨਹੀਂ ਸੀ। ਜਪਾਨੀ ਕੋਟੇ ਦੇ ਹਿਸਾਬ ਨਾਲ ਆ ਸਕਦੇ ਹਨ। ਚੀਨੀ ਲੋਕਾਂ ਤੇ ਹੈਡ ਟੈਕਸ ਸੀ।

ਦੋ ਕੁ ਮਹੀਨਿਆਂ ਦੀ ਕਾਨੂੰਨੀ ਤੇ ਮਨੁੱਖੀ ਜਦੋ ਜਹਿਦ ਮਗਰੋਂ ਜਹਾਜ਼ ਨੂੰ ਮੁਸਾਫ਼ਰਾਂ ਸਮੇਤ ਵਾਪਸ ਪਰਤਣਾ ਪਿਆ। ਆਪਣੇ ਹੀ ਵਤਨ ਵਾਪਸ ਪਰਤਣ 'ਤੇ ਜਹਾਜ਼ 'ਚੋਂ ਉਤਰਦੇ ਸਾਰ ਹੀ ਹਿੰਦੋਸਤਾਨੀ ਬਸਤੀਵਾਦੀ ਗੋਰੀ ਸਰਕਾਰ ਨੇ ਕਈਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ, ਕਈ ਰੂਪੋਸ਼ ਹੋ ਗਏ, ਕਈਆਂ ਨੂੰ ਜੇਲ੍ਹਾਂ 'ਚ ਡੱਕ ਦਿੱਤਾ ਗਿਆ, ਕਈਆਂ ਨੂੰ ਪਿੰਡਾਂ ਦੀਆਂ ਜੂਹਾਂ 'ਚੋਂ ਬਾਹਰ ਨਿਕਲਣ ਦੀ ਮਨਾਹੀ ਕਰ ਦਿੱਤੀ ਗਈ ਅਤੇ ਕਈ ਹਿੰਦੋਸਤਾਨੀ ਗ਼ਦਰੀਆਂ ਨਾਲ ਜਾ ਰਲੇ।

ਵਤਨ (ਪੰਜਾਬ/ਹਿੰਦੋਸਤਾਨ) ਤੇ ਵਤਨੋਂ ਬਾਹਰ ਅਸੀਂ ਦਹਾਕਿਆਂ ਤੋਂ ਇਸ ਘਟਨਾ ਦੀਆਂ ਬਰਸੀਆਂ/ਮੇਲੇ ਮਨਾਉਂਦੇ ਆ ਰਹੇ ਹਾਂ ਪਰ ਅਸੀਂ ਇਸ ਘਟਨਾ ਤੋਂ ਕੀ ਸਿੱਖਿਆ ਹੈ? ਸਾਡੇ ਸਾਹਮਣੇ ਕੁਝ ਕੁ ਸਵਾਲ ਹਨ ਜਿਨ੍ਹਾਂ ਨੂੰ ਅਸਾਂ ਜਾਣੇ/ਅਣਜਾਣੇ ਔਖੋਂ ਪਰੋਖੇ ਕਰ ਰੱਖਿਆ ਹੈ। ਉਮੀਦ ਹੈ ਕਿ ਤੁਸੀਂ ਸਾਡੇ ਇਨ੍ਹਾਂ ਸਵਾਲਾਂ ਨੂੰ ਕੌਮੀ/ਭਾਵਨਾਤਮਕ ਨਜ਼ਰੀਏ ਤੋਂ ਵੇਖਣ ਦੀ ਬਜਾਏ ਇਤਿਹਾਸਕ ਹਾਲਤਾਂ/ਕਦਰਾਂ ਕੀਮਤਾਂ ਨਾਲ ਜੋੜ ਕੇ ਵੇਖਣ ਦੀ ਕੋਸ਼ਿਸ਼ ਕਰੋਗੇ ਤੇ ਨਤੀਜਾ ਕੱਢ ਕੇ ਕੁਝ ਸਿੱਖਣ/ਸਿਖਾਉਣ ਦੀ ਕੋਸ਼ਿਸ਼ ਕਰਦੇ ਹੋਏ ਇਸ ਘਟਨਾ ਦੀ ਬਰਸੀ/ਮੇਲੇ ਵੇਲੇ ਮਹਿਜ ਯਾਦ/ਦੁਹਰਾਅ ਨਾ ਕਰਦੇ ਹੋਏ ਮੌਜੂਦਾ ਹਾਲਤਾਂ ਨਾਲ ਜੋੜ ਕੇ ਵੇਖਣ ਦੀ ਕੋਸ਼ਿਸ਼ ਕਰੋਗੇ।

**ਮੁਸਾਫਿਰ** : ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਿਰਾਂ ਦਾ ਬਹੁਤ ਵੱਡਾ ਹਿੱਸਾ, ਕੁਝ ਕੁ ਹਿੰਦੂ ਮੁਸਲਮਾਨਾ ਨੂੰ ਛੱਡ ਕੇ, ਪੰਜਾਬ ਦੇ ਮੱਧਵਰਗੀ ਸਿੱਖ ਕਿਸਾਨਾਂ ਦਾ ਸੀ। ਮੁਸਾਫਿਰਾਂ ਵਿਚੋਂ ਇਕ ਵੀ ਦਲਿਤ ਜਾਂ ਗਰੀਬ ਨਹੀਂ ਸੀ। ਇਹ ਉਹ ਲੋਕ ਸਨ ਜਿਨ੍ਹਾਂ ਦੀਆਂ ਆਪਣੇ ਪਿੰਡ ਦੀਆਂ ਜੂਹਾਂ ਵਿਚ ਦਲਿਤ ਪੈਰ ਨਹੀਂ ਸੀ ਪਾ ਸਕਦੇ, ਖੂਹ ਤੋਂ ਪਾਣੀ ਨਹੀਂ ਸੀ ਭਰ ਸਕਦੇ। ਤੇ ਇਹੀ ਲੋਕ ਕੈਨੇਡਾ ਦੀ ਧਰਤੀ 'ਤੇ ਆ ਕੇ ਮੰਗ ਕਰ ਰਹੇ ਸਨ ਕਿ ਉਨ੍ਹਾਂ ਨੂੰ ਅੰਦਰ ਆਉਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ? ਤੇ ਇਨ੍ਹਾਂ ਗੋਰੇ (ਬਾਹਮਣਾਂ/ਜੱਟਾਂ) ਦੇ ਖੂਹਾਂ ਤੋਂ ਪਾਣੀ ਪੀਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ? ਇਹ ਕੈਨੇਡੀਅਨ ਚਿੱਟੇ (ਬਾਹਮਣ/ਜੱਟ) ਇਨ੍ਹਾਂ "ਹਿੰਦੂ" (ਦਲਿਤਾਂ) ਲੋਕਾਂ ਨੂੰ ਅੰਦਰ ਵਾੜਨ ਕੇ ਜਮਾਂ ਹੀ ਰਾਜ਼ੀ ਨਹੀਂ ਸਨ। ਕੈਨੇਡੀਅਨ ਬਹੁਗਿਣਤੀ ਕੈਨੇਡਾ ਨੂੰ ਚਿੱਟਾ ਦੇਸ਼ ਰਹਿਣ ਦੇ ਹੱਕ 'ਚ ਸੀ। ਇਹ ਸਭ ਕੁਝ ਵਾਪਰਦਿਆਂ ਕੀ ਪਿਛਲੇ ਸੌ ਸਾਲਾਂ 'ਚ ਇਨ੍ਹਾਂ ਪੰਜਾਬੀ/ਭਾਰਤੀ ਲੋਕਾਂ 'ਚ ਜਾਤ-ਪਾਤ ਖਤਮ ਹੋ ਗਈ? ਕੀ ਗੁਰੂ ਨਾਨਕ ਦੇ ਵਾਰਸਾਂ ਨੂੰ 'ਮਾਨਸ ਕੀ ਜਾਤ ਸਭੈ ਏਕ ਹੀ ਪਹਿਚਾਨਬੋ' ਵਾਕ ਦੀ ਸਮਝ 500 ਸਾਲਾਂ 'ਚ ਵੀ ਨਹੀਂ ਆਈ? ਇਹ ਕਿਵੇਂ ਸੰਭਵ ਹੈ? ਕਾਮਾਗਾਟਾ ਮਾਰੂ ਦੀ ਨਸਲਪ੍ਰਸਤ ਘਟਨਾ ਦੇ ਸੌ ਸਾਲ ਬਾਅਦ ਕੈਨੇਡਾ ਦੇ ਭਾਰਤੀ ਮੂਲ ਦੇ ਲੋਕਾਂ 'ਚ ਜਾਤ-ਪਾਤ ਕਿੰਨਾ ਕੁ ਘਟਿਆ ਹੈ? ਇਹ ਸਵਾਲ ਜਵਾਬ ਮੰਗਦਾ ਹੈ ਅਖੌਤੀ ਧਾਰਮਿਕ ਲੋਕਾਂ ਤੋਂ, ਅਖੌਤੀ ਖੱਬੀ ਧਿਰ ਤੋਂ ਮੁਕਦੀ ਗੱਲ ਸਾਰੇ ਪੰਜਾਬੀ/ਭਾਰਤੀ ਭਾਈਚਾਰੇ ਤੋਂ!!!

**1914 ਵੈਨਕੂਵਰ** : ਭਾਰਤੀ ਮੂਲ ਦੇ ਤਕਰੀਬਨ ਸਾਰੇ ਹੀ ਲੋਕਾਂ ਨੇ ਧਾਰਮਿਕ ਭੇਦਭਾਵ ਛੱਡਕੇ, ਜਹਾਜ਼ੀ ਮੁਸਾਫਿਰਾਂ ਦੀ ਅਖ਼ਲਾਕੀ/ਮਾਲੀ ਮਦਦ 'ਚ ਕੋਈ ਕਸਰ ਨਾ ਛੱਡੀ। ਉਨ੍ਹਾਂ ਸਮਿਆਂ 'ਚ ਹਜ਼ਾਰਾਂ ਡਾਲਰ ਇਕੱਠੇ ਕੀਤੇ ਗਏ। ਕਈ ਲੋਕਾਂ ਨੇ ਆਪਣੀਆਂ ਜ਼ਮੀਨਾਂ/ਜਾਇਦਾਦਾਂ ਗਹਿਣੇ ਰੱਖ ਕੇ ਮਾਲੀ ਮਦਦ 'ਚ ਹੱਦੋਂ ਵੱਧ ਹਿੱਸਾ ਪਾਇਆ। ਇਹ ਸਾਰੇ ਲੋਕ ਹਿੰਦੋਸਤਾਨੀ ਕੌਮ ਦੇ ਨਾਂ ਥੱਲੇ ਇਕਜੁਟ ਸਨ। ਗੁਰਦੁਆਰਾ ਸਾਂਝਾ ਸੀ। ਨਸਲਪ੍ਰਸਤੀ ਖਿਲਾਫ਼ ਇਕਮੁਠ ਸਨ। ਇਨਸਾਨੀਅਤ ਦੇ ਨਾਂ ਥੱਲੇ ਇਕੱਠੇ ਸਨ। ਪਰ ਫੇਰ....ਇਨ੍ਹਾਂ ਹੀ ਲੋਕਾਂ ਦੇ ਵਾਰਸ, ਇਕ ਸਦੀ ਬੀਤ ਜਾਣ ਮਗਰੋਂ, ਜਾਤ ਪਾਤ ਦੇ ਕੋਹੜ ਨੂੰ ਖਤਮ ਕਰਨ ਤਾਂ ਦੂਰ, ਜਾਤਾਂ ਦੇ ਆਧਾਰ 'ਤੇ ਗੁਰਦੁਆਰੇ ਖੋਲ੍ਹੀ ਬੈਠੇ ਹਨ ਅਤੇ ਬੇਹੱਦ ਬੇਸ਼ਰਮੀ ਨਾਲ, ਸਭੈ ਜਾਤਾਂ ਦੇ ਆਲੰਬਰਦਾਰ, ਉਨ੍ਹਾਂ ਗੁਰੂਆਂ ਦੀ ਬਾਣੀ ਦਾ ਪਾਠ ਕਰਦੇ ਨੀ ਥੱਕਦੇ ਜਿਹੜੇ ਗੁਰੂਆਂ ਨੇ ਇਕ ਤੋਂ ਬਹੁਤੀ ਵਾਰ ਹਮੇਸ਼ਾ ਹੀ ਇਨਸਾਨੀ ਬਰਾਬਰੀ ਦਾ ਮੁੱਦਾ ਅੱਗੇ ਰੱਖਿਆ ਅਤੇ ਜਾਤ-ਪਾਤ ਤੋਂ ਲੈ ਕੇ ਹਾਕਮਾਂ ਦੇ ਜ਼ੁਲਮਾਂ ਦੇ ਖਿਲਾਫ ਲੜਣ ਦੀ ਸਿੱਖਿਆ ਹੀ ਨਹੀਂ ਦਿੱਤੀ ਸਗੋਂ ਆਪ (ਸਣੇ ਪਰਿਵਾਰ) ਇਸ ਜੰਗ ਦਾ ਹਿੱਸਾ ਬਣ ਕੇ ਇਕ ਮਿਸਾਲ ਪੇਸ਼ ਕੀਤੀ। ਇਹ ਕਿਵੇਂ ਸੰਭਵ ਹੈ ਕਿ ਉਹਨਾਂ ਗੁਰੂਆਂ ਦੇ ਅਖੌਤੀ ਵਾਰਸ ਗੁਰੂ ਘਰਾਂ 'ਚ ਹੀ ਇਕ ਦੂਜੇ ਦੀ ਵੱਢ ਟੁੱਕ ਕਰਨ 'ਤੇ ਉਤਾਰੂ ਹਨ? ਹੁਣ ਜਵਾਬ ਤਾਂ ਦੇਣਾ ਹੀ ਪਵੇਗਾ!!! ਕਿਉਂ? ਆਖਿਰ ਮਨੂਸਮਰਿਤੀ 'ਚ ਕਿਹੜਾ ਜਾਦੂ ਹੈ ਜਿਹੜਾ ਮਨੁੱਖ ਨੂੰ ਮਨੁੱਖ ਵੇਖਣ ਵੇਲੇ ਅੰਨਾ ਕਰ ਦਿੰਦਾ ਹੈ।

**ਅੱਜ** : ਅੱਜ ਪੰਜਾਬੀ ਬੋਲੀ ਦੇ ਅਖ਼ਬਾਰਾਂ 'ਚ ਵਿਆਹ ਦੇ ਇਸ਼ਤਿਹਾਰ ਚਾਰ ਜਾਤਾਂ 'ਤੇ ਆਧਾਰਤ ਹੁੰਦੇ ਹਨ। ਪੰਜਾਬੀ/ਸਿੱਖ/ਗੋਤ/ਉਪ ਗੋਤ/ਕੈਨੇਡਾ 'ਚ ਤੁਸੀਂ ਕਿਸੇ ਸੂਬੇ ਵਿਚ ਵੀ ਜ਼ਮੀਨ/ਜਾਇਦਾਦ ਲੈ ਸਕਦੇ ਹੋ/ਵਸ ਸਕਦੇ ਹੋ/ਹਿੰਦੋਸਤਾਨ 'ਚ ਤੁਸੀਂ ਇਕ ਸੂਬੇ ਦੇ ਹੋ ਕੇ ਦੂਜੇ ਸੂਬੇ 'ਚ ਜ਼ਮੀਨ ਨਹੀਂ ਲੈ ਸਕਦੇ। ਇਕ ਸੂਬੇ ਵਾਲੇ ਦੂਜੇ ਸੂਬੇ ਵਾਲਿਆਂ ਨੂੰ ਮਾਰ-ਮਾਰ ਭਜਾ ਰਹੇ ਹਨ। ਕੈਨੇਡਾ 'ਚ ਰਹਿੰਦੇ ਪੰਜਾਬੀ ਮੂਲ ਦੇ ਲੋਕਾਂ ਨੂੰ ਉਨ੍ਹਾਂ ਕਾਮਿਆਂ ਤੋਂ ਬਹੁਤ ਸਾੜਾ ਹੈ ਜਿਹੜੇ ਯੂ. ਪੀ., ਬਿਹਾਰ ਤੋਂ ਪੰਜਾਬ 'ਚ ਆ ਕੇ ਵਸਣਾ ਚਾਹੁੰਦੇ ਹਨ। ਪੰਜਾਬ ਦੇ ਪਿੰਡਾਂ 'ਚ ਦਲਿਤਾਂ ਨਾਲ ਸਮਾਜਿਕ ਬਾਈਕਾਟ ਹੋ ਰਿਹਾ ਹੈ। ਬਾਕੀ ਹਿੰਦੂਸਤਾਨ 'ਚ ਦਲਿਤਾਂ ਨਾਲ ਐਨਾ ਭੈੜਾ ਸਲੂਕ ਹੋ ਰਿਹਾ ਹੈ। ਬਿਹਾਰ/ਯੂ. ਪੀ. ਦੇ ਲੋਕ ਪੰਜਾਬ ਆ ਕੇ ਵਧੀਆ ਪੰਜਾਬੀ ਬੋਲਦੇ ਹਨ ਬੱਚਿਆਂ ਨੂੰ ਪੰਜਾਬੀ ਸਕੂਲਾਂ 'ਚ ਪਾਉਂਦੇ ਹਨ। ਪੰਜਾਬੀ ਲੋਕ ਪੰਜਾਬ 'ਚ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ 'ਚ ਭੇਜਦੇ ਹਨ। ਕੈਨੇਡਾ ਦੇ ਪੰਜਾਬੀ ਭਾਈਚਾਰੇ ਨੂੰ ਪੰਜਾਬੀ ਦਾ ਫਿਕਰ ਵੜੀ ਜਾਂਦਾ ਹੈ। ਇੱਥੇ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਸਕੂਲਾਂ 'ਚ ਪਾਉਂਦੇ ਹਨ। ਇਹ ਚੱਕਰ ਕੀ ਹੈ? ਪੰਜਾਬ 'ਚ ਪੰਜਾਬੀ ਤੋਂ ਦੂਰੀ ਤੇ ਕੈਨੇਡਾ 'ਚ ਪੰਜਾਬੀ ਦੀ ਹਾਲ ਦੁਹਾਈ। ਕਾਮਾਗਾਟਾ ਮਾਰੂ ਦੇ ਮੁਸਾਫਿਰ ਕੈਨੈਡਾ ਰਹਿਣ ਆਏ ਸਨ ਜਿੱਤਣ ਨਹੀਂ। ਨਸਲਪ੍ਰਸਤੀ (ਜਾਤ-ਪਾਤ) ਮਨੁੱਖੀ ਸਭਿਅਤਾ ਤੇ ਇਕ ਦਾਗ ਹੈ। ਕਾਮਾਗਾਟਾ ਮਾਰੂ ਦੀ ਘਟਨਾ ਨਸਲਪ੍ਰਸਤੀ ਦੀ ਇਕ ਅਣਮਨੁੱਖੀ, ਜਾਲਮ ਮਿਸਾਲ ਜਿਸ ਦੀ ਯਾਦ ਮਨਾਉਣ ਦਾ ਹੱਕ ਉਨ੍ਹਾਂ ਨੂੰ ਹੀ ਹੋਣਾ ਚਾਹੀਦਾ ਹੈ ਜਿਹੜੇ ਤਨੋਂ/ਮਨੋਂ/ਧਨੋਂ ਨਸਲਵਾਦ (ਜਾਤਪਾਤ) ਨੂੰ ਅਣਮਨੁੱਖੀ ਸਮਝਦੇ ਹਨ-ਤੇ ਪੂਰੇ ਜਾਗਰਤ ਹੋ ਕੇ ਇਸ ਦੇ ਖਿਲਾਫ਼ ਲੜਣ ਦੀ ਹਿੰਮਤ ਰੱਖਦੇ ਹਨ। ਇਹ ਲੜਾਈ ਚਾਹੇ ਤੁਹਾਡੇ ਘਰ 'ਚ ਹੋਵੇ ਭਾਈਚਾਰੇ 'ਚ ਹੋਵੇ ਜਾਂ ਕੰਮ 'ਤੇ ਹੋਵੇ। ਨਹੀਂ ਤਾਂ ਕਾਮਾਗਾਟਾ ਮਾਰੂ ਘਟਨਾ, ਚਾਹੇ ਜਿੰਨੇ ਵੀ ਬੁੱਤ ਲਾ ਲਓ, ਡਾਕ ਟਿਕਟਾਂ ਜਾਰੀ ਕਰਵਾ ਲਵੋ, ਮਾਫ਼ੀਆਂ ਮੰਗਵਾ ਲਵੋ, ਇਕ ਦਿਖਾਵਾ ਬਣਕੇ ਹੀ ਰਹਿ ਜਾਵੇਗੀ ਜਾਂ ਇਤਿਹਾਸ ਦੇ ਕਿਸੇ ਵਰਕੇ 'ਤੇ ਇਕ ਫੁਟ ਨੋਟ।

**ਕੱਲ੍ਹ** : ਜੇ ਅਸੀਂ ਵਾਕਿਆ ਹੀ ਚਾਹੁੰਦੇ ਹਾਂ ਕਿ ਆਉਣ ਵਾਲੀਆਂ ਮਨੁੱਖੀ ਪੀੜ੍ਹੀਆਂ ਮਨੁੱਖਤਾ ਹਾਸਲ ਕਰਨ। ਜੇ ਅਸੀਂ ਚਾਹੁੰਦੇ ਹਾਂ ਕਿ ਆਉਣ ਵਾਲਾ ਸਮਾਜ ਮਨੁੱਖ ਨੂੰ ਮਨੁੱਖ ਸਮਝੇ। ਜੇ ਸਾਨੂੰ 'ਸਰਬਤ ਦੇ ਭਲੇ' ਦੇ ਫਿਲਾਸਫੇ ਵਿਚ ਰੱਤੀ ਭਰ ਵੀ ਭਰੋਸਾ ਹੈ ਤਾਂ ਸਾਨੂੰ ਇਹ ਲੜਾਈ ਵਿੱਢਣੀ ਹੀ ਪਵੇਗੀ। ਸਾਨੂੰ ਕਾਮਾਗਾਟਾ ਮਾਰੂ ਦੀ ਘਟਨਾ ਦੀ ਯਾਦ ਵਿਚ ਹਰ ਰੋਜ਼ ਹੀ ਮੇਲੇ ਲਾਉਣੇ ਪੈਣਗੇ। ਇਸ ਸਰਮਾਏਦਾਰੀ ਮੰਡੀ ਦੀਆਂ ਨੀਹਾਂ, ਜਿਹੜੀਆਂ ਕਿ ਪਹਿਲਾਂ ਹੀ ਮਨੁੱਖੀ ਵੰਡ 'ਤੇ ਖੜ੍ਹੀਆਂ ਹਨ, ਨੂੰ ਜੜ੍ਹੋਂ ਪੁੱਟਣਾ ਪਵੇਗਾ। ਅੱਜ ਇਹ ਮੰਡੀ ਸਾਨੂੰ ਹਰ ਪਲ ਵੰਡਾਂ ਦੇ ਘੱਲੂਘਾਰੇ ਵਿਚ ਧਸਦੀ ਹੋਈ ਸਾਨੂੰ ਸਿਰਫ਼ ਨਿੱਜ 'ਤੇ ਖੜ੍ਹਾ ਕਰ ਰਹੀ ਹੈ। ਮਨੁੱਖ 'ਚ ਨਿੱਜ ਨਹੀਂ ਹੈ ਇਹ ਪੈਦਾਵਾਰੀ ਤਾਕਤਾਂ ਦੀ ਦੇਣ ਹੈ। ਮਨੁੱਖ ਦਾ ਮਨੁੱਖ ਨਾਲ ਮਨੁੱਖੀ ਰਿਸ਼ਤਾ ਤੋੜਣਾ ਹੀ ਇਸ ਮੰਡੀ ਦਾ ਮਕਸਦ ਹੈ। ਜਦੋਂ ਵੀ ਕਾਮਾਗਾਟਾ ਮਾਰੂ ਦੀ ਯਾਦ ਆਵੇ, ਦੁਨੀਆ ਦੇ ਸੰਘਰਸ਼ਸ਼ੀਲ, ਜਾਂਬਾਜ਼ ਲੋਕਾਂ ਦੀ ਯਾਦ ਆਵੇ, ਤਾਂ ਮਨੁੱਖ ਸਿਰ ਮਨੁੱਖੀ ਨਾਬਰਾਬਰੀ ਦਾ, ਮਨੁੱਖ ਹੱਥੋਂ ਮਨੁੱਖੀ ਲਹੂਆਂ ਦੇ ਇਸ ਕਰਜ਼ੇ ਨੂੰ ਘਟ ਕਰਨ ਦੀ ਕੋਸ਼ਿਸ਼ ਜ਼ਰੂਰ ਕਰਨਾ।

# ਜੀ.ਐਮ. ਬੀਜਾਂ ਦੇ ਸੰਭਾਵਿਤ ਖਤਰਿਆਂ ਤੋਂ ਸੁਚੇਤ ਹੋਣ ਦੀ ਲੋੜ



**ਕਰਨਲਜੀਤ ਸਿੰਘ**

ਆਦਿ ਕਾਲ ਤੋਂ ਲੈ ਕੇ ਹੁਣ ਤੱਕ ਮਨੁੱਖ ਨੇ ਖੇਤੀਬਾੜੀ ਖੇਤਰ ਵਿੱਚ ਵੱਡੀਆਂ ਪੁਲਾਘਾਂ ਪੁੱਟੀਆਂ ਹਨ। ਇਹਨਾਂ ਪੁਲਾਘਾਂ ਕਾਰਨ ਹੀ ਦੁਨੀਆਂ ਦੀ ਏਨੀ ਤੇਜ਼ੀ ਨਾਲ ਵੱਧ ਰਹੀ ਆਬਾਦੀ ਦੀਆਂ ਭੋਜਨ ਜ਼ਰੂਰਤਾਂ ਪੂਰੀਆਂ ਕੀਤੀਆਂ ਜਾ ਸਕੀਆਂ ਹਨ। ਪਰ ਪਿਛਲੇ 5-6 ਦਹਾਕਿਆਂ ਤੋਂ ਖੇਤੀ ਵਿੱਚ ਰਸਾਇਣਾਂ ਅਤੇ ਉਨਤ ਬੀਜਾਂ ਦੀ ਵਰਤੋਂ ਬੜੀ ਤੇਜ਼ੀ ਨਾਲ ਵਧੀ ਹੈ। 60ਵਿਆਂ ਵਿੱਚ ਉਤਰੀ ਭਾਰਤ ਵਿੱਚ ਖੇਤੀ ਵਿੱਚ ਆਈ ਹਰੀ ਕ੍ਰਾਂਤੀ ਦੌਰਾਨ ਦੇਸੀ ਬੀਜਾਂ ਦੀ ਥਾਂ ਵਿਦੇਸ਼ਾਂ ਤੋਂ ਨਵੇਂ ਉਨਤ ਬੀਜ ਆ ਗਏ ਜਿਨ੍ਹਾਂ ਨਾਲ ਵਕਤੀ ਤੌਰ 'ਤੇ ਪੈਦਾਵਾਰ ਵਿੱਚ ਕਾਫੀ ਵਾਧਾ ਹੋਇਆ। ਪਰ ਇਥੇ ਇਹ ਤੱਥ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਹਰੀ ਕ੍ਰਾਂਤੀ ਸਮੇਂ ਨਵੇਂ ਬੀਜਾਂ ਦੇ ਨਾਲ ਨਾਲ ਬਿਜਲੀ ਸਪਲਾਈ ਕਾਰਨ ਸਿੰਚਾਈ ਸਹੂਲਤਾਂ ਵਿੱਚ ਵਾਧਾ, ਨਵੀਂ ਮਸ਼ੀਨਰੀ ਅਤੇ ਰਸਾਇਣਕ ਖਾਦਾਂ ਦੀ ਆਮਦ ਨੇ ਵੀ ਫਸਲੀ ਪੈਦਾਵਾਰ ਦੇ ਵਾਧੇ ਵਿੱਚ ਵੱਡਾ ਯੋਗਦਾਨ ਪਾਇਆ ਸੀ। ਨਵੇਂ ਉਨਤ ਬੀਜਾਂ ਨਾਲ ਪੈਦਾਵਾਰ ਤਾਂ ਵੱਧ ਗਈ ਪਰ ਦੇਸੀ ਬੀਜਾਂ ਦੇ ਮੁਕਾਬਲੇ ਇਹਨਾਂ ਦੀ ਪੌਸ਼ਟਿਕਤਾ ਕਾਫੀ ਘੱਟ ਪਾਈ ਗਈ ਹੈ, ਇਹ ਬੀਜ ਖਾਦਾਂ ਤੋਂ ਬਿਨਾਂ ਪੈਦਾਵਾਰ ਦੇਣ ਵਿੱਚ ਅਸਮਰੱਥ ਹਨ ਅਤੇ ਮੌਸਮੀ ਮਾਰ ਝੱਲਣ ਵਿੱਚ ਵੀ ਦੇਸੀ ਬੀਜਾਂ ਦਾ ਮੁਕਾਬਲਾ ਨਹੀਂ ਕਰਦੇ। ਇਥੇ ਇਹ ਤੱਥ ਵੀ ਧਿਆਨ ਦੇਣ ਯੋਗ ਹੈ ਕਿ ਹਰੀ ਕ੍ਰਾਂਤੀ ਦੇ ਆਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਬੜੀ ਤੇਜ਼ੀ ਨਾਲ ਘਟੀ ਹੈ। ਪਰ ਵੱਧ ਪੈਦਾਵਾਰ ਨੂੰ ਦੇਖਦੇ ਹੋਏ ਸਾਡੇ ਕਿਸਾਨਾਂ ਨੇ ਤੇਜ਼ੀ ਨਾਲ ਇਹਨਾਂ ਉਨਤ ਬੀਜਾਂ ਨੂੰ ਅਪਨਾ ਲਿਆ ਅਤੇ ਆਪਣੇ ਦੇਸੀ ਬੀਜ ਲਗਪਗ ਹੱਥੋਂ ਗੁਆ ਲਏ ਹਨ। ਸਬਜ਼ੀਆਂ ਦੇ ਖੇਤਰ ਵਿੱਚ ਵੀ ਹਾਈਬ੍ਰਿਡ ਬੀਜਾਂ ਦੇ ਆਉਣ ਕਾਰਨ ਹੁਣ ਹਰ ਸਾਲ ਸਬਜ਼ੀ ਕਾਸ਼ਤਕਾਰ ਬੀਜ ਕੰਪਨੀਆਂ ਪਾਸੋਂ ਮਹਿੰਗੇ ਭਾਅ ਹਾਈਬ੍ਰਿਡ ਬੀਜ ਖ੍ਰੀਦਣ ਲਈ ਮਜ਼ਬੂਰ ਹਨ ਕਿਉਂਕਿ ਆਪਣੇ ਦੇਸੀ ਬੀਜ ਜਿਨ੍ਹਾਂ ਤੋਂ ਅਗਲੀ ਫਸਲ ਲਈ ਬੀਜ ਤਿਆਰ ਕੀਤਾ ਜਾ ਸਕਦਾ ਹੈ ਕਾਸ਼ਤਕਾਰਾਂ ਦੇ ਹੱਥਾਂ ਵਿੱਚ ਨਹੀਂ ਰਹੇ। ਹਾਲ ਦੇ ਸਾਲਾਂ ਵਿੱਚ ਖੇਤੀਬਾੜੀ ਖੇਤਰ ਵਿੱਚ ਇੱਕ ਨਵੀਂ ਕ੍ਰਾਂਤੀ ਲਿਆਉਣ ਦੀ ਗੱਲ ਕੀਤੀ ਜਾ ਰਹੀ ਹੈ ਜਿਸ ਨੂੰ ਜੀਨ ਪਰਿਵਰਤਤ ਫਸਲਾਂ (ਜੈਨੇਟੀਕਲੀ ਮੌਡੀਫਾਈਡ) ਦੇ ਮਾਧਿਅਮ ਨਾਲ ਲਿਆਂਦਾ ਜਾਵੇਗਾ। ਜੀ. ਐਮ. (ਜੈਨਿਟੀਕਲੀ ਮੌਡੀਫਾਈਡ) ਬੀਜਾਂ ਦੀ ਭੂਮਿਕਾ ਨੂੰ ਲੈ ਕੇ ਪੂਰੀ ਦੁਨੀਆਂ ਵਿੱਚ ਇੱਕ ਵੱਡੀ ਬਹਿਸ ਛਿੜੀ ਹੋਈ ਹੈ। ਜੀ. ਐਮ. ਬੀਜਾਂ ਦੇ ਸੰਭਾਵਿਤ ਖਤਰਿਆਂ ਤੋਂ ਮਚੀ ਹਾਹਾਕਾਰ ਦੇ ਕਾਰਨ ਇਹਨਾਂ ਬੀਜਾਂ ਦੇ ਖੁੱਲ੍ਹੇ ਖੇਤ ਤਜ਼ਰਬਿਆਂ ਤੋਂ ਪਹਿਲਾਂ ਇਹਨਾਂ ਦੇ ਮਨੁੱਖੀ ਸਿਹਤ ਅਤੇ ਵਾਤਾਵਰਣ ਉਤੇ ਪੈਣ ਵਾਲੇ ਪ੍ਰਭਾਵਾਂ ਦੀ ਘੋਖ ਕਰਨ ਲਈ ਇਹਨਾਂ ਫਸਲਾਂ ਦੇ ਹੋਰ ਜੀਵਾਂ ਜਿਵੇਂ ਚੂਹਿਆਂ ਉਪਰ ਲੈਬਾਰਟਰੀ ਟੈਸਟ ਕਰਨੇ ਬਹੁਤ ਜ਼ਰੂਰੀ ਹਨ।

ਜੀ. ਐਮ. ਤਕਨੀਕ ਨੂੰ ਜ਼ੀਨ ਪਰਿਵਰਤਤ ਇੰਜੀਨੀਅਰਿੰਗ ਜਾਂ ਨਸਲ ਬਦਲਣ ਵਾਲੀ ਡੀ. ਐਨ. ਏ. ਤਕਨੀਕ ਵੀ ਕਿਹਾ ਜਾਂਦਾ ਹੈ। ਇਸ ਤਕਨੀਕ ਨੂੰ ਵਰਤਕੇ ਰਵਾਇਤੀ ਫਸਲਾਂ ਦੇ ਬੀਜਾਂ ਦੇ ਜ਼ੀਨ ਵਿੱਚ ਹੀ ਕੀਟਨਾਸ਼ਕ ਦਾ ਉਤਪਾਦਨ ਕਰਨ ਵਾਲੇ ਜ਼ੀਨਾਂ ਨੂੰ ਸ਼ਾਮਿਲ ਕਰ ਦਿੱਤਾ ਜਾਂਦਾ ਹੈ। ਇਸ ਤਰਾਂ ਪੈਦਾ ਹੋਏ ਜੀ. ਐਮ. ਬੀਜ ਤੋਂ ਪੈਦਾ ਹੋਣ ਵਾਲੀ ਫਸਲ ਦਾ ਪੂਰਾ ਪੌਦਾ ਹੀ ਜ਼ਹਿਰੀਲਾ ਬਣ ਜਾਂਦਾ ਹੈ ਜਿਸ ਕਾਰਨ ਕੰਪਨੀਆਂ ਇਹਨਾਂ ਪੌਦਿਆਂ ਨੂੰ ਕੀਟਾਂ ਤੋਂ ਸੁਰੱਖਿਅਤ ਹੋਣ ਦਾ ਦਾਅਵਾ ਕਰਦੀਆਂ ਹਨ। ਪਰ ਇਥੇ ਇਹ ਜ਼ਿਕਰਯੋਗ ਹੈ ਕਿ ਇਸ ਤਕਨੀਕ ਤਹਿਤ ਪੈਦਾ ਕੀਤੀ ਬੀ. ਟੀ. ਕਪਾਹ ਜਿਸ ਨੂੰ ਆਮ ਕਪਾਹ ਦੇ ਬੀਜ਼ ਵਿੱਚ ਬੈਸੀਲਸ ਥਿਊਰਿਨਜੈਨਸਿਸ ਨਾਮਕ ਬੈਕਟੀਰੀਆ ਪਾ ਕੇ ਤਿਆਰ ਕੀਤਾ ਗਿਆ ਸੀ ਨੂੰ 2002 ਵਿੱਚ ਭਾਰਤੀ ਖੇਤੀ ਵਿੱਚ ਉਤਾਰਨ ਸਮੇਂ ਵੀ ਇਹ ਦਾਅਵਾ ਕੀਤਾ ਗਿਆ ਸੀ ਕਿ ਬੀ.ਟੀ. ਕਪਾਹ ਉਪਰ ਕਿਸਾਨਾਂ ਨੂੰ ਕੀਟਨਾਸ਼ਕ ਬਿਲਕੁਲ ਨਹੀਂ ਵਰਤਣੇ ਪੈਣਗੇ, ਕਿਉਂਕਿ ਬੀ.ਟੀ.ਕਪਾਹ ਦੇ ਪੌਦੇ ਨੂੰ ਖਾਣ ਤੇ ਕੀਟ ਮਰ ਜਾਂਦੇ ਹਨ। ਪਰ 4-5 ਸਾਲਾਂ ਬਾਅਦ ਹੀ ਕੁਝ ਕੀਟਾਂ ਨੇ ਬੀ.ਟੀ. ਕਪਾਹ ਦੇ ਜ਼ਹਿਰੀਲੇ ਪੌਦੇ ਨੂੰ ਸਹਿਣ ਕਰਨ ਦੀ ਸਮਰੱਥਾ ਵਿਕਸਿਤ ਕਰ ਲਈ ਹੈ ਅਤੇ ਹੁਣ ਕਿਸਾਨਾਂ ਨੂੰ ਬੀ.ਟੀ. ਕਪਾਹ ਦੀ ਫਸਲ ਉਪਰ ਪਹਿਲਾਂ ਤੋਂ ਵੀ ਵੱਧ ਜ਼ਹਿਰੀਲੇ ਕੀਟਨਾਸ਼ਕ ਵਰਤਣੇ ਪੈਂਦੇ ਹਨ। ਇਸੇ ਤਰ੍ਹਾਂ ਆਂਧਰਾ ਪ੍ਰਦੇਸ਼ ਦੇ ਬੀ. ਟੀ. ਕਪਾਹ ਵਾਲੇ ਖੇਤਾਂ ਵਿੱਚ 2000 ਭੇਡਾਂ ਬੱਕਰੀਆਂ ਚਰਨ ਤੋਂ ਬਾਅਦ ਅਚਾਨਕ ਮਰਨ ਦੀਆਂ ਖ਼ਬਰਾਂ ਸੁਰਖੀਆਂ ਵਿੱਚ ਆਈਆਂ ਸਨ। ਹੁਣ ਤੱਕ ਬੀ.ਟੀ. ਕਪਾਹ ਦੇ ਬੀਜ ਨੇ ਭਾਰਤ ਦੇ ਕੁੱਲ ਕਪਾਹ ਪੈਦਾਵਾਰ ਦਾ 95% ਹਿੱਸਾ ਆਪਣੇ ਕਬਜ਼ੇ ਵਿੱਚ ਕਰ ਲਿਆ ਹੈ। ਇਸ ਲਈ ਕਿਸਾਨ ਹਰ ਸਾਲ ਕੰਪਨੀ ਤੋਂ ਮਹਿੰਗੇ ਰੇਟ ਤੇ ਬੀ.ਟੀ. ਬੀਜ਼ ਖ੍ਰੀਦਣ ਲਈ ਮਜ਼ਬੂਰ ਹਨ ਅਤੇ ਕੀਟਨਾਸ਼ਕਾਂ ਦਾ ਖਰਚਾ ਵੀ ਕਾਫੀ ਵੱਧ ਚੁੱਕਾ ਹੈ, ਜਿਸ ਕਾਰਨ ਪੰਜਾਬ ਦੇ ਮਾਲਵਾ ਖੇਤਰ ਵਿੱਚ ਅਤੇ ਮਹਾਂਰਾਸ਼ਟਰ ਦੇ ਵਿਦੱਰਭ ਇਲਾਕੇ ਵਿੱਚ ਪਿਛਲੇ ਕੁੱਝ ਸਾਲਾਂ ਤੋਂ ਵੱਡੀ ਗਿਣਤੀ ਵਿੱਚ ਕਪਾਹ ਪੈਦਾ ਕਰਨ ਵਾਲੇ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ ਅਤੇ ਉਹਨਾਂ ਦੇ ਪਰਿਵਾਰਾਂ ਵਿੱਚ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦਾ ਪ੍ਰਕੋਪ ਕਾਫੀ ਵੱਧ ਚੁੱਕਾ ਹੈ।

ਜੀ.ਐਮ. ਬੀਜ ਬਣਾਉਣ ਦੀ ਇੱਕ ਹੋਰ ਵਿਧੀ ਵਿੱਚ ਰਵਾਇਤੀ ਫਸਲਾਂ ਦੇ ਝਾੜ ਵਧਾਉਣ ਲਈ ਇਹਨਾਂ ਦੇ ਬੀਜਾਂ ਦੇ ਡੀ. ਐਨ. ਏ. ਵਿੱਚ ਕਿਸੇ ਜੀਵ ਜਿਵੇਂ ਮੱਛਰ, ਮੱਛੀ, ਡੱਡੂ ਆਦਿ ਦਾ ਜ਼ੀਨ ਪਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਬੀਜਾਂ ਨੂੰ ਵਿਕਸਿਤ ਕਰਨਾ ਇੱਕ ਬਿਲਕੁਲ ਗੈਰ ਕੁਦਰਤੀ ਵਰਤਾਰਾ ਹੈ ਕਿਉਂਕਿ ਕੁਦਰਤ ਹਜ਼ਾਰਾਂ ਲੱਖਾਂ ਸਾਲਾਂ ਵਿੱਚ ਬੀਜਾਂ ਦਾ ਵਿਕਾਸ ਕਿਸੇ ਖਾਸ ਇਲਾਕੇ ਦੇ ਵਾਤਾਵਰਣ ਅਨੁਸਾਰ ਕਰਦੀ ਹੈ। ਬੀਜਾਂ ਨੂੰ ਵਿਕਸਿਤ ਕਰਨ ਦਾ ਕੰਮ ਮਨੁੱਖ ਦਾ ਨਹੀਂ ਹੈ, ਮਨੁੱਖ ਤਾਂ ਕੇਵਲ ਚੰਗੀ ਗੁਣਵੱਤਾ ਵਾਲੇ ਇੱਕ ਹੀ ਫਸਲ ਦੀਆਂ ਵੱਖ-ਵੱਖ ਕਿਸਮਾਂ ਦੇ ਬੀਜਾਂ ਨੂੰ ਆਪਸ ਵਿੱਚ ਪ੍ਰਜਨਣ (Intra Crop Breeding) ਕਰਕੇ ਵਧੀਆ ਉਪਜ ਵਾਲੇ ਬੀਜ ਲੈ ਸਕਦਾ ਹੈ। ਪਰ ਜੀ. ਐਮ. ਤਕਨੀਕ ਵਿੱਚ ਕਿਸੇ ਵੀ ਜੀਵ ਦਾ ਜ਼ੀਨ ਕਿਸੇ ਫਸਲ ਜਾਂ ਸਬਜ਼ੀ ਦੇ ਜ਼ੀਨ ਵਿੱਚ ਸ਼ਾਮਿਲ ਕਰ ਦਿੱਤਾ ਜਾਂਦਾ ਹੈ (Inter Crop Breeding)। ਇਸ ਤਰ੍ਹਾਂ ਕਰਨ ਨਾਲ ਵਾਤਾਵਰਣ ਵਿੱਚ ਜ਼ੀਨ ਪ੍ਰਦੂਸ਼ਣ ਦਾ ਖਤਰਾ ਬਹੁਤ ਵੱਧ ਜਾਵੇਗਾ ਜਿਸਨੂੰ ਭਵਿੱਖ ਵਿੱਚ ਨਿਯੰਤਰਣ ਕਰਨਾ ਅਸੰਭਵ ਹੋਵੇਗਾ।



ਬੀ. ਟੀ. ਕਪਾਹ ਦੇ ਬੀਜ ਨੇ ਭਾਰਤ ਦੇ ਕੁੱਲ ਕਪਾਹ ਪੈਦਾਵਾਰ ਦਾ 95% ਹਿੱਸਾ ਆਪਣੇ ਕਬਜ਼ੇ ਵਿੱਚ ਕਰ ਲਿਆ ਹੈ। ਇਸ ਲਈ ਕਿਸਾਨ ਹਰ ਸਾਲ ਕੰਪਨੀ ਤੋਂ ਮਹਿੰਗੇ ਰੇਟ ਤੇ ਬੀ.ਟੀ. ਬੀਜ਼ ਖ੍ਰੀਦਣ ਲਈ ਮਜ਼ਬੂਰ ਹਨ ਅਤੇ ਕੀਟਨਾਸ਼ਕਾਂ ਦਾ ਖਰਚਾ ਵੀ ਕਾਫੀ ਵੱਧ ਚੁੱਕਾ ਹੈ, ਜਿਸ ਕਾਰਨ ਪੰਜਾਬ ਦੇ ਮਾਲਵਾ ਖੇਤਰ ਵਿੱਚ ਅਤੇ ਮਹਾਂਰਾਸ਼ਟਰ ਦੇ ਵਿਦੱਰਭ ਇਲਾਕੇ ਵਿੱਚ ਪਿਛਲੇ ਕੁੱਝ ਸਾਲਾਂ ਤੋਂ ਵੱਡੀ ਗਿਣਤੀ ਵਿੱਚ ਕਪਾਹ ਪੈਦਾ ਕਰਨ ਵਾਲੇ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ ਅਤੇ ਉਹਨਾਂ ਦੇ ਪਰਿਵਾਰਾਂ ਵਿੱਚ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦਾ ਪ੍ਰਕੋਪ ਕਾਫੀ ਵੱਧ ਚੁੱਕਾ ਹੈ।

ਜੀ.ਐਮ. ਤਕਨੀਕ ਤਹਿਤ ਰਾਊਂਡਅੱਪ ਰੈਡੀ ਬੀਜ ਤਿਆਰ ਕੀਤੇ ਗਏ ਹਨ ਜਿਨ੍ਹਾਂ ਦੇ ਜ਼ੀਨਾਂ ਵਿੱਚ ਅਜਿਹੇ ਜ਼ੀਨ ਪ੍ਰਵੇਸ਼ ਕੀਤੇ ਜਾਂਦੇ ਹਨ ਜੋ ਇਹਨਾਂ ਤੋਂ ਪੈਦਾ ਹੋਣ ਵਾਲੀ ਫਸਲ ਨੂੰ ਰਾਊਂਡਅੱਪ ਵਰਗੇ ਘਾਤਕ ਨਦੀਨਨਾਸ਼ਕ ਦੇ ਅਸਰ ਨੂੰ ਵੀ ਸਹਿਣ ਦੇ ਯੋਗ ਬਣਾ ਦਿੰਦੇ ਹਨ। ਫਸਲ ਦੀ ਕਾਸ਼ਤ ਕਰਨ ਸਮੇਂ ਪੈਦਾ ਹੋਣ ਵਾਲੇ ਨਦੀਨਾਂ ਨੂੰ ਖਤਮ ਕਰਨ ਲਈ ਰਾਊਂਡਅਪ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ। ਰਾਊਂਡਅੱਪ ਰਸਾਇਣ ਅੱਜਕੱਲ ਕਿਸਾਨ ਬੰਨਿਆਂ ਅਤੇ ਵਾਧੂ ਥਾਂਵਾਂ ਤੋਂ ਘਾਹ ਆਦਿ ਖਤਮ ਕਰਨ ਲਈ ਬੜੇ ਧੜੱਲੇ ਨਾਲ ਵਰਤ ਰਹੇ ਹਨ। ਅਰਜਨਟਾਈਨਾ ਵਿੱਚ ਪੈਦਾ ਕੀਤੇ ਜਾ ਰਹੇ ਜੀ. ਐਮ. ਸੋਇਆ ਉਪਰ ਰਾਊਂਡਅੱਪ ਦੇ ਛਿੜਕਾਅ ਕਰਨ ਕਰਕੇ ਇਹਨਾਂ ਫਸਲਾਂ ਦੇ ਗਰਭਵਤੀ ਔਰਤਾਂ ਦੇ ਪੇਟ ਵਿੱਚ ਪਲਣ ਵਾਲੇ ਭਰੂਣਾਂ ਤੇ ਘਾਤਕ ਅਸਰ ਹੋਣ ਦੀਆਂ ਰਿਪੋਰਟਾਂ ਨੇ ਅਰਜਨਟਾਈਨਾ ਦੇ ਲੋਕਾਂ ਤੋਂ ਇਲਾਵਾ ਬਾਕੀ ਦੁਨੀਆਂ ਦੇ ਲੋਕਾਂ ਵਿੱਚ ਵੀ ਰਾਊਂਡਅੱਪ ਰੈਡੀ ਫਸਲਾਂ ਪ੍ਰਤੀ ਗੰਭੀਰ ਸ਼ੰਕੇ ਖੜ੍ਹੇ ਕਰ ਦਿੱਤੇ ਹਨ। ਦੂਜਾ ਇਹਨਾਂ ਫਸਲਾਂ ਦੀ ਵਿਦੇਸ਼ਾਂ ਵਿੱਚ ਹੋਈ ਕਾਸ਼ਤ ਤੋਂ ਪਤਾ ਲੱਗਿਆ ਹੈ ਕਿ ਕੁੱਝ ਸਾਲਾਂ ਵਿੱਚ ਹੀ ਇਹਨਾਂ ਫਸਲਾਂ ਵਿੱਚ ਸੁਪਰ ਨਦੀਨ ਅਤੇ ਸੁਪਰ ਕੀਟ ਪੈਦਾ ਹੋ ਜਾਂਦੇ ਹਨ ਜਿਨ੍ਹਾਂ ਨੂੰ ਖਤਮ ਕਰਨ ਲਈ ਕਿਸਾਨਾਂ ਨੂੰ ਅਤੀ ਜ਼ਹਿਰੀਲੇ ਰਸਾਇਣ ਵਰਤਣੇ ਪੈਂਦੇ ਹਨ।

ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਜੀ. ਐਮ. ਬੀਜਾਂ ਤੇ ਲੈਬਾਰਟਰੀ ਵਿੱਚ ਚੂਹਿਆਂ ਤੇ ਕੀਤੇ ਤਜ਼ਰਬਿਆਂ ਤੋਂ ਇਹਨਾਂ ਦੇ ਘਾਤਕ ਨਤੀਜਿਆਂ ਬਾਰੇ ਜਾਣਕਾਰੀ ਸਾਹਮਣੇ ਆਈ ਹੈ। ਫਰਾਂਸ ਦੀ ਇੱਕ ਯੂਨੀਵਰਸਿਟੀ ਵਿੱਚ ਦੋ ਸਾਲ ਲਗਾਤਾਰ ਚੂਹਿਆਂ ਤੇ ਰਾਊਂਡਅੱਪ ਰੈਡੀ ਜੀ. ਐਮ. ਮੱਕੀ ਅਤੇ ਸਾਧਾਰਣ ਮੱਕੀ ਖੁਆਉਣ ਤੇ ਨਤੀਜੇ ਨੋਟ ਕੀਤੇ ਗਏ ਤਾਂ ਪਤਾ ਲੱਗਿਆ ਕਿ ਸਧਾਰਣ ਮੱਕੀ ਖਾਣ ਵਾਲੇ ਨਰ ਅਤੇ ਮਾਦਾ ਚੂਹਿਆਂ ਦੀ ਮੌਤ ਦਰ ਕ੍ਰਮਵਾਰ 30% ਅਤੇ 20% ਰਹੀ ਜਦੋਂ ਕਿ ਜੀ. ਐਮ. ਮੱਕੀ ਖਾਣ ਵਾਲੇ ਨਰ ਅਤੇ ਮਾਦਾ ਚੂਹਿਆਂ ਵਿੱਚ ਇਹ ਦਰ 50% ਅਤੇ 70% ਪਾਈ ਗਈ। ਜਰਮਨ ਵਿੱਚ ਕੀਤੇ ਇੱਕ ਹੋਰ ਤਜ਼ਰਬੇ ਵਿੱਚ ਇਹ ਪਤਾ ਲੱਗਾ ਹੈ ਕਿ ਜੀ. ਐਮ. ਮੱਕੀ ਖਾਣ ਵਾਲੇ ਚੂਹਿਆਂ ਦੀ ਤੀਜੀ ਪੀੜ੍ਹੀ ਨਿਪੁੰਸਕ ਅਤੇ ਲੂਲੀ ਲੰਗੜੀ ਪੈਦਾ ਹੋਈ ਹੈ। ਇਹਨਾਂ ਬੀਜਾਂ ਦੇ ਖਤਰਿਆਂ ਨੂੰ ਭਾਂਪਦੇ ਹੋਏ ਦੁਨੀਆਂ ਦੇ ਬਹੁਤ ਸਾਰੇ ਦੇਸ਼ ਜਿਨਾਂ ਵਿੱਚ ਜਰਮਨ, ਫਰਾਂਸ, ਸਵਿਟਜ਼ਰਲੈਂਡ, ਰੂਸ, ਲਕਸਮਬਰਗ, ਇੰਗਲੈਂਡ ਆਦਿ ਨੇ ਇਨਾਂ ਬੀਜਾਂ ਦੀ ਆਮਦ ਲਈ ਪੂਰੀ ਤਰ੍ਹਾਂ ਨਾਲ ਪਾਬੰਧੀ ਲਗਾ ਦਿੱਤੀ ਹੈ। ਜੀ. ਐਮ. ਬੀਜਾਂ ਨੂੰ ਪ੍ਰਮੋਟ ਕਰਨ ਵਾਲੀਆਂ ਦਿਓ ਕੱਦ ਬਹੁਕੌਮੀ ਕੰਪਨੀਆਂ ਅਤੇ ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਵਿੱਚ ਇਹਨਾਂ ਬੀਜਾਂ ਨੂੰ ਖੇਤੀਬਾੜੀ ਖੇਤਰ ਵਿੱਚ ਉਤਾਰਨ ਦੇ ਮੁੱਦੇ ਨੂੰ ਲੈ ਕੇ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ। ਮੋਨਸੈਂਟੋ ਕੰਪਨੀ ਜਿਸ ਕੋਲ ਇਹਨਾਂ ਜੀ.ਐਮ. ਬੀਜਾਂ ਦੇ 95% ਪੇਟੈਂਟ ਹਨ ਅਤੇ ਇਸ ਕੰਪਨੀ ਦਾ ਬਜਟ 40 ਵਿਕਾਸ਼ੀਲ ਦੇਸ਼ਾਂ ਦੀ ਕੁੱਲ ਘਰੇਲੂ ਪੈਦਾਵਾਰ ਤੋਂ ਵੀ ਵੱਧ ਹੈ, ਇਹ ਕੰਪਨੀ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਇਹਨਾਂ ਬੀਜਾਂ ਨੂੰ ਲਾਗੂ ਕਰਨ ਲਈ ਸਰਕਾਰਾਂ ਤੇ ਲਗਾਤਾਰ ਦਬਾਅ ਬਣਾ ਰਹੀ ਹੈ। ਸਾਡੇ ਦੇਸ਼ ਵਿੱਚ ਵੀ ਪਿਛਲੀ ਕਾਂਗਰਸ ਸਰਕਾਰ ਸਮੇਂ ਵਾਤਾਵਰਣ ਮੰਤਰੀ ਜੈਰਾਮ ਰਮੇਸ਼ ਅਤੇ ਜੈਯੰਤੀ ਨਟਰਾਜ਼ਨ ਨੇ ਜੀ.ਐਮ. ਬੀਜਾਂ ਨੂੰ ਹਰੀ ਝੰਡੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਸ਼ਾਇਦ ਇਸੇ ਕਾਰਨ ਉਹਨਾਂ ਨੂੰ ਕ੍ਰਮਵਾਰ ਆਪਣੇ ਅਹੁਦਿਆਂ ਤੋਂ ਹੱਥ ਧੋਣਾ ਪਿਆ ਹੋਵੇ। ਪਰ ਸਰਕਾਰ ਦੇ ਅੰਤਲੇ 5-6 ਮਹੀਨਿਆਂ ਵਿੱਚ ਵਿਰੱਪਾ ਮੋਇਲੀ ਨੂੰ ਜਦੋਂ ਇਹ ਮੰਤਰਾਲਾ ਦਿੱਤਾ ਗਿਆ ਤਾਂ ਉਹਨਾਂ ਨੇ ਇਹਨਾਂ ਬੀਜਾਂ ਦੇ ਖੁੱਲ੍ਹੇ ਖੇਤ ਤਜ਼ਰਬਿਆਂ ਦੀ ਆਗਿਆ ਦੇ ਦਿੱਤੀ ਸੀ। ਜੈਨੇਟਿਕ ਇੰਜੀਨੀਅਰਿੰਗ ਐਪਰੇਜ਼ਲ ਕਮੇਟੀ ਨੇ ਬਾਇਓਟੈਕ ਕੰਪਨੀਆਂ ਨੂੰ ਜੀ. ਐਮ. ਫੀਲਡ ਤਜ਼ਰਬੇ ਕਰਨ ਤੋਂ ਪਹਿਲਾਂ ਰਾਜਾਂ ਦੀਆਂ ਸਰਕਾਰਾਂ ਤੋਂ ਐਨ. ਓ. ਸੀ ਲੈਣਾ ਜ਼ਰੂਰੀ ਕਰਾਰ ਦਿੱਤਾ ਸੀ। ਭਾਰਤ ਦੇ ਪ੍ਰਮੁੱਖ ਖੇਤੀਬਾੜੀ ਰਾਜਾਂ ਪੰਜਾਬ, ਮਹਾਂਰਾਸ਼ਟਰ ਅਤੇ ਕਰਨਾਟਕ ਆਦਿ ਰਾਜਾਂ ਦੀਆਂ ਸਰਕਾਰਾਂ ਤੋਂ ਜੀ. ਐਮ. ਬੀਜ ਕੰਪਨੀਆਂ ਖੁੱਲੇ ਖੇਤ ਤਜ਼ਰਬਿਆਂ ਦੀ ਐਨ. ਓ. ਸੀ. ਲੈਣ ਦੀ ਤਾਕ ਵਿੱਚ ਹਨ ਅਤੇ ਜਦੋਂ ਹੀ ਐਨ. ਓ. ਸੀ. ਮਿਲ ਜਾਂਦੀ ਹੈ ਤਾਂ ਇਹ ਕੰਪਨੀਆਂ ਇਹਨਾਂ ਰਾਜਾਂ ਵਿੱਚ ਆਉਂਦੇ ਸੀਜ਼ਨ ਵਿੱਚ ਹੀ ਜੀ.ਐਮ. ਬੀਜਾਂ ਦੇ ਤਜ਼ਰਬੇ ਕਰਨ ਲਈ ਕਮਰਕੱਸੇ ਕਰੀ ਬੈਠੀਆਂ ਹਨ।

ਲੋੜ ਤਾਂ ਇਹ ਸੀ ਕਿ ਖੁੱਲੇ ਖੇਤ ਤਜ਼ਰਬਿਆਂ ਤੋਂ ਪਹਿਲਾਂ ਲੈਬਾਰਟਰੀ ਵਿੱਚ ਚੂਹਿਆਂ ਤੇ ਇਹਨਾਂ ਬੀਜਾਂ ਦੇ ਤਜ਼ਰਬੇ ਕਰਕੇ ਉਹਨਾਂ ਦੀ ਸਿਹਤ ਤੇ ਪੈਣ ਵਾਲੇ ਪ੍ਰਭਾਵ ਪਰਖੇ ਜਾਂਦੇ ਅਤੇ ਰਿਪੋਰਟਾਂ ਜਨਤਕ ਕੀਤੀਆਂ ਜਾਂਦੀਆਂ। ਪਰ ਇਸ ਤਰ੍ਹਾਂ ਨਾ ਕਰਕੇ ਸਾਡੀਆਂ ਸਰਕਾਰਾਂ ਨੇ ਦੇਸ਼ ਵਾਸੀਆਂ ਨੂੰ ਕੰਪਨੀਆਂ ਸਾਹਮਣੇ ਲੈਬਾਰਟਰੀ ਦੇ ਚੂਹਿਆਂ ਸਾਮਾਨ ਤਜ਼ਰਬੇ ਕਰਨ ਲਈ ਭੇਂਟ ਕਰ ਦਿੱਤਾ ਹੈ। ਜੀ.ਐਮ. ਬੀਜਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਕੰਪਨੀਆਂ ਇਹ ਤਰਕ ਦਿੰਦੀਆਂ ਹਨ ਕਿ ਭਾਰਤ ਵਰਗੇ ਗਰੀਬ ਜਾਂ ਵਿਕਾਸ਼ੀਲ ਦੇਸ਼ਾਂ ਦੀ ਵੱਧਦੀ ਹੋਈ ਜਨਸੰਖਿਆ ਦੀਆਂ ਭੋਜਨ ਜ਼ਰੂਰਤਾਂ ਨੂੰ ਪੂਰਾ ਕਰਨ ਵਾਸਤੇ ਵੱਧ ਪੈਦਾਵਾਰ ਵਾਲੇ ਜੀ.ਐਮ. ਬੀਜ਼ ਵਰਤਣੇ ਬਹੁਤ ਜ਼ਰੂਰੀ ਹਨ। ਪਰ ਅਸੀਂ ਇਹ ਜਾਣਦੇ ਹਾਂ ਕਿ ਸਾਡੇ ਦੇਸ਼ ਵਿੱਚ ਹਰ ਸਾਲ ਲੱਖਾਂ ਟਨ ਅਨਾਜ ਗੁਦਾਮਾਂ ਵਿੱਚ ਪਿਆ ਹੀ ਸੜ ਜਾਂਦਾ ਹੈ, ਦੂਜੇ ਪਾਸੇ ਕਰੋੜਾਂ ਦੇਸ਼ਵਾਸੀ ਹਰ ਰੋਜ਼ ਭੁੱਖੇ ਸਾਉਣ ਲਈ ਮਜ਼ਬੂਰ ਹੁੰਦੇ ਹਨ। ਇਸ ਲਈ ਇਹ ਬਿਲਕੁਲ ਸਾਫ ਹੈ ਕਿ ਭੁੱਖ ਜ਼ਿਆਦਾ ਅਨਾਜ ਪੈਦਾ ਕਰਨ ਨਾਲ ਨਹੀਂ ਸਗੋਂ ਪਹਿਲਾਂ ਤੋਂ ਪੈਦਾ ਹੋ ਰਹੇ ਅਨਾਜ ਲਈ ਭ੍ਰਿਸ਼ਟਾਚਾਰ ਰਹਿਤ ਸਹੀ ਵਿਤਰਣ ਪ੍ਰਣਾਲੀ ਲਾਗੂ ਕਰਕੇ ਹੀ ਦੂਰ ਕੀਤੀ ਜਾ ਸਕਦੀ ਹੈ। ਹੁਣ ਜਦੋਂ ਅਤਿ ਜ਼ਹਿਰੀਲੀ ਹੁੰਦੀ ਜਾ ਰਹੀ ਰਸਾਇਣਕ ਖੇਤੀ ਦੇ ਦੁਰਪ੍ਰਭਾਵਾਂ ਨੂੰ ਭਾਂਪਦੇ ਹੋਏ ਕੁੱਝ ਜਾਗਰੂਕ ਸਮਾਜਕ ਜਥੇਬੰਦੀਆਂ ਅਤੇ ਜਾਗਰੂਕ ਕਿਸਾਨ ਜ਼ਹਿਰਮੁਕਤ ਕੁਦਰਤੀ ਖੇਤੀ ਅਪਨਾਉਣ ਦੇ ਉਪਰਾਲੇ ਕਰ ਰਹੇ ਹਨ ਇਸਦੇ ਉਲਟ ਸਾਡੀਆਂ ਸਰਕਾਰਾਂ ਬਿਨਾਂ ਕਿਸੇ ਪੁਖਤਾ ਰਿਪੋਰਟਾਂ ਦੇ ਖੇਤੀ ਵਿੱਚ ਗੈਰਕੁਦਰਤੀ ਜੈਨੇਟਿਕ ਕ੍ਰਾਂਤੀ ਲਿਆਉਣ ਲਈ ਕਾਹਲੀਆਂ ਨਜ਼ਰ ਆ ਰਹੀਆਂ ਹਨ।

ਵਾਤਾਵਰਣ ਵਿਗਿਆਨੀਆਂ ਅਨੁਸਾਰ ਜੀ. ਐਮ. ਫਸਲਾਂ ਜੈਵ ਵਿਭਿੰਨਤਾ ਨੂੰ ਵੱਡੀ ਪੱਧਰ ਤੇ ਨੁਕਸਾਨ ਪਹੁੰਚਾ ਸਕਦੀਆਂ ਹਨ। ਇਹਨਾਂ ਦੁਆਰਾ ਫੈਲਣ ਵਾਲੇ ਜੈਵ ਪ੍ਰਦੂਸ਼ਣ ਨੂੰ ਖਤਮ ਕਰਨਾ ਅਸੰਭਵ ਹੋ ਸਕਦਾ ਹੈ। ਕੁਦਰਤ ਨਾਲ ਕੀਤੀ ਅਜਿਹੀ ਕਿਸੇ ਵੀ ਛੇੜਛਾੜ ਨਾਲ ਮਨੁੱਖ ਜਾਤੀ ਅਤੇ ਬਾਕੀ ਜੈਵ ਸੰਸਾਰ ਲਈ ਖਤਰਨਾਕ ਨਤੀਜੇ ਸਾਹਮਣੇ ਆ ਸਕਦੇ ਹਨ। ਇਸ ਲਈ ਲੋੜ ਹੈ ਇਹਨਾਂ ਜੀ.ਐਮ. ਬੀਜਾਂ ਨੂੰ ਸਿੱਧੇ ਖੇਤਾਂ ਵਿੱਚ ਲਾਗੂ ਕਰਨ ਤੋਂ ਪਹਿਲਾਂ ਲੈਬਾਰਟਰੀ ਤਜ਼ਰਬੇ ਕਰ ਲਏ ਜਾਣ ਅਤੇ ਦੁਨੀਆਂ ਦੇ ਬਾਕੀ ਦੇਸ਼ਾਂ ਵਿੱਚ ਹੋਏ ਹੁਣ ਤੱਕ ਦੇ ਤਜ਼ਰਬਿਆਂ ਦੀਆਂ ਰਿਪੋਰਟਾਂ ਅਤੇ ਨਤੀਜਿਆਂ ਨੂੰ ਘੋਖ ਲਿਆ ਜਾਵੇ। ਜੇਕਰ ਸਮਾਂ ਰਹਿੰਦਿਆਂ ਇਹਨਾਂ ਬੀਜਾਂ ਬਾਰੇ ਸਮਾਜ, ਕਿਸਾਨ ਅਤੇ ਸਰਕਾਰਾਂ ਜਾਗਰੂਕ ਨਾ ਹੋਈਆਂ ਤਾਂ ਬੋਤਲ ਵਿੱਚੋਂ ਕੱਢਿਆ ਜਿੰਨ ਦੁਬਾਰਾ ਬੋਤਲ ਵਿੱਚ ਵਾਪਿਸ ਨਹੀਂ ਜਾਵੇਗਾ।

**ਜਾਗੋਵਾਲ ਬਾਂਗਰ,**
**98552-03575**
**ਕੁਦਰਤੀ ਖੇਤੀ ਪ੍ਰੇਮੀ (ਗੁਰਦਾਸਪੁਰ)**

## ਅੰਟਿਲਾ (ਅੰਬਾਨੀਆਂ ਦਾ ਮਹਿਲ)

- ਗੁਰਚਰਨ ਬਰਾੜ

ਅੰਟਿਲਾ
ਧਰਤੀ ਮਾਂ ਦੀ
ਹਿੱਕ 'ਚ ਖੁੱਭਿਆ ਤੀਰ
ਜਿਸਦੀ
ਜ਼ਹਿਰੀਲੀ ਨੋਕ ਵਿੱਚ
ਦਫ਼ਨ ਨੇ ਝੁੱਗੀਆਂ ਦੇ ਹਾਉਕੇ
ਸਤਾਈ ਮੰਜ਼ਲੇ ਉਸਾਰ ਵਿੱਚ
ਚਿਣੀਆਂ ਕਰੋੜਾਂ ਹਸਰਤਾਂ
ਤਿੰਨ ਹੈਲੀਪੈਡ
ਵਿਸ਼ਾਲ ਹੱਡਾਰੋੜੀ ਵਿੱਚ
ਉਤਰਨ ਵਾਲੀਆਂ ਗਿਰਝਾਂ ਲਈ

ਅੰਟਿਲਾ
ਖੁਦਗਰਜੀ ਦੀ ਧੁੰਦ
ਤ੍ਰਿਸ਼ਨਾ ਦੀ ਲਾਟ
ਸੱਤਾ ਦਾ ਧੂਆਂ
ਹਵਸ ਦਾ ਲਾਵਾ

ਅੰਟਿਲਾ
ਤੇਰੇ ਗ਼ਰਦੋ ਗੁਬਾਰ ਤੋਂ ਡਰਕੇ
ਝਾੜ ਲਏ ਬ੍ਰਿਖਾਂ ਨੇ ਆਪਣੇ ਪੱਤੇ
ਤੇਰੇ ਸੇਕ ਨਾਲ
ਪਿਘਲ ਗਈ ਬਰਫ਼ ਪਹਾੜ ਤੋਂ
ਤੇਰੀਆਂ ਸੜਕਾਂ ਨੇ
ਨਿਗ਼ਲ ਲਈਆਂ ਰੇਤ ਪਈਆਂ ਪੈੜਾਂ
ਤੇਰੇ ਸ਼ੋਰ ਤੋਂ ਭੈਅ ਖਾਂਦੀਆਂ
ਅਛੂਤ ਸ਼ਾਂਤ ਵਾਦੀਆਂ
ਤੇਰੀ ਹਵਸ ਨੇ
ਸੂਲੀ ਚੜ੍ਹਾ ਦਿੱਤਾ ਸੱਜਰੀਆਂ ਕਲੀਆਂ ਨੂੰ

ਤੇਰੀ ਉਚਾਈ ਨੇ
ਘੋਲ ਦਿੱਤੀ ਜ਼ਹਿਰ
ਪੂਰੇ ਖ਼ਲਾਅ ਅੰਦਰ
ਤੇਰੀ ਡੂੰਘਾਈ ਨੇ
ਡੀਕ ਲਈ
ਧਰਤੀ ਮਾਂ ਦੀ ਨਿਰਮਲਤਾ

ਨਦੀਆਂ ਪੀ ਕੇ ਵੀ
ਬੁਝੀ ਨਾਂ ਤੇਰੀ ਪਿਆਸ
ਜੰਗਲ ਡਕਾਰ ਕੇ ਵੀ
ਮਿਟੀ ਨਾਂ ਤੇਰੀ ਭੁੱਖ

ਯਾਦ ਰੱਖ
ਤੂੰ ਕਿੰਨਾਂ ਵੀ ਅੰਬਰ 'ਚ ਫੈਲ
ਕਿੰਨਾਂ ਵੀ ਧਰਤੀ 'ਚ ਉਤਰ
ਬਚ ਨਹੀਂ ਸਕੇਂਗਾ
ਆਪੇ ਬਾਲੀ ਅੱਗ ਤੋਂ

ਇਹ ਜੋ ਸਮੁੰਦਰ
ਭਾਫ਼ ਬਣਿਆ ਹੈ
ਤੇਰੇ ਖੌਲਦੇ ਲਾਵੇ ਨਾਲ
ਫਿਰ ਵਰ੍ਹੇਗਾ ਇੱਕ ਦਿਨ
ਸਾਡੇ ਖੇਤ ਖਲਿਆਨਾਂ ਵਿੱਚ

ਅਸਤ ਹੋ ਜਾਏਗੀ
ਤੇਰੀ ਧੁੰਦਲੀ ਹਕੂਮਤ
ਠੰਡੀ ਹਵਾ ਦਾ ਬੁੱਲਾ
ਫਿਰ ਦਸਤਕ ਦੇਵੇਗਾ
ਮਸੂਮ ਝੁੱਗੀਆਂ ਦੇ ਦਰ ਉੱਤੇ

ਤੇਰੀਆਂ ਨੀਹਾਂ ਤੋਂ
ਕਿਤੇ ਡੂੰਘਾ ਹੈ
ਸਾਡੇ ਦਰਦ ਦਾ ਪਤਾਲ
ਤੇਰੀ ਛੱਤ ਤੋਂ
ਕਿਤੇ ਉੱਚਾ ਹੈ
ਸਾਡਾ ਸੱਤਵਾਂ ਅਕਾਸ਼

ਤੇਰੀ ਹੀ ਅੱਗ ਵਿੱਚ
ਰਾਖ਼ ਹੋ ਕੇ ਰਹਿ ਜਾਏਗਾ ਤੇਰਾ ਪਸਾਰ
ਤੇ ਉਸ ਵਿੱਚ
ਫਿਰ ਉਗਣਗੇ ਕੁਕਨੂਸ ਇੱਕ ਦਿਨ

ਅੰਟਿਲਾ
ਸਚਮੁਚ ਇੱਕ ਪ੍ਰਤੀਕ
ਦੌਲਤ ਦੇ ਚੁੰਧਿਆਰੇ ਦਾ

ਅੰਟਿਲਾ
ਇੱਕ ਫੋੜਾ
ਮੁਲਕ ਦੀ ਹਥੇਲੀ ਤੇ

## ਕੌਮ ਨੂੰ ਅੱਜ ਫਿਰ

- ਬਲਬੀਰ ਜਲਾਲਾਬਾਦੀ

ਕੌਮ ਨੂੰ ਅੱਜ ਫਿਰ
ਇਕ ਮਰਦ-ਏ-ਕਾਮਿਲ ਦੀ ਲੋੜ ਹੈ
ਜੋ ਇਕ ਵਾਰੀ ਫਿਰ
ਤੰਬੂ 'ਚੋਂ ਨਿਕਲ ਕੇ
ਬਲਦੀਆਂ ਹੋਈਆਂ ਅੱਖਾਂ ਨਾਲ
ਇਹ ਹੁਕਮਨਾਮਾ ਜਾਰੀ ਕਰੇ
ਕਿ ਹੁਣ
ਇਕੱਲੇ ਸਿਰਾਂ ਦੀ ਨਹੀਂ
ਤੁਗਲਕੀ ਸੋਚਾਂ ਅਤੇ ਮਸਨੂਈ ਧੜਾਂ ਦੀ
ਬਲੀ ਦੀ ਲੋੜ ਹੈ
ਕੌਮ ਨੂੰ ਅੱਜ ਫਿਰ....

ਕੌਣ ਵਾਰਸ ਹੈ
ਇਹਨਾਂ ਹਾਰੇ ਤੇ ਹੰਭੇ ਹੋਏ ਧੜਾਂ ਦਾ
ਜਿਨ੍ਹਾਂ ਦੀਆਂ ਧਮਣੀਆਂ 'ਚ
ਉਲਬਦੇ ਹੋਏ ਲਹੂ ਦੀ ਥਾਂ
ਕਿਰਲੀਆਂ ਦੀਆਂ ਪੂਛਾਂ ਦਾ ਨਸ਼ਾ
ਸਰਸਰਾਉਂਦਾ ਹੈ
ਮੱਥਿਆਂ 'ਚ
ਸ੍ਵੈ-ਚਿੰਤਨ ਦੀ ਥਾਂ
ਕੁਕਰਮ ਅਤੇ ਕੁਰਹਿਤਾਂ ਦਾ ਪਾਰਾ
ਥਰ-ਥਰਾਉਂਦਾ ਹੈ
ਜਿਉਂਦੀਆਂ ਲਾਸ਼ਾਂ ਨੇ, ਨਾ ਜਾਣੇ
ਇਹਨਾਂ ਤੇ
ਕਿਸ ਵਲੀ ਦੀ ਰਹਿਮਤ ਦੀ ਥੋੜ ਹੈ
ਕੌਮ ਨੂੰ ਅੱਜ ਫਿਰ...

ਅਖ਼ਲਕ ਦੀ ਬਰਬਰਤਾ ਹੈ ਕਿ
ਵਿਦੇਸ਼ਾਂ ਦੇ ਲਾਲਚ ਨੇ
ਸਿਰਲੱਥ ਕੌਮ ਦੇ ਪਾਕ ਦਾਮਨ ਨੂੰ
ਦਾਗ਼ਦਾਰ ਕੀਤਾ ਹੈ
ਭਾਈਆਂ ਦੀ ਖੁਦਗਰਜ਼ੀ ਹੈ
ਕੱਚੇ ਅਨੰਦ-ਕਾਰਜਾਂ ਨੇ
ਭੈਣ-ਭਾਈ ਦੇ ਲਹੂ ਰਿਸ਼ਤੇ ਨੂੰ
ਤਾਰ-ਤਾਰ ਕੀਤਾ ਹੈ
ਹੋਰ ਕਿੱਥੋਂ ਤੱਕ ਗਿਰੇਂਗੀ ਤੂੰ, ਐ ਤਹਿਜ਼ੀਬ!
ਤੈਨੂੰ ਸੱਥ 'ਚ ਖੜ੍ਹਾ, ਪੁੱਛਦਾ
ਬਾਬਾ ਬੋਹੜ ਹੈ
ਕੌਮ ਨੂੰ ਅੱਜ ਫਿਰ...

ਫਿਜ਼ਾ ਉਦਾਸ ਹੈ ਜਿਥੇ
ਵਿਕਦੀ ਹੈ
ਕੁੱਖ ਅਤੇ ਭੁੱਖ ਦੀ ਆਬਰੂ
ਇਹ ਕੇਹਾ ਬਜ਼ਾਰ ਹੈ
ਮਨੁੱਖਤਾ ਦੀ ਸਿਰਜਕ ਤਾਂ ਹੈ
ਸਮੁੱਚੀ ਧਰਤ ਦੀ ਇਹ ਨਾਰੀ
ਮਨੁੱਖ ਹੱਥੋਂ ਹੀ ਕਿਉਂ
ਹੋ ਰਹੀ ਸ਼ਰਮਸਾਰ ਹੈ
ਇਹ ਦੇਵੀ ਹੈ ਜਾਂ ਦਾਸੀ
ਔਰਤ ਦੇ ਰੂਪ 'ਚ, ਇਹਦਾ ਹਾਰ ਰਿਸ਼ਤਾ
ਤਪੱਸਵੀ ਹੈ, ਨਿਰਛਲ ਹੈ, ਬੇਜੋੜ ਹੈ
ਕੌਮ ਨੂੰ ਅੱਜ ਫਿਰ....

96461-02122

## ਬਨਵਾਸ ਨੂੰ ਵਾਪਸੀ

- ਹਰੀ ਪਾਲ

ਤੇ ਰਾਮ ਜਦੋਂ ਮੈਂ ਤੁਰਿਆ
ਤਾਂ ਮੇਰਾ ਦਸ਼ਰਥ
ਮਹਿਲਾਂ ਤੋਂ ਛਾਲ ਨਹੀਂ ਮਾਰ ਸਕਿਆ
ਭਰੇ ਹੋਏ ਦਿਲ ਨਾਲ
ਬੱਸ ਇੰਨਾ ਹੀ ਕਹਿ ਸਕਿਆ
ਮਗਰ ਦਾ ਖ਼ਿਆਲ ਰੱਖੀਂ
ਮਿਹਨਤ ਦੀ ਕਸਰ ਨਾ ਛੱਡੀਂ
ਕੁਝ ਕੁ ਸਾਲ ਨੇ ਜਲਦੀ ਲੰਘ ਜਾਣਗੇ
ਜਦ ਆਪਣੇ ਸਿਆੜ ਕੋਲ ਆ ਜਾਣਗੇ
ਫੇਰ ਤੂੰ ਪੁੱਤਰਾ ਵਾਪਸ ਆ ਜਾਵੀਂ
ਕਿਤੇ ਉਥੇ ਦਾ ਨਾ ਹੋ ਕੇ ਰਹਿ ਜਾਵੀਂ

ਮੈਨੂੰ ਵੀ ਰਾਮ ਤੇਰੇ ਵਾਂਗ
ਦਰ ਦਰ ਭਟਕਣਾ ਪਿਆ
ਬਿਗਾਨੀਆਂ ਅੱਖਾਂ ਵਿਚ
ਵਾਰ ਵਾਰ ਖਟਕਣਾ ਪਿਆ
ਇਹ ਠੀਕ ਹੈ ਮੈਂ ਯੁਧ ਨਹੀਂ ਕੀਤਾ
ਪਰ ਬੇਬਸੀ ਦਾ ਜ਼ਹਿਰ ਹਰ ਰੋਜ਼ ਪੀਤਾ
ਮੈਨੂੰ ਗ਼ਮ ਨਹੀਂ
ਇੰਨੀ ਮਿਹਨਤ ਕਿਉਂ ਕਰਨੀ ਪਈ
ਬੱਸ ਓਪਰੇ ਜਿਹੇ ਦਿਨ ਦੀ
ਅਣਚਾਹੀ ਚੱਟੀ ਭਰਨੀ ਪਈ

ਮੇਰੇ ਲਵ ਤੇ ਕੁਸ਼ ਲਈ
ਅਯੁੱਧਿਆ ਬਿਗਾਨਾ ਹੈ
ਜੋ ਕੱਲ੍ਹ ਤੱਕ ਮੇਰਾ ਸੀ
ਇਨ੍ਹਾਂ ਲਈ ਗੁਆਚਿਆ ਤਰਾਨਾ ਹੈ
ਤੇ ਰਾਮ ਜਦੋਂ ਮੈਂ ਵਾਪਿਸ ਪਰਤਿਆ
ਤਾਂ ਰਾਵਣ ਦਾ ਗਿਆਰਵਾਂ ਸਿਰ
ਅਯੁੱਧਿਆ ਤੇ ਕਾਬਿਜ ਸੀ
ਇਹ ਕਿਹੀ ਸਾਜ਼ਿਸ਼ ਸੀ?
ਅਯੁੱਧਿਆ ਦਾ ਹਰ ਵਾਸੀ
ਇਸ ਵਿਚ ਸ਼ਾਮਲ ਸੀ

ਹਰ ਇਕ ਆਪਣਾ
ਬਿਗਾਨਾ ਲੱਗਦਾ ਸੀ
ਓਪਰਾ ਜਿਹਾ ਝਾਕਦਾ ਸੀ
ਓਪਰਾ ਜਿਹਾ ਤੱਕਦਾ ਸੀ
ਮੈਨੂੰ ਨਾ ਉਥੋਂ ਲੱਭਿਆ ਬਾਪ
ਤੇ ਨਾ ਹੀ ਲੱਭੇ ਭਰਾ
ਮੋੜੀਆਂ ਮੁਹਾਰਾਂ ਦਾ
ਮੇਰਾ ਉਡ ਗਿਆ ਚਾਅ
ਹੁਣ ਮੈਂ ਖੁਦ
ਬਨਵਾਸ ਨੂੰ ਵਾਪਸ ਆਇਆ ਹਾਂ
ਅਯੁੱਧਿਆ ਦੇ ਖ਼ਿਆਲ ਨੂੰ
ਬਹੁਤ ਦੂਰ ਟਾਲ ਆਇਆ ਹਾਂ।

## ਲੈ ਚੱਲੋ ਸਾਥੀਓ !/- ਓਮ ਪ੍ਰਕਾਸ਼ ਸ਼ਰਮਾ

ਲੈ ਚੱਲੋ ਸਾਥੀਓ!
ਮੈਨੂੰ ਇਸ ਕਾਫ਼ਲੇ ਸੰਗ

ਕਿ ਮੈਂ ਨਹੀਂ ਬਣ ਸਕਿਆ
ਬੁੱਢੇ ਬਾਪ ਦੀ ਡੰਗੋਰੀ
ਕਿ ਮੈਂ ਨਹੀਂ ਮੁੜਵਾ ਸਕਿਆ
ਗਹਿਣੇ ਪਈਆਂ ਮਾਂ ਦੀਆਂ ਮੁਰਕੀਆਂ
ਮੇਰੇ ਸਿਰ ਅਜੇ ਤੱਕ ਬਾਕੀ ਹੈ
ਭੈਣ ਦੀਆਂ ਰੱਖੜੀਆਂ ਦਾ ਉਧਾਰ
ਵਿਅਰਥ ਢੋਂਦਾ ਰਿਹਾ ਹਾਂ
ਇਹਨਾਂ ਡਿਗਰੀਆਂ ਦਾ ਭਾਰ
ਘਸ ਗਏ ਹਨ ਤਲੇ
ਰੁਜ਼ਗਾਰ ਦਫ਼ਤਰ ਦੇ ਬੂਹੇ 'ਤੇ
ਪਰ ਅੱਜ
ਸੰਘੀ ਘੁੱਟ ਕੇ ਮਾਰ ਆਇਆ ਹਾਂ
ਚਿਰਾਂ ਤੋਂ ਸਹਿਕਦੀ ਹੋਈ ਆਸ
ਤੇ ਹੁਣ ਸਾਥੀਓ!
ਲੈ ਚੱਲੋ ਮੈਨੂੰ ਇਸ ਕਾਲੇ ਸੰਗ

ਬਚਪਨ ਤੋਂ ਚੱਲ ਕੇ
ਸਿੱਧਾ ਮੁਕਾ ਲਿਆ ਹੈ
ਬੁਢਾਪੇ ਤੱਕ ਦਾ ਸਫ਼ਰ
ਪਤਾ ਨਹੀਂ ਲੰਘ ਗਈ ਹੈ
ਜਾਂ ਫਿਰ ਅਜੇ ਆਉਣੀ ਹੈ
ਜਵਾਨੀ ਨਾਂ ਦੀ ਮੰਜ਼ਲ
ਮੈਂ ਤਾਂ ਏਨਾ ਹੀ ਜਾਣਦਾ ਹਾਂ
ਕਿ ਸਮੇਂ ਦੀ ਲੋਅ ਵਿਚ
ਸਾਂਭਦਿਆਂ ਵੀ ਤਿੜਕ ਗਿਆ ਹੈ
ਮੇਰਾ ਮਹਿਬੂਬ ਦਾ ਸੁਪਨਾ
ਪਰ ਹੁਣ ਸਾਂਭ ਕੇ ਲੈ ਤੁਰਿਆ ਹਾਂ
ਦਿਲ ਵਿਚ ਬਦਲੇ ਦੀ ਅੱਗ
ਤੇ ਹੁਣ ਸਾਥੀਓ!
ਲੈ ਚੱਲੋ ਮੈਨੂੰ ਇਸ ਕਾਫ਼ਲੇ ਸੰਗ

ਖੁਦ ਤਾਂ ਵਸਦਿਆਂ 'ਚ ਵੀ ਦਾਖਲ ਨਹੀਂ
ਪਰ ਅਜੇ ਕਿਓਟਣੀ ਬਾਕੀ ਹੈ
ਕਬੀਲਦਾਰੀ ਬਾਪੂ ਦੀ

ਇਕ ਮਿਹਣਾ ਬਣ ਗਈ ਹੈ ਯਾਰੋ!
ਬੂਹੇ ਤੇ ਬੈਠੀ ਭਰ ਜਵਾਨੀ ਮਾਂ ਜਾਈ
ਬੈਂਕ ਦੀ ਜਾੜ੍ਹ ਥੱਲੇ ਆ ਗਿਆ ਹੈ
ਭੋਇੰ ਦਾ ਇਕ ਇਕ ਓਰਾ
ਤੇ ਹੁਣ ਤਾਂ ਚੱਲ ਵੀ ਪਿਆ ਹੈ
ਘਰਾਂ ਦੀ ਕੁਰਕੀ ਦਾ ਦੌਰ
ਮੇਰੀਆਂ ਅੱਖਾਂ ਦਾ ਸਾਹਵੇਂ ਹੀ
ਖੋਹਲੇ ਜਾ ਰਹੇ ਨੇ
ਬਾਪੂ ਦੇ ਲਾਡਲੇ ਵਹਿੜੇ

ਇਸ ਜੀਣ ਨੂੰ ਵੀ
ਕੀ ਜੀਣਾ ਹੀ ਕਹੀਏ ਦੋਸਤੋ
ਕਿ ਖੜ੍ਹੇ ਵੇਖੀ ਜਾਣਾ
ਚੌਧਰੀਆਂ ਦੇ ਪੈਰਾਂ 'ਚ ਰੁਲਦੀ
ਬਾਪੂ ਦੀ ਪੱਗ
ਤੇ ਮਾਂ ਦੀ ਚੁੰਨੀ
ਸਬਰ ਦੀ ਵੀ ਕੋਈ ਹੱਦ ਹੁੰਦੀ ਹੈ
ਦੋਸਤੋ!
ਕਿ ਲੈ ਚੱਲੋ ਮੈਨੂੰ ਇਸ ਕਾਫ਼ਲੇ ਸੰਗ।

## ਕੋਲੰਬਸ ਦੇ ਪਦ-ਚਿੰਨ !/- ਇਕਬਾਲ ਖਾਨ

ਦਸੰਬਰ ਦਾ ਮਹੀਨਾ
ਕ੍ਰਿਸਮਿਸ ਦੇ ਦਿਨ
ਇਹ ਉਤਰੀ ਅਮਰੀਕਾ ਦੇ ਦੇਸ਼
ਕੈਨੇਡਾ ਹੈ,
ਬੜਾ ਹੀ ਵਿਸ਼ਾਲ
ਉੱਤਰੀ ਧਰੁਵ ਤੱਕ ਫੈਲਿਆ ਹੋਇਆ
ਜਾਂ ਮੰਦਰ ਦੇ ਟੱਲ ਵਾਂਗ
ਉਤਰੀ ਧਰੁੱਵ ਨਾਲ ਲਟਕਦਾ ਹੋਇਆ
ਉਤਰੀ ਧਰੁੱਵ
ਜੋ ਬਰਫ਼ ਦੀ ਸਿਲ ਹੈ
ਠੰਡੀ-ਜਖ਼ ਜੰਮੀ ਹੋਈ।

ਘਰ ਦੇ ਨਿੱਘੇ ਦਲਾਨ ਵਿਚ
ਕ੍ਰਿਸਮਿਸ ਦੇ ਬੂਟੇ ਕੋਲ ਬੈਠਾ
ਮੈਂ ਸਾਮਣੀ ਤਾਕੀ 'ਚੀਂ
ਬਾਹਰ, ਪੈਂਦੀ ਬਰਫ਼ ਤੱਕ ਰਿਹਾ ਹਾਂ
ਉਫ਼! ਕਿੰਨੀ ਠੰਢ ਹੈ,
ਪਰ ਮੈਂ
ਇਥੋਂ ਦੇ ਅਸਲ ਵਸਨੀਕਾਂ ਦੇ
ਅੰਦਰਲੀ ਠੰਢ ਨੂੰ ਮਹਿਸੂਸ ਕਰਦਿਆਂ
ਲਰਜ਼ਾ ਜਾਂਦਾ ਹਾਂ!
ਇਕ ਝੁਣ-ਝੁਣੀ ਜਿਹੀ
ਸਾਰੇ ਸਰੀਰ ਵਿਚ
ਕੰਬਣੀ ਛੇੜ ਦਿੰਦੀ ਹੈ :
'ਬੇਚਾਰੇ, ਆਪਣੇ ਘਰ ਵਿਚ ਹੀ
ਬੇਘਰੇ ਲੋਕ',
ਇਨ੍ਹਾਂ ਲੋਕਾਂ ਨੂੰ
ਅੰਗਰੇਜ਼ੀ, ਫਰੈਂਚ ਜਾਂ ਸਪੈਨਿਸ਼ ਬੋਲਦਿਆਂ
ਤੱਕ-ਸੁਣ, ਮੈਂ ਸੋਚਦਾ ਹਾਂ
ਮੈਂ ਬੋਲੀ ਤਾਂ ਮਾਂ ਹੁੰਦੀ ਹੈ
ਇਹ ਜੋ ਮਜਬੂਰੀ ਵੱਸ
ਦੂਜਿਆਂ ਦੀਆਂ ਮਾਵਾਂ ਦੀਆਂ
ਗੋਦਾਂ ਵਿਚ ਡਿੱਗੇ ਪਏ ਹਨ
ਇਨ੍ਹਾਂ ਦੀ ਮਾਂ
ਉਮਰ ਹੰਢਾ ਨਹੀਂ ਮਰੀ ਸੀ
ਸਗੋਂ ਕਤਲ ਕੀਤੀ ਗਈ ਸੀ।
ਬਾਹਰ, ਬਰਫ਼ ਲਾਲੋ-ਲਾਲ
ਹੋਈ ਪਈ ਹੈ
ਘਰਾਂ ਦੀਆਂ ਤਿਰਛੀਆਂ ਛੱਤਾਂ ਤੋਂ ਵੀ
ਖ਼ੂਨ ਚੋਂਦਾ ਹੈ

ਇਸ ਖ਼ੂਨ, ਮਿੱਝ ਅਤੇ
ਬਰਫ਼ ਦੇ ਗਾਰੇ ਵਿਚ
ਮੈਂ ਕੋਲੰਬਸ ਦੇ ਪਦ-ਚਿੰਨ ਦੇਖਦਾ ਹਾਂ
ਡਾਇਨਾਸੋਰ ਦੇ ਪਦ-ਚਿੰਨਾਂ ਜਿਹੇ
ਦੈਂਤੀ ਪਦ-ਚਿੰਨ।

## ਧਰਤੀ ਮਾਂ ਦੀ ਦੁਰਦਸ਼ਾ/- ਦਲਵੀਰ ਸਿੰਘ

ਮੈਂ ਧਰਤੀ ਮਾਂ
ਬੋਲੀ ਉੱਠੀ
ਥੱਕ ਹਾਰ ਕੇ

ਮੇਰੀਆਂ ਅੱਖਾਂ ਅੱਗੇ
ਕਤਲ ਹੁੰਦੇ ਨੇ
ਕੁੱਖਾਂ
ਘਰਾਂ
ਥਾਣੇ
ਅਤੇ ਕਚਹਿਰੀਆਂ ਵਿਚ

ਖੇਡ ਨੀ ਸਕਦੇ ਬਾਲ
ਬੇਫਿਕਰ ਹੋ ਕੇ
ਡਰ ਲੱਗਦੈ
ਸ਼ੈਤਾਨ ਨਿਗਲ ਨਾ ਜਾਵੇ
ਅਸਮਾਨ ਚੁਰਾ ਨਾ ਲਵੇ

ਹੁਣ ਲੋਕ ਕਹਿੰਦੇ ਨੇ
ਮਾਂ ਗੁਲਾਮ ਐ
ਰਾਖੀ ਨੀ ਕਰ ਸਕਦੀ
ਸੱਚ ਮੁੱਚ ਮੈਨੂੰ
ਸ਼ਰਮ ਆਉਂਦੀ ਐ

ਕੁਝ ਸਾਲਾਂ ਤੋਂ
ਭੁੱਖ ਮੈਂ
ਰੱਜ ਨੀ ਖਾਧਾ
ਖਾਣਾ ਕਦੇ
ਅੱਗ ਲਈ ਲੱਕੜ ਨੀ
ਪਾਣੀ ਗੰਦਾ ਏ
ਜੀਅ ਨੀ ਕਰਦਾ
ਕੁਝ ਖਾਣ ਲਈ
ਜਾ ਪੀਣ ਲਈ

ਧਨਾਢ ਲੋਕ
ਮਰਜ਼ੀ ਕਰਦੇ ਨੇ
ਮੇਰਾ ਜਿਸਮ ਚੀਰ ਕੇ
ਮੁਸ਼ਕਣ ਲਈ ਛੱਡਦੇ
ਐ
ਮੇਰਾ ਸਰੀਰ

ਝੱਲਿਆ ਨੀ ਜਾਂਦਾ
ਦੁੱਖਾਂ ਦਾ ਭਾਰ
ਬੁੱਢੀ ਉਮਰੇ

ਮੈਂ ਧਰਤੀ ਮਾਂ
ਬੋਲ ਉੱਠੀ
ਥੱਕ ਹਾਰ ਕੇ

95010-13036



# ਕੀ ਵਿਗਿਆਨਕ ਖੋਜਾਂ ਪਹਿਲਾਂ ਹੀ ਗ੍ਰੰਥਾਂ ਸ਼ਾਸ਼ਤਰਾਂ ਵਿੱਚ ਦਰਜ ਹਨ?



ਗੁਰਚਰਨ ਨੂਰਪੁਰ

ਧਰਮ ਅਤੇ ਵਿਗਿਆਨ ਕਦੇ ਵੀ ਇੱਕ ਨਹੀਂ ਰਹੇ। ਧਰਮ ਦਾ ਸਾਰਾ ਸਾਰ ਵਿਸ਼ਵਾਸ਼ ਕਰਨ ਤੇ ਹੈ ਜਦਕਿ ਕਿ ਵਿਗਿਆਨ ਦਾ ਜਨਮ ਹੀ ਸੱਦੀ ਨਜਰ ਤੋਂ ਹੁੰਦਾ ਹੈ। ਧਰਮ ਨੇ ਕਿਹਾ ਜੋ ਵਿਸ਼ਵਾਸ਼ ਕਰਨਗੇ ਉਹ ਪਰਮਅਵਸਥਾ ਵਿੱਚ ਪ੍ਰਵੇਸ਼ ਕਰਨਗੇ। ਵਿਗਿਆਨ ਨੇ ਕਿਹਾ ਕਿ ਜੇਕਰ ਕੁਝ ਨਵਾਂ ਖੋਜਣਾ ਹੈ ਸਭ ਤੋਂ ਪਹਿਲਾਂ ਵਿਸ਼ਵਾਸ਼ ਨੂੰ ਤਿਆਗਣਾ ਪਵੇਗਾ, ਪਹਿਲਾਂ ਬਣੀਆਂ ਰੂੜੀਵਾਦੀ ਧਾਰਨਾਵਾਂ ਤੇ ਸ਼ੁਰੂ ਕਰਨਾ ਪਵੇਗਾ। ਮਨੁੱਖ ਨੇ ਅੱਜ ਤਕ ਜੋ ਕੁਝ ਨਵਾਂ ਖੋਜਿਆ ਹੈ ਇਹ ਇਹਦੇ **ਸ਼ੱਕਰਨ** ਦਾ ਨਤੀਜਾ ਹੈ। ਵਿਸ਼ਵਾਸ਼ ਨਾ ਕਰਨ ਦਾ ਨਤੀਜਾ ਹੈ।

ਧਰਮ ਨੇ ਮਨੁੱਖ ਬਾਰੇ ਕਿਹਾ ਕਿ "ਜੰਮਣ ਤੋਂ ਪਹਿਲਾਂ ਜਦੋਂ ਤੂੰ ਮਾਂ ਦੇ ਗਰਭ ਵਿੱਚ ਸੀ ਤਾਂ ਤੇਰੇ ਮੂੰਹ ਵਿੱਚ ਗੰਦ ਮੰਦ ਜਾਂਦਾ ਸੀ। ਤੂੰ ਇਸ ਕੁੰਭੀ ਨਰਕ ਵਿੱਚ ਪੁੱਠਾ ਲਟਕਿਆ ਹੋਇਆ ਸੀ। ਤੂੰ ਅਰਦਾਸਾਂ ਬੇਨਤੀਆਂ ਕਰਦਾ ਸੈਂ ਕਿ ਭਗਵਾਨ ਮੈਨੂੰ ਇਸ ਨਰਕ 'ਚੋਂ ਬਾਹਰ ਕੱਢ। ਬਾਹਰ ਆ ਕੇ ਮੈਂ ਤੇਰਾ ਨਾਮ ਜਪਾਂਗਾ। ਪਰ ਤੂੰ ਜਨਮ ਲੈਣ ਤੋਂ ਬਾਅਦ ਦੁਨੀਆਂ ਦੇ ਰੰਗ ਤਮਾਸ਼ਿਆਂ ਵਿੱਚ ਗਲਤਾਨ ਹੋ ਗਿਆ।" ਵਿਗਿਆਨ ਦੇ ਚਾਨਣ ਵਿੱਚ ਅਸੀਂ ਦੇਖਿਆ ਕਿ ਮਾਂ ਦਾ ਪੇਟ ਕੁੰਭੀ ਨਰਕ ਨਹੀਂ ਹੈ। ਵਿਗਿਆਨ ਨੇ ਸਾਨੂੰ ਦਿਖਾਇਆ ਮਾਂ ਦੇ ਪੇਟ ਵਿੱਚ ਬੱਚੇ ਦੇ ਦੁਆਲੇ ਇੱਕ ਪਤਲਾ ਝਿੱਲੀਦਾਰ ਪਰਦਾ ਹੁੰਦਾ ਹੈ ਜਿਹੜਾ ਬੱਚੇ ਦੀ ਹਰ ਤਰ੍ਹਾਂ ਸੁਰੱਖਿਆ ਕਰਦਾ ਹੈ। ਉਹਦੇ ਮੂੰਹ ਵਿੱਚ ਕੋਈ ਗੰਦ ਮੰਦ ਨਹੀਂ ਜਾਂਦਾ ਉਹ ਨਾੜੂਏ ਰਾਹੀਂ ਖੁਰਾਕ ਲੈਂਦਾ ਹੈ। ਕਿਲਕਾਰੀਆਂ ਮਾਰਦਾ ਬੱਚਾ ਮਾਂ ਦੇ ਪੇਟ ਵਿੱਚ ਦੀ ਮੁਸਕਾਉਂਦਾ ਹੈ ਸੁਪਨੇ ਦੇਖਦਾ ਹੈ। ਅਸੀਂ ਉਸ ਨੂੰ ਵਿਗਿਆਨ ਦੇ ਚਾਨਣ ਸਦਕਾ ਵੇਖ ਸਕਦੇ ਹਾਂ ਉਹ ਕਿਸੇ ਭਗਵਾਨ ਦੇ ਤਰਲੇ ਨਹੀਂ ਲੈ ਰਿਹਾ ਹੁੰਦਾ, ਜਿਵੇਂ ਕਿ ਸਾਡੇ ਗ੍ਰੰਥਾਂ ਸ਼ਾਸ਼ਤਰਾਂ ਵਿੱਚ ਦਰਜ ਹੈ। ਅੱਜ ਤੋਂ ਕੁਝ ਦਹਾਕੇ ਪਹਿਲਾਂ ਜਦੋਂ ਕਿਸੇ ਕਾਰਨ ਕਰਕੇ ਬੱਚੇ ਨੇ ਨੌਂ ਮਹੀਨੇ ਤੋਂ ਪਹਿਲਾਂ ਜਨਮ ਲਿਆ ਤਾਂ ਉਹ ਮਾਸੂਮ ਕੁਝ ਦੇਰ ਸਹਿਕਿਆ ਤੇ ਮਰ ਗਿਆ। ਇਹ ਸਦੀਆਂ ਤਕ ਚਲਦਾ ਰਿਹਾ। ਧਰਮ ਨੇ ਇੱਥੇ ਕਿਹਾ ਕਿ ਲਿਖੀ ਏਨੀ ਸੀ ਤੇ ਲਿਖੀ ਨੂੰ ਟਾਲਣ ਵਾਲਾ ਅੱਜ ਤਕ ਕੋਈ ਜੰਮਿਆ ਨਹੀਂ। ਇੱਥੇ ਜਦੋਂ ਵਿਗਿਆਨ ਹਾਜਰ ਹੋਇਆ ਤਾਂ ਉਸ ਨੇ ਮਾਂ ਦੇ ਗਰਭ ਜਿਹੀ ਵਿਵਸਥਾ ਵਾਲੀ (Inkubator) ਮਸ਼ੀਨ ਦੀ ਕਾਢ ਕੱਢੀ ਜਿਸ ਨਾਲ ਲੱਖਾਂ ਹੀ ਜਨਮ ਤੋਂ ਪਹਿਲਾਂ ਪੈਦਾ ਹੋਣ ਵਾਲੇ ਬੱਚਿਆਂ ਨੂੰ ਵਿਗਿਆਨ ਨੇ ਆਸਰਾ ਦੇ ਕੇ ਬਚਾ ਲਿਆ। ਜਿਸ ਅਵਸਥਾ ਨੂੰ ਧਰਮ ਨੇ ਕੁੰਭੀ ਨਰਕ ਕਿਹਾ ਸੀ। ਅੱਜ ਬੱਚਿਆਂ ਦੇ ਹਸਪਤਾਲਾਂ ਵਿੱਚ ਪਈਆਂ ਅਜਿਹੀਆਂ ਮਸ਼ੀਨਾਂ ਲੱਖਾਂ ਬੱਚਿਆਂ ਲਈ ਜੀਵਨਦਾਨ ਸਾਬਤ ਹੋਈਆਂ, ਜਦਕਿ ਧਰਮ ਦੀ ਨਿਗ੍ਹਾ ਵਿੱਚ ਇਹ ਅਵਸਥਾ ਕੁੰਭੀ ਨਰਕ ਹੈ।

ਦਰਅਸਲ ਜਿਸ ਤਰ੍ਹਾਂ ਦੀ ਦੁਨੀਆਂ ਨੂੰ ਅਸੀਂ ਅੱਜ ਦੇਖ ਰਹੇ ਹਾਂ ਇਹ ਸਦਾ ਤੋਂ ਅਜਿਹੀ ਨਹੀਂ ਸੀ। ਵਿਗਿਆਨ ਨੇ ਸਾਨੂੰ ਦੱਸਿਆ ਕਿ ਬ੍ਰਹਿਮੰਡ ਦਾ ਹਰ ਜਰ੍ਹਾ ਵਿਕਾਸ ਕਰ ਰਿਹਾ ਹੈ। ਮਨੁੱਖੀ ਸਭਿਅਤਾ ਨੇ ਵੀ ਲਗਾਤਾਰ ਲੰਬੇ ਸੰਘਰਸ਼ਾਂ ਔਕੜਾਂ ਮੁਸੀਬਤਾਂ ਨੂੰ ਪਾਰ ਕਰਦਿਆਂ ਵਿਕਾਸ ਕੀਤਾ ਅਤੇ ਕੰਪਿਊਟਰ ਅਤੇ ਸਾਇੰਸ ਦੇ ਇਸ ਯੁੱਗ ਵਿੱਚ ਪ੍ਰਵੇਸ਼ ਕੀਤਾ। ਅੱਜ ਦਾ ਮਨੁੱਖ ਪੁਲਾੜੀ ਵਾਹਨ ਅਤੇ ਹਵਾਈ ਜਹਾਜ਼ ਵਿੱਚ ਸਫਰ ਕਰਦਾ ਹੈ। ਇਸ ਤੋਂ ਪਹਿਲਾਂ ਸਾਡੇ ਵੱਡੇ ਵਡੇਰੇ ਬੇੜੀਆਂ, ਬੈਲ ਗੱਡੀਆਂ ਤੇ ਸਫਰ ਕਰਦੇ ਸਨ। ਜੇਕਰ ਇਸ ਤੋਂ ਪਿੱਛੇ ਜਾਈਏ ਤਾਂ ਮਨੁੱਖ ਦੀ ਸਵਾਰੀ ਕਰਨ ਲਈ ਸਿਰਫ ਘੋੜਾ ਅਤੇ ਊਠ ਸਨ। ਕੋਈ ਸਮਾਂ ਅਜਿਹਾ ਵੀ ਸੀ ਜਦੋਂ ਮਨੁੱਖ ਨੂੰ ਇੰਨੀ ਸਮਝ ਵੀ ਨਹੀਂ ਸੀ ਕਿ ਕਿਸੇ ਜਾਨਵਰ ਨੂੰ ਪਾਲਤੂ ਵੀ ਬਣਾਇਆ ਜਾ ਸਕਦਾ ਹੈ। ਇਸ ਤੋਂ ਪਿੱਛੇ ਕੋਈ ਅਜਿਹਾ ਸਮਾਂ ਅਜਿਹਾ ਸੀ ਜਦੋਂ ਅਜੇ ਮਨੁੱਖ ਨੂੰ ਘਰ ਬਣਾ ਕੇ ਰਹਿਣ ਦੀ ਸਮਝ ਵੀ ਨਹੀਂ ਸੀ। ਆਦਿ ਕਾਲ ਦਾ ਮਾਨਵ ਪਹਾੜਾਂ ਦੀਆਂ ਗੁਫਾਵਾਂ, ਖੁੰਦਰਾਂ ਵਿੱਚ ਰਹਿੰਦਾ ਸੀ। ਉਸ ਨੂੰ ਅੱਗ ਬਾਲਣ ਦੀ ਅਜੇ ਸੋਝੀ ਨਹੀਂ ਸੀ ਉਹ ਸਾਰਾ ਦਿਨ ਸ਼ਿਕਾਰ ਦੀ ਭਾਲ ਵਿੱਚ ਇਧਰ ਉਧਰ ਜੰਗਲ ਬੇਲਿਆਂ, ਨਦੀਆਂ ਦਰਿਆਵਾਂ ਦੇ ਕੰਢਿਆਂ ਦੇ ਆਸ ਪਾਸ ਭਟਕਦਾ। ਉਹ ਦੂਜੇ ਜਾਨਵਰਾਂ ਜਿਹਾ ਇੱਕ ਜਾਨਵਰ ਹੀ ਸੀ। ਇਸ ਅਵਸਥਾ ਵਿੱਚ ਉਸ ਦੇ ਹਜ਼ਾਰਾਂ ਸਾਲ ਬੀਤੇ। ਇਸ ਸਮੇਂ ਤੱਕ ਉਸ ਨੂੰ ਕਿਸੇ ਧਰਮ ਜਾਂ ਰੱਬ ਦਾ ਚਿੱਤ ਚੇਤਾ ਵੀ ਨਹੀਂ ਸੀ। ਮਨੁੱਖ ਦੀ ਸਮਝ ਵਧੀ ਉਸ ਨੇ ਵੇਖਿਆ ਕਿ ਉਸ ਦੇ ਆਲੇ ਦੁਆਲੇ ਵਾਪਰਦੇ ਕੁਦਰਤੀ ਵਰਤਾਰੇ ਉਸ ਦੀ ਸੋਚ ਨੂੰ ਹੈਰਾਨ ਕਰਦੇ। ਮਨੁੱਖ ਨੇ ਇਹਨਾਂ ਵਰਤਾਰਿਆਂ ਨੂੰ ਸੰਚਾਲਿਤ ਕਰਨ ਵਾਲੀਆਂ ਵੱਖ ਵੱਖ ਸ਼ਕਤੀਆਂ ਦੀ ਕਲਪਨਾ ਕੀਤੀ। ਜਿਹਨਾਂ ਨੂੰ ਉਸ ਨੇ ਬਾਅਦ ਵਿੱਚ ਵੱਖ ਵੱਖ ਦੇਵਤਿਆਂ ਦੀਆਂ ਉਪਾਧੀਆਂ ਦਿੱਤੀਆਂ। ਦੁਨੀਆਂ ਭਰ ਦੇ ਲੋਕਾਂ ਦੇ ਇਤਿਹਾਸ ਮਿਥਿਹਾਸ ਤੇ ਨਜਰ ਮਾਰਦਿਆਂ ਪਤਾ ਚਲਦਾ ਹੈ ਕਿ ਵੱਖ ਵੱਖ ਖਿੱਤਿਆਂ ਦੇ ਲੋਕਾਂ ਦੇ ਦੇਵਤੇ ਅਤੇ ਉਹਨਾਂ ਦੇ ਸੁਭਾਅ ਵੱਖ ਵੱਖ ਸਨ। ਲੋਕ ਦੇਵਤਿਆਂ ਦੀ ਕਰੋਪੀ ਤੋਂ ਬਚਣ ਅਤੇ ਇਹਨਾਂ ਦੀ ਕ੍ਰਿਪਾ ਹਾਸਲ ਕਰਨ ਲਈ ਇਹਨਾਂ ਨੂੰ ਜੀਵਾਂ ਦੀਆਂ ਬਲੀਆਂ ਦੇਂਦੇ। ਇਹਨਾਂ ਦੀ ਪੂਜਾ ਕਰਦੇ, ਇਹਨਾਂ ਨੂੰ ਵੱਸ 'ਚੋਂ ਕਰਨ ਲਈ ਮੰਤਰ ਫੂਕਦੇ। ਅਜਿਹੇ ਕਰਮਕਾਡਾਂ ਤੋਂ ਹੀ ਧਰਮ ਦਾ ਜਨਮ ਹੋਇਆ। ਧਰਮ ਕਰਮ ਨਾਲ ਸਬੰਧਤ ਕੀਤੇ ਜਾਣ ਵਾਲੇ ਅੱਜ ਦੇ ਪਾਠ, ਪੂਜਾ ਅਤੇ ਰੱਬ ਨੂੰ ਖੋਜਣ ਦੇ ਕਰਮਕਾਂਡ ਅਸਲ ਵਿੱਚ ਪੁਰਾਤਨ ਸਮੇਂ ਦੌਰਾਨ ਕੀਤੇ ਜਾਣ ਵਾਲੇ ਜੰਤਰ ਮੰਤਰ ਦਾ ਹੀ ਸੁਧਰਿਆ ਹੋਇਆ ਰੂਪ ਹਨ।

ਵਿਗਿਆਨ ਨੇ ਮਨੁੱਖੀ ਸਭਿਅਤਾ ਨੂੰ ਨਵੇਂ ਅਰਥ ਦਿੱਤੇ। ਜੇਕਰ ਅੱਜ ਮਨੁੱਖ ਗੁਫਾਵਾਂ 'ਚੋਂ ਨਿਕਲ ਕੰਪਿਊਟਰ ਦੇ ਯੁੱਗ ਵਿੱਚ ਪ੍ਰਵੇਸ਼ ਕਰ ਗਿਆ ਹੈ ਤਾਂ ਇਸ ਪਿੱਛੇ ਵਿਗਿਆਨ ਦਾ ਹੱਥ ਹੈ। ਵਿਗਿਆਨ ਨੇ ਮਨੁੱਖੀ ਜ਼ਿੰਦਗੀ ਦਾ ਮੂੰਹ ਮੁਹਾਂਦਰਾ ਹੀ ਬਦਲ ਦਿੱਤਾ। ਵਿਗਿਆਨ ਸੁਣੀਆਂ ਸੁਣਾਈਆਂ ਗੱਲਾਂ 'ਤੇ ਵਿਸ਼ਵਾਸ਼ ਕਰ ਲੈਣ ਦਾ ਨਾਮ ਨਹੀਂ ਬਲਕਿ ਹਰ ਇਕ ਵਰਤਾਰੇ ਦੀ ਤਹਿ ਤਕ ਜਾ ਕੇ ਉਸ ਦੇ ਕਾਰਨਾਂ ਦੀ ਥਾਹ ਪਾਉਣ ਦੀ ਪ੍ਰੀਕਿਰਿਆ ਹੈ। ਵਿਗਿਆਨ ਇੱਕ ਅਜਿਹਾ ਚਾਨਣ ਹੈ ਜਿਸ ਦੇ ਝਲਕਾਰੇ ਨਾਲ ਕੁਦਰਤ ਅਤੇ ਸਾਡੇ ਜੀਵਨ ਦੇ ਅਨੇਕਾਂ ਗੁੱਝੇ ਭੇਦ ਸਾਡੇ ਸਾਹਵੇਂ ਪ੍ਰਗਟ ਹੋ ਗਏ ਤੇ ਅਸੀਂ ਆਵਾਕ ਰਹਿ ਗਏ। ਦੂਜੇ ਪਾਸੇ ਅੰਧਵਿਸ਼ਵਾਸ਼ ਨੂੰ ਅਸੀਂ ਹਨੇਰੇ ਦਾ ਇੱਕ ਅਜਿਹਾ ਗੁਬਾਰ ਕਹਿ ਸਕਦੇ ਹਾਂ ਜੋ ਮਨੁੱਖੀ ਸੋਚ ਨੂੰ ਰੂੜੀਵਾਦੀ ਅਤੇ ਪਿਛਾਂਹ ਖਿੱਚੂ ਬਣਾਉਂਦਾ ਹੈ। ਇਤਿਹਾਸ ਗਵਾਹ ਹੈ ਕਿ ਜਿਵੇਂ ਜਿਵੇਂ ਮਨੁੱਖ ਦਾ ਵਿਕਾਸ ਹੁੰਦਾ ਗਿਆ ਉਹ ਨਵੇਂ ਸਾਧਨਾਂ ਦੇ ਨਾਲ ਨਾਲ ਨਵੇਂ ਵਿਚਾਰਾਂ ਨੂੰ ਵੀ ਅਪਨਾਉਂਦਾ ਰਿਹਾ ਹੈ। ਧਾਰਮਿਕ ਅਤੇ ਅੰਧਵਿਸ਼ਵਾਸੀ ਵਿਚਾਰਧਾਰਾ ਨਵੇਂ ਵਿਚਾਰਾਂ ਦਾ ਹਮੇਸ਼ਾਂ ਵਿਰੋਧ ਕਰਦੀ ਆਈ ਹੈ। ਬਰੂਨੋ, ਕਾਪਰਨੀਕਸ (ਸੰਨ 1473), ਗਲੈਲੀਓ (ਸੰਨ 1564) ਆਦਿ ਵਿਗਿਆਨੀਆਂ ਨੇ ਧਰਤੀ, ਚੰਦ, ਸੂਰਜ ਅਤੇ ਹੋਰ ਗ੍ਰਹਿਾਂ ਬਾਰੇ ਨਵੀਂ ਜਾਣਕਾਰੀ ਨਾਲ ਭਰਪੂਰ ਖੋਜਾਂ ਕੀਤੀਆਂ ਅਤੇ ਦੱਸਿਆ ਕਿ ਸੂਰਜ ਮੰਡਲ ਦਾ ਕੇਂਦਰ ਧਰਤੀ ਨਹੀਂ ਬਲਕਿ ਸੂਰਜ ਹੈ। ਪਰ ਉਸ ਸਮੇਂ ਦੀ ਧਾਰਮਿਕ ਜਮਾਤ ਨੇ ਇਹਨਾਂ ਮਹਾਨ ਵਿਗਿਆਨੀਆਂ ਨੂੰ ਸਖਤ ਤਸੀਹੇ ਦਿੱਤੇ। ਗਲੈਲੀਓ ਨੂੰ ਸਮੇਂ ਦੀ ਅਖੌਤੀ ਧਾਰਮਿਕ ਜਮਾਤ ਨੇ ਲਗਾਤਾਰ ਲੰਬਾਂ ਸਮਾਂ ਬੰਦੀ ਬਣਾਇਆ। ਉਸ ਤੇ ਅੰਨਾ ਤਸ਼ੱਦਦ ਕੀਤਾ ਅਤੇ ਅੰਤ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਅੱਜ ਦੁਨੀਆਂ ਭਰ ਦੇ ਦੇਸ਼ ਇਹ ਮੰਨਦੇ ਹਨ ਕਿ ਹੁਣ ਪਾਗਲਖਾਨਿਆਂ ਦੀ ਲੋੜ ਨਹੀਂ। ਇਹ ਬਿਮਾਰੀ ਹੁਣ ਇਲਾਜਯੋਗ ਹੈ ਪਰ ਇਸ ਦਾ ਸਿਹਰਾ ਮਨੋਵਿਗਿਆਨ ਦਾ ਮੋਢੀ ਡਾ: ਸਿਗਮੰਡ ਫਰਾਇਡ (ਸੰਨ1856) ਨੂੰ ਜਾਂਦਾ ਹੈ। ਫਰਾਇਡ ਨੂੰ ਆਪਣੀਆਂ ਖੋਜਾਂ ਕਰਕੇ ਧਾਰਮਿਕ ਜਨੂੰਨੀਆਂ ਦੇ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸੇ ਤਰ੍ਹਾਂ ਡਾਰਵਿਨ ਚਾਰਲਸ (ਸੰਨ 1889) ਨੇ ਆਪਣੀ ਜੀਵ ਵਿਕਾਸ ਦੀ ਖੋਜ ਨਾਲ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ। ਪਰ ਉਸ ਸਮੇਂ ਦੀ ਧਾਰਮਿਕ ਜਮਾਤ ਨੇ ਇਹਨਾਂ ਮਹਾਨ ਵਿਗਿਆਨੀਆਂ ਦੀਆਂ ਲਿਖਤਾਂ ਨੂੰ ਗਲੀਆਂ, ਬਜਾਰਾਂ, ਚੌਰਾਹਿਆਂ ਵਿੱਚ ਰੱਖ ਕੇ ਸਾੜਿਆ। ਇਹਨਾਂ ਨੂੰ ਜਾਨੋ ਮਾਰਨ ਦੀ ਧਮਕੀਆਂ ਦਿੱਤੀਆਂ। ਇਹਨਾਂ ਦੇ ਪ੍ਰਕਾਸ਼ਨ ਤੇ ਪਾਬੰਦੀਆਂ ਲਗਵਾਈਆਂ। ਇਸ ਤੋਂ ਇਲਾਵਾ ਅੱਜ ਜੋ ਅਸੀਂ ਡਾਕਟਰੀ ਸਹੂਲਤਾਂ ਦਾ ਫਾਇਦਾ ਲੈ ਰਹੇ ਹਾਂ ਇਹ ਇਹਨਾਂ ਦੇ ਈਜ਼ਾਦਕਾਰਾਂ ਨੂੰ ਵੀ ਇਹਨਾਂ ਬਦਲੇ ਵੱਡੀਆਂ ਕੁਰਬਾਨੀਆਂ ਕਰਨੀਆਂ ਪਈਆਂ। ਮਨੁੱਖ ਦੇ ਸਰੀਰ ਨੂੰ ਸਮਝਣ ਲਈ ਵਿਗਿਆਨੀ ਰਾਤਾਂ ਜਾਗ ਕੇ ਮਨੁੱਖ ਦੀਆਂ ਲਾਸ਼ਾਂ ਕਬਰਾਂ ਵਿੱਚੋਂ ਚੋਰੀ ਪੁਟਦੇ ਇਹਨਾਂ 'ਤੇ ਖੋਜਾਂ ਕਰਦੇ ਤੇ ਦੁਬਾਰਾ ਦੱਬ ਕੇ ਆਉਂਦੇ ਅਜਿਹਾ ਪਤਾ ਲੱਗਣ ਤੇ ਇਹਨਾਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਂਦੀਆਂ।

ਧਰਮ ਨੇ ਮਨੁੱਖ ਬਾਰੇ ਕਿਹਾ ਕਿ ਮਨੁੱਖ ਸਭ ਜੀਵਾਂ ਤੋਂ ਉਤਮ ਜੀਵ ਹੈ। ਮਨੁੱਖਾ ਜਨਮ ਹੀ ਹੈ ਕਿ ਜਿਸ ਨਾਲ ਪ੍ਰਭੂ ਭਗਤੀ ਕੀਤੀ ਜਾ ਸਕਦੀ ਹੈ ਅਤੇ ਰੱਬ ਨੂੰ ਪਾਇਆ ਜਾ ਸਕਦਾ ਹੈ ਪਰ ਅੱਜ ਧਰਤੀ ਤੇ ਸੱਭ ਤੋਂ ਵੱਧ ਗੰਦ ਪਾਉਣ ਵਾਲਾ ਵੀ ਇਹੋ ਮਨੁੱਖ ਨਾਮ ਦਾ ਜੀਵ ਹੈ। ਜਿਸ ਦੀਆਂ ਕਰਤੂਤਾਂ ਕਰਕੇ ਧਰਤੀ ਤੇ ਬਾਕੀ ਜੀਵਾਂ ਦਾ ਖਾਤਮਾਂ ਹੋ ਰਿਹਾ ਹੈ।

ਦੁਨੀਆਂ ਭਰ ਦੇ ਧਰਮਾਂ ਦਾ ਜੇਕਰ ਵਿਸ਼ਲੇਸ਼ਣ ਕਰੀਏ ਤਾਂ ਪਤਾ ਚਲਦਾ ਹੈ ਕਿ ਮਨੁੱਖ ਦੇ ਵਿਕਾਸ ਕਰਨ ਦੇ ਨਾਲ ਨਾਲ ਧਰਮ ਵੀ ਵਿਕਾਸ ਕਰਦੇ ਆਏ ਹਨ। ਪੁਰਾਤਨ ਧਰਮਾਂ ਦੇ ਨੇਮ ਜਿਆਦਾ ਸਖਤ ਸਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਦੁਨੀਆਂ ਦੇ ਕਈ ਅਜਿਹੇ ਧਰਮ ਵੀ ਹਨ ਜੋ ਪ੍ਰਮਾਤਮਾਂ ਦੀ ਹੋਂਦ ਤੋਂ ਮੁਨਕਰ ਹਨ। ਜਿਵੇਂ ਜਿਵੇਂ ਨਵੇਂ ਧਰਮ ਹੋਂਦ ਵਿੱਚ ਆਉਂਦੇ ਗਏ ਉਵੇਂ ਉਵੇਂ ਧਰਮਾਂ ਦੇ ਨੇਮਾਂ ਵਿੱਚ ਵੀ ਲਚਕੀਲਾਪਣ ਆਉਂਦਾ ਗਿਆ। ਇਹ ਵਰਤਾਰਾ ਅੱਜ ਵੀ ਅਸੀਂ ਵੇਖ ਸਕਦੇ ਹਾਂ ਆਉਣ ਵਾਲੇ ਸਮੇਂ ਵਿੱਚ ਹੋ ਸਕਦਾ ਹੈ ਕਿ ਅਜਿਹੇ ਧਰਮ ਵੀ ਹੋਣ ਜਿਹਨਾਂ ਵਿੱਚ ਸਿਗਰਟ ਬੀੜੀ ਸ਼ਰਾਬ ਪੀਣ ਦੀ ਮਨਾਹੀ ਵੀ ਨਾ ਹੋਵੇ।

ਮਨੁੱਖੀ ਇਤਿਹਾਸ ਤੇ ਨਜ਼ਰ ਮਾਰਿਆਂ ਪਤਾ ਚਲਦਾ ਹੈ ਕਿ ਵਿਗਿਆਨਕ ਸੋਚ ਰੱਖਣ ਵਾਲੇ ਲੋਕਾਂ ਦਾ ਇਤਿਹਾਸ ਵੀ ਧਾਰਮਿਕ ਸੋਚ ਰੱਖਣ ਵਾਲੇ ਲੋਕਾਂ ਜਿੰਨਾ ਹੀ ਪੁਰਾਣਾ ਹੈ। ਇਹ ਗੱਲ ਵੱਖਰੀ ਹੈ ਕਿ ਧਰਤੀ 'ਤੇ ਤਰਕਸ਼ੀਲ, ਵਿਚਾਰਸ਼ੀਲ, ਵਿਗਿਆਨਕ ਸੋਚ ਰੱਖਣ ਵਾਲੇ ਲੋਕਾਂ ਦੀ ਸੰਖਿਆ ਆਮ ਲੋਕਾਂ ਨਾਲੋਂ ਹਮੇਸ਼ਾ ਘੱਟ ਰਹੀ ਹੈ ਪਰ ਇਹ ਉਹ ਲੋਕ ਹਨ ਜਿਹਨਾਂ ਦੀ ਵਿਚਾਰਧਾਰਾ ਨੂੰ ਪਹਿਲਾਂ ਨਕਾਰਿਆ ਜਾਂਦਾ ਹੈ, ਉਹਨਾਂ ਤੇ ਕਈ ਤਰ੍ਹਾਂ ਦੀ ਪਾਬੰਦੀਆਂ ਲਾਈਆਂ ਜਾਂਦੀਆਂ ਹਨ, ਪੁਰਾਣੇ ਸਮੇਂ ਦੌਰਾਨ ਅਖੌਤੀ ਧਾਰਮਿਕ ਜਮਾਤਾਂ ਵੱਲੋਂ ਉਹਨਾਂ ਤੇ ਕਈ ਤਰ੍ਹਾਂ ਦੇ ਜੁਲਮ ਢਾਹੇ ਜਾਂਦੇ ਰਹੇ ਪਰ ਬਾਅਦ


Gill Appliances & Heating Services
Residential, Commercial Service and Installation



24 Hour Service
Call: Surinder Gill
905.460.5544

***Repair and Install duct, heating, humidifier, air conditioner, water heater, dish washer, dryer, stove, fridge***

ਵਿੱਚ ਇਹਨਾਂ ਮਹਾਨ ਲੋਕਾਂ ਦੀ ਵਿਚਾਰਧਾਰਾ ਦੇ ਮਨੁੱਖਤਾ ਵਾਦੀ ਪੱਖਾਂ ਨੂੰ ਹੌਲੀ ਹੌਲੀ ਅਪਨਾ ਲਿਆ ਗਿਆ।

ਅਜਿਹੇ ਕਈ ਪੱਖਾਂ ਨੂੰ ਲੈ ਕੇ ਰੂੜੀਵਾਦੀ, ਧਾਰਮਿਕ ਅਤੇ ਅੰਧਵਿਸ਼ਵਾਸ਼ੀ ਲੋਕ ਵਿਗਿਆਨ ਅਤੇ ਵਿਗਿਆਨਕ ਵਿਚਾਰਧਾਰਾ ਦਾ ਵਿਰੋਧ ਕਰਦੇ ਹਨ। ਇਹ ਵਿਰੋਧ ਦੋ ਤਰ੍ਹਾਂ ਦਾ ਹੁੰਦਾ ਹੈ ਇੱਕ ਤਾਂ ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਵਿਗਿਆਨਕ ਸਾਧਨਾਂ ਦੀ ਦੁਰਉਪਯੋਗ ਦੀ ਦ੍ਰਿਸ਼ਟੀ ਤੋਂ ਵਿਗਿਆਨਕ ਵਿਚਾਰਧਾਰਾ ਨੂੰ ਨਿੰਦਣਾ ਦੂਜਾ ਇਹ ਕਿ ਜਦੋਂ ਵੀ ਕਦੇ ਵਿਗਿਆਨੀਆਂ ਵੱਲੋਂ ਕੋਈ ਨਵੀਂ ਵਿਗਿਆਨਕ ਖੋਜ ਕੀਤੀ ਜਾਂਦੀ ਹੈ ਤਾਂ ਉਸ ਦਾ ਸਿਹਰਾ ਉਹਨਾਂ ਮਹਾਨ ਵਿਗਿਆਨੀਆਂ ਨੂੰ ਦੇਣ ਦੀ ਬਜਾਏ ਇਹ ਆਖ ਦਿੱਤਾ ਜਾਂਦਾ ਹੈ ਕਿ ਇਹ ਕਿਹੜੀ ਕੋਈ ਨਵੀਂ ਗੱਲ ਹੈ ਇਹ ਗੱਲਾਂ ਤਾਂ ਸੈਂਕੜੇ ਸਾਲ ਪਹਿਲਾਂ ਦੀਆਂ ਹੀ ਸਾਡੇ ਗ੍ਰੰਥਾਂ ਵਿੱਚ ਦਰਜ ਹਨ। ਇੱਕ ਪੜ੍ਹੇ ਲਿਖੇ ਮਿੱਤਰ ਨੇ ਇੱਕ ਵਾਰ ਮੈਨੂੰ ਕਿਹਾ ਕਿ ਅੱਜ ਵਿਗਿਆਨੀ ਜੋ ਪੁਲਾੜੀ ਵਾਹਨ ਅਤੇ ਰਾਕਟਾਂ ਦਾ ਪ੍ਰਯੋਗ ਕਰਦੇ ਹਨ ਇਹਨਾਂ ਉਡਣ ਸ਼ਾਸ਼ਤਰਾਂ ਦੀ ਵਰਤੋਂ ਤਾਂ ਮਹਾਂਭਾਰਤ ਦੇ ਸਮੇਂ ਆਮ ਹੁੰਦੀ ਸੀ। ਇਸੇ ਤਰ੍ਹਾਂ ਮੋਬਾਇਲ ਫੋਨ ਸਬੰਧੀ ਵੀ ਉਸ ਦੇ ਅਜਿਹੇ ਹੀ ਤਰਕ ਸਨ ਕਿ ਉਸ ਸਮੇਂ ਵੀ ਰਿਸ਼ੀ ਮੁਨੀ ਲੋਕ ਦੂਰ ਬੈਠਿਆਂ ਇੱਕ ਦੂਜੇ ਨਾਲ ਵਾਰਤਾਲਾਪ ਕਰ ਲੈਂਦੇ ਸਨ। ਪਰ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਵਿਗਿਆਨ ਜਦੋਂ ਕੋਈ ਖੋਜ ਕਰਦਾ ਹੈ ਤਾਂ ਉਸ ਦਾ ਫਾਇਦਾ ਦੁਨੀਆਂ ਦੇ ਬਹੁਤ ਸਾਰੇ ਲੋਕਾਂ ਨੂੰ ਹੁੰਦਾ ਹੈ ਪਰ ਧਰਮ ਗ੍ਰੰਥਾਂ ਵਿਚਲੀਆਂ ਉਹ ਗੱਲਾਂ ਜਿਹਨਾਂ ਨੂੰ ਅੱਜ ਕੁਝ ਲੋਕਾਂ ਵੱਲੋਂ ਵਿਗਿਆਨ ਦਾ ਆਧਾਰ ਮੰਨਿਆਂ ਜਾਂਦਾ ਹੈ ਉਹ ਉਸ ਸਮੇਂ ਜਾਂ ਉਹਨਾਂ ਲੋਕਾਂ ਤੱਕ ਹੀ ਸੀਮਤ ਕਿਉਂ ਰਹੀਆਂ? ਇਸ ਤਰ੍ਹਾਂ ਦੀਆਂ ਕੁਝ ਕੁ ਗੱਲਾਂ ਲਗਭਗ ਹਰ ਧਰਮ ਦੇ ਲੋਕ ਕਰਦੇ ਹਨ। ਉਹਨਾਂ ਦਾ ਮਨੋਰਥ ਇੱਕ ਤਰ੍ਹਾਂ ਨਾਲ ਵਿਗਿਆਨਕ ਕਾਢਾਂ ਨੂੰ ਈਜ਼ਾਦ ਕਰਨ ਵਾਲੇ ਲੋਕਾਂ ਦੀ ਮਿਹਨਤ ਦੀ ਖਿੱਲੀ ਉਡਾਉਣਾ ਅਤੇ ਪੁਰਾਤਨ ਗ੍ਰੰਥਾਂ ਸ਼ਾਸ਼ਤਰਾਂ ਦੀਆਂ ਪੁਰਾਤਨ ਕਾਲਪਨਿਕ ਕਹਾਣੀਆਂ ਨੂੰ ਵਡਿਆਉਣਾ ਹੀ ਹੁੰਦਾ ਹੈ। ਜਦਕਿ ਇਹ ਲੋਕ ਹਰ ਪਲ ਇਹਨਾਂ ਵਿਗਿਆਨਕ ਕਾਢਾਂ ਦਾ ਇਸਤੇਮਾਲ ਕਰ ਰਹੇ ਹੁੰਦੇ ਹਨ। ਬੈਂਜਾਮਨ ਫਰੈਂਕਲਨ ਨਾਮ ਦੇ ਵਿਗਿਆਨੀ ਨੇ ਬਿਜਲੀ ਦੀ ਕਾਢ ਕੱਢੀ ਜਿਸ ਨੇ ਮਨੁੱਖੀ ਜ਼ਿੰਦਗੀ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਹੁਣ ਆਲਮ ਇਹ ਹੈ ਕਿ ਮਨੁੱਖੀ ਜਿੰਦਗੀ ਦਾ ਬਿਜਲੀ ਤੋਂ ਬਗੈਰ ਕਿਆਸ ਕਰਨਾ ਹੀ ਅਸੰਭਵ ਜਾਪਦਾ ਹੈ। ਉਹ ਲੋਕ ਜੋ ਕਹਿੰਦੇ ਹਨ ਕਿ ਵਿਗਿਆਨੀ ਜਿਹੜੀਆਂ ਖੋਜਾਂ ਅੱਜ ਕਰ ਰਹੇ ਹਨ ਇਹ ਤਾਂ ਕਈ ਸਾਲ ਪਹਿਲਾਂ ਦੀਆਂ ਹੀ ਸਾਡੇ ਸ਼ਾਸ਼ਤਰਾਂ ਵਿੱਚ ਲਿਖੀਆਂ ਹੋਈਆਂ ਹਨ ਉਹਨਾਂ ਨੂੰ ਪੁਛਣਾ ਬਣਦਾ ਹੈ ਕਿ ਬਿਜਲੀ ਦੀ ਇਹ ਕਾਢ ਕਿਸੇ ਪੁਰਾਤਨ ਗ੍ਰੰਥ ਦੇ ਕਿਹੜੇ ਪੰਨੇ ਤੇ ਲਿਖੀ ਹੋਈ? ਜਿੱਥੇ ਪਤਾ ਲਗਾਇਆ ਜਾ ਸਕਦਾ ਹੋਵੇ ਕਿ ਫਲਾਣੇ ਫਲਾਣੇ ਪੁਰਜੇ ਫਿੱਟ ਕਰਕੇ ਟ੍ਰਾਂਸਫਾਰਮਰ ਤੇ ਬਿਜਲੀ ਪੈਦਾ ਕਰਨ ਵਾਲੀਆਂ ਟਰਬਾਈਨਾਂ ਬਣਾਈਆਂ ਜਾ ਸਕਦੀਆਂ ਹਨ।

ਇਸੇ ਤਰ੍ਹਾਂ ਲੂਈਸ ਪਾਸਚਰ (ਸੰਨ 1822) ਨੇ ਸੂਖਮ ਜੀਵਾਂ ਦੀ ਖੋਜ ਕਰਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਕਿ ਸਾਡੇ ਆਲੇ ਦੁਆਲੇ ਸੂਖਮ ਜੀਵਾਂ ਦੀ ਇੱਕ ਦੁਨੀਆਂ ਹੈ ਜੋ ਸਾਡੀ ਜ਼ਿੰਦਗੀ ਦੇ ਨਾਲ ਨਾਲ ਸਾਡੇ ਆਲੇ ਦੁਆਲੇ ਨੂੰ ਪ੍ਰਭਾਵਿਤ ਕਰਦੀ ਹੈ। ਉਸ ਦੀ ਜਿਵਾਣੂਆਂ, ਵਿਸ਼ਾਣੂਆਂ ਅਤੇ ਕੀਟਾਣੂਆਂ ਦੀ ਖੋਜ ਤੋਂ ਬਾਅਦ ਹਰ ਤਰ੍ਹਾਂ ਦੀਆਂ ਬਿਮਾਰੀਆਂ ਨੂੰ ਨਵੇਂ ਸਿਰਿਓਂ ਸਮਝਿਆ ਗਿਆ ਤੇ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਜਿਹਨਾਂ ਦੇ ਕਾਰਨ ਪਹਿਲਾਂ ਕਿਸੇ ਕੁਦਰਤੀ ਕਰੋਪੀ ਜਾਂ ਕਿਸੇ ਦੇਵੀ ਦੇਵਤੇ ਦੀ ਨਰਾਜ਼ਗੀ ਮੰਨਿਆ ਜਾਂਦਾ ਸੀ ਤੇ ਕਾਬੂ ਪਾਉਣ ਵਿੱਚ ਸਫਲਤਾ ਹਾਸਲ ਕੀਤੀ ਜਾ ਸਕੀ। ਇਸ ਤੋਂ ਪਹਿਲਾਂ ਚਿਕਨ ਪੌਕਸ, ਹੈਜ਼ਾ, ਮਲੇਰੀਏ ਜਿਹੀਆਂ ਕਈ ਬਿਮਾਰੀਆਂ ਸਨ ਜਿਹਨਾਂ ਨਾਲ ਕਈ ਵਾਰ ਏਨੇ ਲੋਕ ਮਰਦੇ ਸਨ ਕਿ ਪਿੰਡਾਂ ਦੇ ਪਿੰਡ ਖਾਲੀ ਹੋ ਜਾਂਦੇ ਸਨ। ਅੱਜ ਜਿਹੜੇ ਲੋਕ ਇਹ ਕਹਿੰਦੇ ਕਿ ਵਿਗਿਆਨਕ ਲੱਭਤਾਂ ਗ੍ਰੰਥਾਂ ਸ਼ਾਸ਼ਤਰਾਂ ਵਿੱਚ ਪਹਿਲਾਂ ਹੀ ਮੌਜੂਦ ਹਨ ਉਹਨਾਂ ਨੂੰ ਦੱਸਣਾ ਚਾਹੀਦਾ ਹੈ ਕੀ ਉਦੋਂ ਇਹਨਾਂ ਬਿਮਾਰੀਆਂ ਦੇ ਬਚਾਅ ਲਈ ਇਹਨਾਂ ਗ੍ਰੰਥਾਂ ਸ਼ਾਸ਼ਤਰਾਂ ਨੂੰ ਪੜ੍ਹਿਆ ਨਹੀਂ ਸੀ ਜਾਂਦਾ? ਬਿਮਾਰੀਆਂ ਮਹਾਂਮਾਰੀਆਂ ਦੇ ਬਚਾਅ ਲਈ ਲੋਕ ਜੰਤਰ ਮੰਤਰ ਕਰਵਾਉਂਦੇ ਹੈ। ਬੇਰੀਆਂ ਤੇ ਕੱਚੀਆਂ ਲੱਸੀਆਂ ਪਾਉਂਦੇ ਪਰ ਬਿਮਾਰੀਆਂ ਹਰ ਸਾਲ ਫਿਰ ਵੀ ਫੈਲਦੀਆਂ ਰਹਿੰਦੀਆਂ ਤੇ ਲੋਕ ਮਰਦੇ ਰਹਿੰਦੇ ਸਨ। ਇਸ ਸਿਲਸਿਲਾ ਹਜਾਰਾਂ ਸਾਲਾਂ ਤੋਂ ਚੱਲਿਆ ਆ ਰਿਹਾ ਸੀ। ਧਰਮ ਇਹਨਾਂ ਬਿਮਾਰੀਆਂ ਮਹਾਂਮਾਰੀਆਂ ਅੱਗੇ ਬੇਵੱਸ ਸੀ। ਐਡਵਰਡ ਜੈਨਰ (ਸੰਨ1749) ਨਾਮ ਦੇ ਵਿਗਿਆਨੀ ਦੀ ਚੇਚਕ ਦੇ ਟੀਕੇ ਦੀ ਖੋਜ ਨੇ ਇਸ ਬਿਮਾਰੀ ਤੇ ਕਾਬੂ ਪਾ ਲਿਆ। ਇਸੇ ਤਰ੍ਹਾਂ ਮੈਡਮ ਮੈਰੀ ਕਿਊਰੀ (ਸੰਨ 1867) ਦੀ ਐਕਸ-ਰੇ ਦੀ ਕਾਢ ਨਾਲ ਡਾਕਟਰੀ ਵਿਗਿਆਨ ਦੇ ਖੇਤਰ ਵਿੱਚ ਇਨਕਲਾਬ ਆਇਆ। ਐਕਸ-ਰੇ ਕਿਰਨਾਂ ਤੇ ਲਗਾਤਾਰ ਕੰਮ ਕਰਦਿਆਂ ਇਹਨਾਂ ਕਿਰਨਾਂ ਨਾਲ ਉਹਨਾਂ ਦਾ ਸਰੀਰ ਰੋਗੀ ਹੋ ਗਿਆ। ਹੁਣ ਇਹਨਾਂ ਮਹਾਨ ਲੋਕਾਂ ਦੀ ਘਾਲਣਾ ਨੂੰ ਅਸੀਂ ਇਹ ਕਹਿ ਕੇ ਖਿੱਲੀ ਉਡਾਈਏ ਕਿ ਇਹ ਗੱਲਾਂ ਤਾਂ ਪਹਿਲਾਂ ਹੀ ਸਾਡੇ ਗ੍ਰੰਥਾਂ ਵਿੱਚ ਦਰਜ ਹਨ ਅਤੇ ਇਹਨਾਂ ਦਾ ਲਾਹਾ ਵੀ ਲੈਂਦੇ ਰਹੀਏ ਤਾਂ ਇਸ ਤੋਂ ਵੱਡੀ ਕਮੀਨਗੀ ਕੀ ਹੋ ਸਕਦੀ ਹੈ ਭਲਾ? ਇਹ ਅਫਸੋਸ ਉਦੋਂ ਜਿਆਦਾ ਹੁੰਦਾ ਹੈ ਜਦੋਂ ਪੜ੍ਹੇ ਲਿਖੇ ਬੁੱਧੀਜੀਵੀ ਕੈਟਾਗਿਰੀ ਦੇ ਲੋਕ ਧੱਕੇ ਨਾਲ ਹੀ ਧਰਮ ਅਤੇ ਵਿਗਿਆਨ ਨੂੰ ਰਲਗੱਡ ਕਰਨ ਦੀ ਅਸਫਲ ਕੋਸ਼ਿਸ਼ ਕਰਦੇ ਹਨ। ਮਨੁੱਖ ਜਾਤੀ ਸਾਹਮਣੇ ਅੱਜ ਵੀ ਅਨੇਕਾਂ ਸਮੱਸਿਆਵਾਂ ਹਨ ਜਿਵੇਂ ਪ੍ਰਦੂਸ਼ਣ, ਗਰੀਬੀ, ਤਾਪਮਾਨ ਦਾ ਵਾਧਾ, ਊਰਜਾ ਸਰੋਤਾਂ ਦਾ ਖਾਤਮਾਂ ਆਦਿ ਜੋ ਲੋਕ ਇਹ ਕਹਿੰਦੇ ਹਨ ਸਭ ਸਮੱਸਿਆਵਾਂ ਦੇ ਹੱਲ ਧਰਮ ਗ੍ਰੰਥਾਂ ਵਿੱਚ ਹਨ ਉਹਨਾਂ ਨੂੰ ਮਨੁੱਖ ਜਾਤੀ ਦੀਆਂ ਇਹਨਾਂ ਸਮੱਸਿਆਵਾਂ ਦੇ ਹੱਲ ਧਾਰਮਿਕ ਗ੍ਰੰਥਾਂ ਵਿੱਚੋਂ ਲੱਭ ਕੇ ਦੱਸਣੇ ਚਾਹੀਦੇ ਹਨ?

ਦੂਜੇ ਪਾਸੇ ਧਾਰਮਿਕ ਮਹੱਤਤਾ ਨੂੰ ਵੀ ਕਿਸੇ ਤਰ੍ਹਾਂ ਘਟਾ ਨਹੀਂ ਵੇਖਿਆ ਜਾ ਸਕਦਾ ਵੱਖ-ਵੱਖ ਸਮਿਆਂ ਤੇ ਵੱਖ ਵੱਖ ਧਾਰਮਿਕ ਕਈ ਧਾਰਮਿਕ ਸ਼ਖਸੀਅਤਾਂ ਨੇ ਸਮਾਜ ਦੀ ਸੁਚੱਜੀ ਅਗਵਾਈ ਕੀਤੀ ਜਿਸ ਨਾਲ ਵੱਡੇ ਇਨਕਲਾਬ ਆਏ ਅਤੇ ਸਮਾਜਿਕ ਕੁਰੀਤੀਆਂ ਦੇ ਖਿਲਾਫ ਵੀ ਆਵਾਜਾਂ ਉੱਠੀਆਂ।

ਅੱਜ ਅਸੀਂ ਆਪਣੀ ਰੋਜਾਨਾ ਜਿੰਦਗੀ ਵਿੱਚ ਜਿਹਨਾਂ ਚੀਜਾਂ ਦਾ ਉਪਯੋਗ ਕਰਦੇ ਹਾਂ ਉਹਨਾਂ ਚੋਂ ਬਹੁਤੀਆਂ ਵਿਗਿਆਨ ਦੀਆਂ ਪੈਦਾ ਕੀਤੀਆਂ ਹੋਈਆਂ ਹਨ। ਆਪਣੀ ਜ਼ਿੰਦਗੀ ਦੀ ਗੱਡੀ ਨੂੰ ਵਧੀਆ ਅਤੇ ਸੁਖਾਲਾ ਚਲਾਉਣ ਲਈ ਅਸੀਂ ਪੈਰ ਪੈਰ ਤੇ ਇਹਨਾਂ ਸਾਧਨਾਂ ਦੀ ਮਦਦ ਲੈਂਦੇ ਹਾਂ। ਪਰ ਅਫਸੋਸ ਅਸੀਂ ਆਪਣੀ ਸੋਚ ਨੂੰ ਵਿਗਿਆਨਕ ਨਹੀਂ ਬਣਾ ਸਕੇ। ਕੀ ਕਦੇ ਉਹ ਦਿਨ ਆਏਗਾ ਜਦੋਂ ਬੈਂਜਾਮਨ ਫਰੈਂਕਲਨ ਜਿਹੇ ਮਹਾਨ ਵਿਗਿਆਨੀਆਂ ਜਿਹਨਾਂ ਨੇ ਚਮਤਕਾਰੀ ਖੋਜਾਂ ਕਰਕੇ ਮਨੁੱਖੀ ਇਤਿਹਾਸ ਵਿੱਚ ਇੰਕਲਾਬ ਲਿਆਂਦਾ ਦੀਆਂ ਤਸਵੀਰਾਂ ਵੀ ਸਾਡੇ ਘਰਾਂ ਦਾ ਸ਼ਿੰਗਾਰ ਹੋਣਗੀਆਂ?

ਜੀਰਾ ਮੋ:98550-51099

# "ਸ਼ਹੀਦ ਊਧਮ ਸਿੰਘ ਦੇਸ਼ ਨੂੰ ਆਜ਼ਾਦ ਦੇਖਣਾ ਚਾਹੁੰਦਾ ਸੀ ਅਦਾਲਤੀ ਬਿਆਨ ਉਸਦਾ ਚਿੰਤਨੀ ਪੱਖ ਦੱਸਦਾ ਹੈ"

**ਰਾਕੇਸ਼ ਕੁਮਾਰ**

ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਹੋਇਆ। ਉਹਨਾਂ ਨੇ ਹਿੰਦੋਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਲਈ ਆਪਣੀ ਜਿੰਦਗੀ ਕੁਰਬਾਨ ਕਰ ਦਿੱਤੀ। ਉਹਨਾਂ ਨੂੰ ਮਾਇਕਲ ਓਡਵਾਇਰ ਦੇ ਕਤਲ ਦੇ ਦੋਸ਼ ਵਿੱਚ 31 ਜੁਲਾਈ 1940 ਨੂੰ ਅੰਗਰੇਜ਼ਾਂ ਨੇ ਲੰਡਨ ਵਿੱਚ ਫਾਂਸੀ ਲਗਾ ਦਿੱਤੀ ਸੀ। ਉਸ ਵਾਲੇ ਉਹਨਾਂ ਦੀ ਉਮਰ 40 ਸਾਲ ਦੇ ਕਰੀਬ ਸੀ।



ਅਦਾਲਤ ਵਿੱਚ ਦਿੱਤਾ ਬਿਆਨ ਜਦੋਂ 5 ਜੂਨ 1940 ਨੂੰ ਜੱਜ ਤੇ ਜਿਊਰੀ ਨੇ ਊਧਮ ਸਿੰਘ ਨੂੰ ਓਡਵਾਇਰ ਦੇ ਕਤਲ ਦਾ ਦੋਸ਼ੀ ਪਾਇਆ ਤਾਂ ਅਦਾਲਤ ਦੇ ਕਲਰਕ ਨੇ ਉਸ ਨੂੰ ਪੁੱਛਿਆ ਕਿ ਉਸ ਨੂੰ ਕਾਨੂੰਨ ਮੁਤਾਬਕ ਅਦਾਲਤ ਕਿਉਂ ਨਾ ਮੌਤ ਦੀ ਸਜ਼ਾ ਦੇਵੇ। ਤੇਰੇ ਕੋਲ ਕਹਿਣ ਨੂੰ ਕੁਝ ਹੈ ਤਾਂ ਊਧਮ ਸਿੰਘ ਅਦਾਲਤ 'ਚ ਆਪਣੇ ਨਾਲ ਉਰਦੂ, ਗੁਰਮੁਖੀ ਤੇ ਅੰਗਰੇਜ਼ੀ 'ਚ ਲੈ ਕੇ ਗਏ 8 ਪੇਜਾਂ 'ਚੋਂ 25 ਮਿੰਟ ਤੱਕ ਬੋਲਣਾ ਰਿਹਾ।

ਉਸ ਨੇ ਆਪਣੇ ਬਿਆਨ ਦੀ ਸ਼ੁਰੂਆਤ ਹੀ 'ਬ੍ਰਿਟਿਸ਼ ਸਾਮਰਾਜ ਮੁਰਦਾਬਾਦ', 'ਇੰਗਲੈਂਡ ਮੁਰਦਾਬਾਦ', 'ਅੰਗਰੇਜ਼ ਲੋਕਤੰਤਰ ਮੁਰਦਾਬਾਦ' ਤੋਂ ਕੀਤੀ

ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਬਾਰੇ ਉਸਨੇ ਕਿਹਾ ਸੜਕਾਂ ਤੇ ਤੁਹਾਡੀਆਂ ਮਸ਼ੀਨਗੰਨਾਂ ਹਜ਼ਾਰਾਂ ਹੀ ਗਰੀਬ ਔਰਤਾਂ ਤੇ ਬੱਚਿਆਂ ਦੇ ਵਹਿਸ਼ੀਆਨਾ ਕਤਲ ਕਰ ਰਹੀਆਂ ਹਨ । ਭਾਰਤ ਨੇ ਕਦੇ ਵੀ ਅੰਗਰੇਜ਼ਾਂ ਦਾ ਦਿਆਲੂਪੁਣਾ ਨਹੀ ਦੇਖਿਆ। ਸਿਰਫ ਗੁਲਾਮ ਕਰਨ ਵਾਲਾ ਅੰਗਰੇਜ਼ੀ ਜਾਨਵਰ ਜਿਹੜਾ ਕਤਲੋਗਾਰਦ ਕਰਦਾ ਹੈ, ਕੱਟਾ ਵੱਡੀ ਕਰਦਾ ਹੈ ਅਤੇ ਤਬਾਹੀ ਮਚਾਉਂਦਾ ਹੈ। ਹਿੰਸਕ ਅਤੇ ਵਹਿਸ਼ੀ ਅੰਗਰੇਜ਼ੀ ਦਖਲ-ਅੰਦਾਜ਼ੀ ਭਾਰਤੀ ਲੋਕਾਂ ਦੇ ਜਨਜੀਵਨ, ਸਭਿਆਚਾਰ ਆਰਥਿਕ ਤੇ ਸਮਾਜਿਕ ਜੀਵਨ ਵਿੱਚ ਦੇ ਨਾਲ ਨਾਲ ਬੇਤਹਾਸ਼ਾ ਅਤੇ ਅਸੰਭਾਵੀ ਸਰੀਰਕ ਤਸੀਹੇ ਅੰਗਰੇਜ਼ਾਂ ਨੇ ਸਾਡੇ ਮੁਲਕ ਨੂੰ ਇਕ ਜੇਲ੍ਹ ਅਤੇ ਨਰਕ ਵਿੱਚ ਤਬਦੀਲ ਕਰ ਦਿੱਤਾ ਹੈ। ਅਨੇਕਾਂ ਭਾਰਤੀ ਰਾਜਸੀ ਕੈਦੀਆਂ ਨੂੰ ਜੇਲ੍ਹਾਂ ਵਿਚ ਕੁੱਟਿਆ ਮਾਰਿਆ, ਤਸੀਹੇ ਦਿੱਤੇ ਅਤੇ ਬੇਇੱਜ਼ਤ ਕੀਤਾ ਜਾਂਦਾ ਹੈ। ਅੰਗਰੇਜ਼ਾਂ ਦੇ ਵਹਿਸ਼ੀ ਖ਼ੂਨ ਵਹਾਉਣ ਵਾਲੇ ਤਸੀਹਿਆਂ ਨਾਲ ਕਈ ਲੋਕ ਮਰ ਗਏ। ਇਹ ਦੇਖ ਕੇ ਬਹੁਤ ਲੋਕ ਪਾਗਲ ਹੋ ਗਏ, ਕਈ ਲੋਕਾਂ ਦੇ ਮੂੰਹ ਦੇ ਅੰਗ ਕੱਟ ਦਿੱਤੇ ਗਏ ਅਤੇ ਕਈਆਂ ਦੀਆਂ ਅੱਖਾਂ ਬਾਹਰ ਕੱਢ ਦਿੱਤੀਆਂ।

ਸੰਸਾਰ ਦੇ ਕਿਸੇ ਵੀ ਕੋਨੇ ਵਿਚ ਜਿੱਥੇ ਕਿਤੇ ਤੁਹਾਡਾ ਗਲਿਆ ਸੜਿਆ ਝੰਡਾ ਲੋਕਤੰਤਰ ਤੇ ਈਸਾਈਅਤ ਦਾ ਉਡਦਾ ਹੈ। ਤੁਹਾਨੂੰ ਮਿਲੇਗਾ ਸਿਰਫ ਤੇ ਸਿਰਫ ਇੱਕ ਚੀਜ਼ ਬੰਦੂਕਾ, ਖੂਨ ਖਰਾਬਾ, ਭੁਖਮਰੀ ਅਤੇ ਨੀਚ ਦਰਜੇ ਦੀ ਗੰਦਗੀ। ਬਹੁਤ ਸਾਰੀਆਂ ਔਰਤਾਂ ਨੂੰ ਹਿੰਸਕ ਤਰੀਕੇ ਨਾਲ ਵਾਲਾ ਤੋਂ ਧਰੂਹ ਕੇ ਗਲੀਆਂ ਸੜਕਾਂ ਤੇ ਲਿਆਇਆ ਜਾਂਦਾ ਹੈ। ਜਿੱਥੇ ਉਹਨਾਂ ਨੂੰ ਬੇਇੱਜ਼ਤ ਕਰਕੇ ਤਿੱਥੇ ਔਜ਼ਾਰ ਉਹਨਾਂ ਦੇ ਸਰੀਰਾਂ ਵਿੱਚ ਖੋਭ ਦਿੱਤੇ ਜਾਂਦੇ ਹਨ ।

**ਅੰਗਰੇਜ਼ੀ ਕਾਮਿਆਂ ਨਾਲ ਹਮਦਰਦੀ**

ਮੈਂ ਅੰਗਰੇਜ਼ ਲੋਕਾਂ ਦੇ ਵਿਰੁੱਧ ਬਿਲਕੁਲ ਨਹੀਂ ਹਾਂ ਮੇਰੇ ਭਾਰਤੀ ਮਿੱਤਰਾਂ ਤੋਂ ਵੀ ਵੱਧ ਇੰਗਲੈਂਡ ਵਿੱਚ ਅੰਗਰੇਜ਼ ਦੋਸਤ ਹਨ। ਮੈਨੂੰ ਇੰਗਲੈਂਡ ਦੇ ਕਾਮਿਆਂ ਨਾਲ ਪੂਰੀ ਹਮਦਰਦੀ ਹੈ। ਮੈਂ ਤਾਂ ਸਿਰਫ ਅੰਗਰੇਜ਼ਾਂ ਸਾਮਰਾਜੀ ਸਰਕਾਰ ਦੇ ਖਿਲਾਫ ਹਾਂ ।

**ਕਿਸਾਨਾਂ ਤੇ ਮਜ਼ਦੂਰਾਂ ਬਾਰੇ**

ਮੈਂ ਇੱਕ ਭਾਰਤੀ ਪੁੱਤਰ ਦੇ ਤੌਰ 'ਤੇ ਅਤੇ ਇੱਕ ਆਪਣੇ ਪਿੰਡ ਦੀ ਜ਼ਮੀਨ ਵਾਹਕ ਦੇ ਤੌਰ 'ਤੇ ਬ੍ਰਿਟਿਸ਼ ਰਾਜ ਨੂੰ ਇਉਂ ਦੇਖਦਾ ਹਾਂ ਜਿਹੜਾ ਜ਼ਾਲਮਾਨਾ ਹੈ ਅਤੇ ਭਾਰਤੀ ਲੋਕਾਂ ਦੀ ਜ਼ਿੰਦਗੀ ਲਈ ਹਾਨੀਕਾਰਕ ਹੈ। ਵੱਡੇ ਜ਼ਿਮੀਦਾਰ ਅਤੇ ਭਾਰਤ ਦੇ ਮਾਲਕ ਅਸਲ ਵਿੱਚ ਜਿਹੜੇ ਮੇਰੇ ਦੇਸ਼ ਦੇ ਜ਼ਰੂਰੀ ਉਦਯੋਗਾਂ ਦੇ ਮਾਲਕ ਹਨ ਅਤੇ ਉਹਨਾਂ ਦਾ ਉਦਯੋਗ 'ਤੇ ਕਬਜ਼ਾ ਹੈ ਇਹ ਆਪਣੀ ਲਾਲਸਾ ਅਤੇ ਲਾਲਚ ਲਈ ਮੇਰੇ ਦੇਸ਼ ਦੀ ਉਪਜ ਲੈ ਜਾਂਦੇ ਹਨ ਅਤੇ ਕਾਮਿਆਂ ਨੂੰ ਜਿਊਣ ਦੇ ਹੱਕ ਤੋਂ ਵਾਂਝਾ ਕਰ ਦਿੰਦੇ ਹਨ ਅਤੇ ਉਹਨਾਂ ਦੀ ਜ਼ਮੀਨੀ ਜਾਇਦਾਦ ਦਾ ਆਨੰਦ ਮਾਣਦੇ ਹਨ। ਇਹ ਮੇਰੇ ਦੇਸ਼ ਵਾਸੀਆਂ ਲਈ ਨਫਰਤ ਯੋਗ ਹੈ ।

**ਸਕੂਲਾਂ ਤੇ ਵਿੱਦਿਆ ਦੇ ਪ੍ਰਸਾਰ ਬਾਰੇ**

ਇਹੀ ਭਾਰਤੀ ਹਾਕਮ ਭਾਰਤੀ ਲੋਕਾਂ ਦੀ ਮਿਹਨਤ ਦੀ ਲੁੱਟ-ਖਸੁੱਟ ਦੇ ਨਤੀਜੇ ਵਜੋਂ ਆਪਾਸ਼ਾਹੀ ਠਾਠ ਦੀ ਜ਼ਿੰਦਗੀ ਜਿਉਂਦੇ ਹਨ। ਮੁਲਕ ਦੀ ਕਿਸੇ ਵੀ ਤਰੀਕੇ ਨਾਲ ਸਹਾਇਤਾ ਨਹੀਂ ਕਰਦੇ ਉਦਾਹਰਨ ਵਜੋਂ ਸਕੂਲ ਬਣਾਉਣ ਜਾਂ ਮੇਰੇ ਲੋਕਾਂ ਵਿਚ ਵਿੱਦਿਆ ਦਾ ਪ੍ਰਸਾਰ ਕਰਨ ਵਿੱਚ "ਕਿਆ ਹੁਆ ਅਗਰ ਮਿਟ ਜਾਏ ਆਪਣੇ ਵਤਨ ਕੇ ਵਾਸਤੇ ਬੁਲਬੁਲੇ ਕੁਰਬਾਨ ਹੋਤੀ ਹੈਂ ਚਮਨ ਕੇ ਵਾਸਤੇ"

**ਦੇਸ਼ ਦੀ ਆਜ਼ਾਦੀ ਬਾਰੇ**

ਮੈਂ ਮੌਤ ਦੀ ਸਜ਼ਾ ਤੋਂ ਨਹੀਂ ਡਰਦਾ। ਇਹ ਮੇਰੇ ਵਾਸਤੇ ਕੁੱਝ ਵੀ ਨਹੀਂ ਹੈ। ਮੈਨੂੰ ਮਰ ਜਾਣ ਦੀ ਵੀ ਕੋਈ ਪ੍ਰਵਾਹ ਨਹੀਂ। ਇਸ ਵਾਰੇ ਮੈਨੂੰ ਕੋਈ ਫਿਕਰ ਨਹੀਂ। ਮੈਂ ਕਿਸੇ ਮਕਸਦ ਲਈ ਮਰ ਰਿਹਾ ਹਾਂ। ਅਸੀਂ ਬ੍ਰਿਟਿਸ਼ ਸਾਮਰਾਜ ਦੇ ਹੱਥੋਂ ਸਤਾਏ ਹੋਏ ਹਾਂ ਮੈਨੂੰ ਮਰਨ ਤੇ ਮਾਣ ਹੈ। ਆਪਣੀ ਜਨਮ ਭੂਮੀ ਨੂੰ ਆਜ਼ਾਦ ਕਰਵਾਉਣ ਲਈ ਮੈਨੂੰ ਆਪਣੇ ਮਰਨ ਤੇ ਵੀ ਮਾਣ ਹੋਵੇਗਾ। ਮੈਨੂੰ ਉਮੀਦ ਹੈ ਕਿ ਜਦੋਂ ਮੈਂ ਚਲਾ ਗਿਆ ਤਾਂ ਮੇਰੇ ਹਜ਼ਾਰਾਂ ਦੇਸ਼ਵਾਸੀ ਤੁਹਾਨੂੰ ਗੰਦੇ ਕੁੱਤਿਆਂ ਨੂੰ ਬਾਹਰ ਧੱਕਣਗੇ ਅਤੇ ਮੇਰੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਅੱਗੇ ਆਉਣਗੇ। ਉਹ ਦਿਨ ਆ ਗਿਆ ਹੈ। ਜਦੋਂਕਿ ਇੰਗਲੈਂਡ ਦੇ ਕਾਤਲ ਖੂਨ ਦੇ ਪਿਆਸੇ ਕੁੱਤੇ ਨੂੰ ਜ਼ਰੂਰ ਦੇਣੀ ਪਵੇਗੀ ਆਪਣੀਆਂ ਬਸਤੀਆਂ ਨੂੰ ਆਜ਼ਾਦੀਆਂ ਨਾਲ ਹੀ ਤਸੀਹੇ ਅਤੇ ਤਕਲੀਫਾਂ ਝੱਲਣੀਆਂ ਪੈਣਗੀਆਂ ਜਿਹੜੀਆਂ ਕਿ ਨਿੰਹੱਥੇ ਲੋਕਾਂ ਨੂੰ ਇਹਨਾਂ ਨੇ ਦਿੱਤੀਆਂ ਸਨ। ਜਿਵੇਂ ਕਿ ਮੇਰੇ ਆਪਣੇ ਦੇਸ਼ ਵਾਸੀਆਂ ਨੂੰ।

ਹੁਣ ਸਮਾਂ ਆ ਗਿਆ ਹੈ ਕਿ ਭਾਰਤ ਦੇ ਲੋਕ ਇਕ ਜੁੱਟ ਹੋ ਕੇ ਉੱਠਣ ਅਤੇ ਇਹਨਾਂ ਅੰਗਰੇਜ਼ੀ ਸਾਮਰਾਜੀ ਗਿਰਝਾਂ ਨੂੰ ਦਿਖਾਉਣ ਕਿ ਹੁਣ ਉਹ ਲੰਬਾ ਸਮਾਂ ਸਾਡੇ ਲੋਕਾਂ ਦਾ ਖੂਨ ਨਹੀਂ ਚੂਸ ਸਕਣਗੇ ਅਤੇ ਨਾ ਹੀ ਮੇਰੀ ਪਿਆਰੀ ਭੂਮੀ ਦੇ ਲੋਕਾਂ ਨੂੰ ਵਾਂਝਾ ਕਰ ਸਕਣਗੇ। ਬਲਕਿ ਉਪਜ ਤੇ ਮੁਨਾਫੇ ਨੂੰ ਦੇਸ਼ ਦੇ ਲੋਕਾਂ ਦੀ ਭਲਾਈ ਲਈ ਬਿਨਾਂ ਜਮਾਤੀ ਜਾਂ ਨਸਲੀ ਵਿਤਕਰੇ ਤੋਂ ਵਰਤ ਸਕਣਗੇ।

ਇਸ 150 ਸਾਲਾਂ ਦੇ ਅੰਗਰੇਜ਼ੀ ਦਹਿਸ਼ਤਵਾਦ ਨੇ ਇਹ ਦਰਸਾ ਦਿੱਤਾ ਹੈ ਕਿ ਇਹ ਅਸੰਭਵ ਹੈ ਅੰਗਰੇਜ਼ਾਂ ਲਈ ਭਾਰਤੀ ਲੋਕਾਂ ਨੂੰ ਕੁਚਲ ਸਕਣਾ। ਮੈਂ ਇਹ ਰੋਸ ਵਜੋਂ ਕੀਤਾ ਹੈ ਅਤੇ ਆਪਣੇ ਮੁਲਕ ਦੇ ਅਧਿਕਾਰ ਨੂੰ ਬਹਾਲ ਕਰਨ ਲਈ ਬੇਸ਼ੱਕ ਮੈਂ ਮਰ ਵੀ ਜਾਵਾਂ। ਮੇਰੀ ਸਭ ਤੋਂ ਵੱਡੀ ਖਾਹਿਸ਼ ਆਪਣੇ ਦੇਸ਼ ਨੂੰ ਆਜ਼ਾਦ ਦੇਖਣ ਦੀ ਪੂਰੀ ਨਹੀਂ ਹੋਈ। ਮੈਂ ਆਪਣੇ ਲੋਕਾਂ ਦੀ ਖਾਤਰ ਮਰਨਾ ਚਹਾਂਗਾ ਬਜਾਇ ਕਿ ਅੰਗਰੇਜ਼ੀ ਆਤੰਕਵਾਦ ਦੇ ਪ੍ਰਭਾਵ ਹੇਠ ਤਰਸਯੋਗ ਹਾਲਤ ਵਿੱਚ ਜਿਉਣ ਨਾਲੋਂ ਮੈਂ ਨਾ ਹੀ ਮੇਰੇ ਲੋਕ ਇਸ ਸੰਸਾਰ ਵਿਚ ਇਸ ਲਈ ਪੈਦਾ ਹੋਏ ਸੀ ਕਿ ਉਹਨਾਂ ਨੂੰ ਅੰਗਰੇਜ਼ੀ ਸਾਮਰਾਜਵਾਦ ਅਧੀਨ ਰਹਿਣਾ ਪਵੇ। ਭਾਰਤ ਵਿਚ ਉੱਠੇਗਾ।

ਮੇਰਾ ਪੂਰਵ ਅਨੁਮਾਨ ਹੈ ਅਤੇ ਆਸਵੰਦ ਹਾਂ ਕਿ ਅੰਗਰੇਜ਼ੀ ਸਾਮਰਾਜਵਾਦ ਦਾ ਪਤਨ ਹੋਵੇਗਾ ਜਿਸ ਨਾਲ ਭਾਰਤ ਆਪਣੇ ਆਪ ਆਜ਼ਾਦ ਹੋ ਜਾਵੇਗਾ।

**ਅੰਤ ਵਿਚ ਤਿੰਨ ਵਾਰ ਬੋਲਿਆ**

ਇਨਕਲਾਬ ਇਨਕਲਾਬ
ਇਨਕਲਾਬ
ਬ੍ਰਿਟਿਸ਼ ਸਾਮਰਾਜਬਾਦ
ਮੁਰਦਾਬਾਦ,
ਅੰਗਰੇਜ਼ ਕੁੱਤੇ ਮੁਰਦਾਬਾਦ
ਭਾਰਤ ਅਮਰ ਰਹੇ।

### ਕਾਰਖ਼ਾਨਾ ਮਾਲਕ ਵੱਲੋਂ ਮਜ਼ਦੂਰ ਦੀ ਬਰਬਰ ਕੁੱਟ-ਮਾਰ ਖਿਲਾਫ਼

# ਲੁਧਿਆਣਾ ਦੇ ਟੈਕਸਟਾਈਲ ਮਜ਼ਦੂਰਾਂ ਨੇ ਲੜੀ ਸਫਲ ਹੜਤਾਲ




ਪਿਛਲੇ ਦਿਨੀਂ ਮੇਹਰਬਾਨ, ਲੁਧਿਆਣਾ ਦੇ ਲਗਭਗ 25 ਟੈਕਸਟਾਈਲ ਕਾਰਖ਼ਾਨਿਆਂ ਦੇ ਮਜ਼ਦੂਰਾਂ ਨੇ ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ ਦੀ ਅਗਵਾਈ ਵਿੱਚ ਇੱਕ ਜੁਝਾਰੂ ਹੜਤਾਲ ਲੜੀ ਹੈ। ਮੁੱਦਾ 'ਮੋਦੀ ਵੂਲਨ ਮਿਲਜ਼' ਟੈਕਸਟਾਈਲ ਕਾਰਖ਼ਾਨੇ ਦੇ ਮਾਲਕ ਜਗਦੀਸ਼ ਗੁਪਤਾ ਵੱਲੋਂ ਪਾਵਰਲੂਮ ਮਜ਼ਦੂਰ ਚੰਦਰਸ਼ੇਖਰ ਨੂੰ ਬਰਬਰ ਢੰਗ ਨਾਲ਼ ਕੁੱਟਣ ਦਾ ਸੀ। ਇਸ ਕੁੱਟ-ਮਾਰ ਵਿੱਚ ਚੰਦਰਸ਼ੇਖਰ ਦੀ ਨੱਕ ਦੀ ਹੱਡੀ ਟੁੱਟ ਗਈ ਅਤੇ ਅੱਖ 'ਤੇ ਗੰਭੀਰ ਸੱਟ ਵੱਜੀ। ਚੰਦਰਸ਼ੇਖਰ ਨੇ ਜਗਦੀਸ਼ ਗੁਪਤਾ ਮਾਲਕ ਕੋਲ਼ ਪੀਸ ਰੇਟ 'ਤੇ ਦੋ ਮਹੀਨੇ ਕੰਮ ਕੀਤਾ ਸੀ। ਕੰਮ ਘੱਟ ਮਿਲਣ ਕਾਰਨ ਉਸਨੇ ਉੱਥੋਂ ਕੰਮ ਛੱਡ ਦਿੱਤਾ। ਚੰਦਰਸ਼ੇਖਰ ਦੇ ਮਾਲਕ ਵੱਲ ਕੁੱਝ ਪੈਸੇ ਬਾਕੀ ਰਹਿੰਦੇ ਸਨ। ਵਾਰ-ਵਾਰ ਮੰਗਣ 'ਤੇ ਵੀ ਮਾਲਕ ਨੇ ਇਹ ਪੈਸੇ ਨਹੀਂ ਦਿੱਤੇ। ਪੈਸੇ ਦੇਣ ਦੀ ਥਾਂ ਮਾਲਕ ਨੇ ਚੰਦਰਸ਼ੇਖਰ ਨੂੰ ਧਮਕਾਇਆ ਕਿ ਜੇ ਦੁਬਾਰਾ ਪੈਸੇ ਮੰਗੇ ਤਾਂ ਉਹ ਪੁਲਿਸ ਤੋਂ ਕੁਟਵਾਏਗਾ, ਲੱਤਾਂ ਤੁੜਵਾਏਗਾ, ਗਾਇਬ ਕਰਵਾ ਦੇਵੇਗਾ। ਪਰ ਚੰਦਰਸ਼ੇਖਰ ਆਪਣੀ ਸਖ਼ਤ ਮਿਹਨਤ ਦੀ ਕਮਾਈ ਛੱਡਣ ਨੂੰ ਤਿਆਰ ਨਹੀਂ ਹੋਇਆ। 14 ਜੁਲਾਈ ਦੀ ਸ਼ਾਮ ਨੂੰ ਮਾਲਕ ਜਗਦੀਸ਼ ਗੁਪਤਾ ਨੇ ਪੁਲਿਸ ਨਾਲ਼ ਮਿਲ਼ੀਭੁਗਤ ਕਰਕੇ ਉਸਨੂੰ ਗ੍ਰਿਫ਼ਤਾਰ ਕਰਵਾ ਦਿੱਤਾ ਅਤੇ ਥਾਣੇ ਲਿਜਾ ਕੇ ਖ਼ੁਦ ਉਸਨੂੰ ਬੁਰੀ ਤਰ੍ਹਾਂ ਕੁੱਟਿਆ। ਚਿਹਰੇ 'ਤੇ ਕੀਤੇ ਗਏ ਹਮਲੇ ਨਾਲ਼ ਚੰਦਰਸ਼ੇਖਰ ਬੇਹੋਸ਼ ਹੋ ਗਿਆ। ਜਦੋਂ ਹੋਸ਼ ਆਈ ਤਾਂ ਉਸਨੇ ਆਪਣੇ ਆਪ ਨੂੰ ਹਸਪਤਾਲ ਵਿੱਚ ਪਾਇਆ। ਉਸਦੇ ਨੱਕ ਦੀ ਹੱਡੀ ਟੁੱਟ ਚੁੱਕੀ ਸੀ ਅਤੇ ਅੱਖ ਉੱਤੇ ਮੱਥੇ 'ਤੇ ਟਾਂਕੇ ਲੱਗੇ ਸਨ। ਇਸ ਮਜ਼ਦੂਰ 'ਤੇ ਹੋਏ ਬਰਬਰ ਜ਼ੁਲਮ ਨੇ ਮੇਹਰਬਾਨ ਇਲਾਕੇ ਦੇ ਹੋਰ ਕਾਰਖ਼ਾਨਿਆਂ ਦੇ ਮਜ਼ਦੂਰਾਂ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਗੁੱਸੇ ਨਾਲ਼ ਭਰ ਦਿੱਤਾ। ਲਗਭਗ 25 ਕਾਰਖ਼ਾਨਿਆਂ ਦੇ ਮਜ਼ਦੂਰਾਂ ਨੇ 14 ਜੁਲਾਈ ਦੀ ਸ਼ਾਮ ਨੂੰ ਹੀ ਹੜਤਾਲ ਕਰ ਦਿੱਤੀ। ਮੰਗ ਕੀਤੀ ਗਈ ਕਿ ਪੁਲਿਸ ਜਗਦੀਸ਼ ਗੁਪਤਾ ਖ਼ਿਲਾਫ ਐੱਫ.ਆਈ.ਆਰ. ਦਰਜ ਕਰਕੇ ਉਸਨੂੰ ਜੇਲ੍ਹ ਭੇਜੇ।

ਪਰ ਪੁਲਿਸ ਮਾਲਕ ਦਾ ਹੀ ਸਾਥ ਦੇ ਰਹੀ ਸੀ। ਇਲਾਕੇ ਦੇ ਹੋਰ ਮਾਲਕਾਂ ਨੇ ਵੀ ਦੋਸ਼ੀ ਮਾਲਕ ਜਗਦੀਸ਼ ਗੁਪਤਾ ਦਾ ਹੀ ਸਾਥ ਦਿੱਤਾ। ਉਨ੍ਹਾਂ ਨੇ ਪੁਲਿਸ ਨੂੰ ਕਿਹਾ ਕਿ ਜਗਦੀਸ਼ ਖ਼ਿਲਾਫ ਕੋਈ ਕਾਰਵਾਈ ਨਹੀਂ ਹੋਣੀ ਚਾਹੀਦੀ। ਸਿਆਸੀ ਦਬਾਅ ਦੀ ਗੱਲ ਤਾਂ ਪੁਲਿਸ ਨੇ ਆਪਣੇ ਆਪ ਹੀ ਕਬੂਲ ਲਈ ਸੀ। ਮਾਲਕਾਂ ਨੇ ਹੜਤਾਲ 'ਤੇ ਬੈਠੇ ਮਜ਼ਦੂਰਾਂ ਨੂੰ ਸਾਫ਼ ਕਹਿ ਦਿੱਤਾ ਕਿ ਜੇ ਉਹ ਕੰਮ 'ਤੇ ਨਹੀਂ ਪਰਤੇ ਤਾਂ ਕੰਮ ਤੋਂ ਕੱਢ ਦਿੱਤਾ ਜਾਵੇਗਾ ਕਿਰਤ ਵਿਭਾਗ ਦੇ ਅਧਿਕਾਰੀਆਂ ਨੇ ਵੀ ਮਾਲਕਾਂ ਦਾ ਹੀ ਪੱਖ ਲਿਆ। ਮਾਲਕਾਂ ਵੱਲੋਂ ਮਜ਼ਦੂਰਾਂ ਖ਼ਿਲਾਫ ਸ਼ਿਕਾਇਤ ਉੱਤੇ ਉਹ ਫੈਕਟਰੀ-ਫੈਕਟਰੀ ਚੈਕਿੰਗ ਕਰਨ ਗਏ। ਇਹ ਉਹੀ ਕਿਰਤ ਵਿਭਾਗ ਹੈ ਜੋ ਮਜ਼ਦੂਰਾਂ ਦੇ ਕਨੂੰਨੀ ਹੱਕ ਲਾਗੂ ਕਰਵਾਉਣ ਲਈ ਕਦੇ ਵੀ ਕਾਰਖ਼ਾਨਿਆਂ ਦੀ ਚੈਕਿੰਗ ਨਹੀਂ ਕਰਦਾ ਅਤੇ ਮਜ਼ਦੂਰਾਂ ਵੱਲੋਂ ਮਾਲਕਾਂ ਖ਼ਿਲਾਫ ਕੀਤੀਆਂ ਜਾਣ ਵਾਲ਼ੀਆਂ ਸ਼ਿਕਾਇਤਾਂ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੰਦਾ ਹੈ। ਮਾਲਕਾਂ ਦੀਆਂ ਸਾਰੀਆਂ ਧਮਕੀਆਂ, ਪੁਲਿਸ ਵੱਲੋਂ ਸਖ਼ਤ ਕਾਰਵਾਈ ਕਰਨ ਦੀਆਂ ਧਮਕੀਆਂ, ਕਿਰਤ ਵਿਭਾਗ ਵੱਲੋਂ ਫੈਲਾਈ ਜਾ ਰਹੀ ਦਹਿਸ਼ਤ ਅਤੇ ਦਿਹਾੜੀਆਂ ਟੁੱਟਣ ਤੋਂ ਹੋ ਰਹੇ ਆਰਥਕ ਨੁਕਸਾਨ ਦੇ ਬਾਵਜੂਦ ਆਪਣੇ ਮਜ਼ਦੂਰ ਸਾਥੀ ਚੰਦਰਸ਼ੇਖਰ ਨੂੰ ਇਨਸਾਫ਼ ਦਿਵਾਉਣ ਲਈ ਮੇਹਰਬਾਨ ਦੇ ਪਾਵਰਲੂਮ ਮਜ਼ਦੂਰ ਹੜਤਾਲ ਵਿੱਚ ਡਟੇ ਰਹੇ।

ਜਿੱਥੇ ਹੜਤਾਲ ਨੇ ਮਾਲਕਾਂ ਦੇ ਹੋਸ਼ ਉਡਾ ਦਿੱਤੇ ਉੱਥੇ ਹੀ ਪੁਲਿਸ ਥਾਣੇ 'ਤੇ ਹੋਏ ਜ਼ਬਰਦਸਤ ਰੋਹਪੂਰਨ ਧਰਨੇ-ਮੁਜ਼ਾਹਰਿਆਂ, ਸੜਕਾਂ 'ਤੇ ਕੱਢੀਆਂ ਗਈ ਰੈਲੀਆਂ ਨੇ ਪੁਲਿਸ ਨੂੰ ਇਸ ਗੱਲ ਲਈ ਮਜਬੂਰ ਕਰ ਦਿੱਤਾ ਕਿ ਉਹ ਜਗਦੀਸ਼ ਗੁਪਤਾ ਖ਼ਿਲਾਫਐੱਫ.ਆਈ.ਆਰ. ਦਰਜ ਕਰੇ। 325/506 ਧਾਰਾਵਾਂ ਤਹਿਤ ਮਾਲਕ ਉੱਤੇ ਮਾਮਲਾ ਦਰਜ ਹੋਇਆ। ਚੰਦਰਸ਼ੇਖਰ ਨੂੰ ਬੇਖ਼ੌਫ਼ ਹੋਕੇ ਜਾਨਵਰਾਂ ਦੀ ਤਰ੍ਹਾਂ ਕੁੱਟਣ ਵਾਲ਼ੇ ਮਾਲਕ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਸਦਾ ਇਹ ਹਸ਼ਰ ਹੋਵੇਗਾ। ਉਹ ਮਜ਼ਦੂਰਾਂ ਨੂੰ ਆਪਣੇ ਆਪ ਕੁੱਟਣ, ਪੁਲਿਸ ਤੋਂ ਕੁਟਵਾਉਣ, ਮਜ਼ਦੂਰਾਂ ਦੇ ਪੈਸੇ ਦੱਬਣ ਆਦਿ ਲਈ ਬਦਨਾਮ ਹੈ। ਪਰ ਇਸ ਵਾਰ ਮਜ਼ਦੂਰ ਏਕਤਾ ਨੇ ਉਸਨੂੰ ਉਸਦੀ ਔਕਾਤ ਦੱਸ ਦਿੱਤੀ। ਗ੍ਰਿਫ਼ਤਾਰੀ ਦੇ ਡਰੋਂ ਉਹ ਐੱਫ.ਆਈ.ਆਰ. ਦਰਜ ਹੋਣ ਤੋਂ ਪਹਿਲਾਂ ਹੀ ਆਪਣੀ ਕੋਠੀ ਨੂੰ ਜ਼ਿੰਦਾ ਲਾ ਕੇ ਭੱਜ ਖੜਾ ਹੋਇਆ ਸੀ ਅਤੇ ਦਿਲ ਦੇ ਦੌਰੇ ਦੇ ਬਹਾਨੇ ਨਾਲ਼ ਸੀ.ਐਮ.ਸੀ. ਦੇ ਆਈ.ਸੀ.ਯੂ. ਵਿੱਚ ਭਰਤੀ ਹੋ ਗਿਆ। ਪੁਲਿਸ ਉੱਤੇ ਉਸਨੂੰ ਗ੍ਰਿਫ਼ਤਾਰ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਹੈ।

ਇਸ ਜਿੱਤ ਮਗਰੋਂ ਹੀ ਮਜ਼ਦੂਰਾਂ ਨੇ 19 ਜੁਲਾਈ ਨੂੰ ਹੜਤਾਲ ਖਤਮ ਕੀਤੀ। ਅਸਲ ਵਿੱਚ ਇਹ ਲੜਾਈ ਸਿਰਫ਼ ਇੱਕ ਮਜ਼ਦੂਰ ਨਾਲ਼ ਹੋਈ ਕੁੱਟ-ਮਾਰ ਖ਼ਿਲਾਫ਼ ਅਤੇ ਸਿਰਫ਼ ਇੱਕ ਜ਼ਾਲਮ ਮਾਲਕ ਖ਼ਿਲਾਫ਼ ਨਹੀਂ ਸੀ। ਸਾਰੇ ਕਾਰਖ਼ਾਨਿਆਂ ਅਤੇ ਹੋਰ ਕੰਮ ਦੀਆਂ ਥਾਵਾਂ 'ਤੇ ਮਜ਼ਦੂਰਾਂ ਨੂੰ ਭਿਆਨਕ ਦੁਰਵਿਹਾਰ, ਕੁੱਟ-ਮਰ, ਗਾਲ਼ੀ-ਗਲੌਚ, ਲੁੱਟ, ਜ਼ਬਰ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁਲਿਸ, ਪ੍ਰਸ਼ਾਸਨ, ਕਿਰਤ ਵਿਭਾਗ ਨਾ ਸਿਰਫ਼ ਮਾਲਕਾਂ ਦਾ ਸਾਥ ਦਿੰਦੇ ਹਨ ਸਗੋਂ ਮਜ਼ਦੂਰਾਂ ਦੀ ਲੁੱਟ ਵਿੱਚ ਉਹ ਵੀ ਖੁੱਲਕੇ ਸ਼ਾਮਲ ਹਨ। ਮਜ਼ਦੂਰਾਂ ਦੇ ਦੋ ਦੁਸ਼ਮਣ ਬੇਖ਼ੌਫ਼ ਹਨ, ਉਨ੍ਹਾਂ ਨੂੰ ਕਿਸੇ ਦਾ ਡਰ ਨਹੀਂ ਹੈ। ਮੇਹਰਬਾਨ ਦੇ ਮਜ਼ਦੂਰਾਂ ਨੇ ਚੰਦਰਸ਼ੇਖਰ ਦੀ ਕੁੱਟ-ਮਾਰ ਖ਼ਿਲਾਫ ਲੜਾਈ ਲੜਦੇ ਹੋਏ ਅਸਲ ਵਿੱਚ ਸਾਰੇ ਮਜ਼ਦੂਰਾਂ ਨਾਲ਼ ਹੋਣ ਵਾਲ਼ੇ ਅੱਤਿਆਚਾਰਾਂ ਖ਼ਿਲਾਫ ਵਿਰੋਧ ਕੀਤਾ ਹੈ। ਇਸ ਜੁਝਾਰੂ ਹੜਤਾਲ ਜ਼ਰੀਏ ਮਜ਼ਦੂਰਾਂ ਨੇ ਮਾਲਕਾਂ ਅਤੇ ਪੁਲਿਸ-ਪ੍ਰਸ਼ਾਸਨ ਨੂੰ ਇਹ ਚਿਤਾਵਨੀ ਦਿੱਤੀ ਹੈ ਕਿ ਉਹ ਉਨ੍ਹਾਂ ਦੀ ਲੁੱਟ, ਜ਼ਬਰ, ਜ਼ੁਲਮ ਹਮੇਸ਼ਾਂ ਸਹਿਣ ਨਹੀਂ ਕਰਦੇ ਰਹਾਂਗੇ, ਕਿ ਉਨ੍ਹਾਂ ਨਾਲ਼ ਗੁਲਾਮਾਂ ਅਤੇ ਜਾਨਵਰਾਂ ਵਰਗਾ ਸਲੂਕ ਬੰਦ ਕੀਤਾ ਜਾਵੇ। ਇੱਕ ਇੱਜਤ ਭਰੀ, ਆਤਮ-ਸਨਮਾਨ ਦੀ ਜ਼ਿੰਦਗੀ ਜਿਊਣਾ ਉਨ੍ਹਾਂ ਦਾ ਹੱਕ ਹੈ ਅਤੇ ਇਹ ਹੱਕ ਉਹ ਲੈ ਕੇ ਰਹਿਣਗੇ। ਇਸ ਜੁਝਾਰੂ ਘੋਲ਼ ਨੇ ਮਾਲਕਾਂ ਵਿੱਚ ਖ਼ੌਫ਼ ਪੈਦਾ ਹੋਇਆ ਹੈ। ਇਸ ਘੋਲ਼ ਦੇ ਅਸਰ ਵਜੋਂ ਕਈ ਮਾਲਕਾਂ ਨੇ ਮਜ਼ਦੂਰਾਂ ਨੂੰ ਸੱਦ ਕੇ ਉਨ੍ਹਾਂ ਦਾ ਦੱਬੇ ਹੋਏ ਪੈਸੇ ਅਦਾ ਕੀਤੇ ਹਨ। ਕਈ ਮਜ਼ਦੂਰ ਆਪਣੇ ਆਪ ਜਦੋਂ ਮਾਲਕਾਂ ਤੋਂ ਆਪਣੇ ਪੈਸੇ ਮੰਗਣ ਗਏ ਤਾਂ ਮਾਲਕਾਂ ਨੇ ਤੁਰੰਤ ਦੇ ਦਿੱਤੇ। ਇਹ ਮਜ਼ਦੂਰਾਂ ਦੀ ਇੱਕ-ਜੁੱਟਤਾ ਦੀ ਤਾਕਤ ਦਾ ਅਸਰ ਹੈ।

ਇਸ ਹੜਤਾਲ ਵਿੱਚ ਮਜ਼ਦੂਰਾਂ ਨੇ ਕਾਰਖ਼ਾਨਾ ਮਾਲਕ ਜਗਦੀਸ਼ ਗੁਪਤਾ ਖ਼ਿਲਾਫ ਜੋ ਕਨੂੰਨੀ ਕਾਰਵਾਈ ਕਰਵਾਉਣ ਦੀ ਜਿੱਤ ਪ੍ਰਾਪਤ ਕੀਤੀ ਹੈ ਉਹ ਇੱਕ ਚੰਗੀ ਉਪਲਬਧੀ ਹੈ, ਪਰ ਸਭ ਤੋਂ ਵੱਡੀ ਉਪਲਬਧੀ ਇਸ ਵਿੱਚ ਹੈ ਕਿ ਮਜ਼ਦੂਰਾਂ ਨੇ ਤਨਖਾਹ, ਫੰਡ, ਬੋਨਸ ਜਿਹੇ ਮੁੱਦਿਆਂ ਤੋਂ ਵੀ ਅੱਗੇ ਵਧਕੇ ਕੁੱਟ-ਮਾਰ, ਗਾਲ਼੍ਹਾਂ, ਬੇਇੱਜ਼ਤੀ ਦੇ ਮੁੱਦੇ 'ਤੇ ਫੌਲਾਦੀ ਏਕਤਾ ਬਣਾਕੇ ਹੜਤਾਲ ਲੜੀ ਹੈ। ਹੜਤਾਲ ਨਾਲ਼ ਮਜ਼ਦੂਰਾਂ ਨੂੰ ਤਨਖ਼ਾਹ ਵਾਧਾ, ਫੰਡ, ਬੋਨਸ ਮਿਲਣ ਆਦਿ ਦਾ ਕੋਈ ਫਾਇਦਾ ਨਹੀਂ ਹੋਣ ਜਾ ਰਿਹਾ ਸੀ ਸਗੋਂ ਪੰਜ ਦਿਨ ਦੀ ਦਿਹਾੜੀ ਤੋੜੀ ਅਤੇ ਕੰਮ ਤੋਂ ਕੱਢੇ ਜਾਣ ਅਤੇ ਪੁਲਿਸ ਵੱਲੋਂ ਸੰਭਾਵਿਤ ਜ਼ਬਰ ਦਾ ਖ਼ਤਰਾ ਸਹੇੜ ਕੇ ਵੀ ਉਹ ਹੜਤਾਲ ਵਿੱਚ ਡਟੇ ਰਹੇ ਅਤੇ ਪੁਲਿਸ ਨੂੰ ਕਾਰਵਾਈ ਕਰਨ ਲਈ ਘੇਰਦੇ ਰਹੇ। ਇਹ ਚੀਜ਼ ਦੱਸਦੀ ਹੈ ਕਿ ਉਨ੍ਹਾਂ ਵਿੱਚ ਮਜ਼ਦੂਰ ਸਿਆਸਤ ਦੀ ਚੇਤਨਾ ਵਿਕਸਿਤ ਹੋਈ ਹੈ, ਕਿ ਉਨ੍ਹਾਂ ਵਿੱਚ ਜੁਝਾਰੂ ਇੱਕਜੁਟ ਜਮਾਤੀ ਘੋਲ਼ ਦੀ ਚੇਤਨਾ ਵਿਕਸਿਤ ਹੋਈ ਹੈ। ਮੇਹਰਬਾਨ ਦੇ ਮਜ਼ਦੂਰਾਂ ਦੀ ਵਿਕਸਿਤ ਚੇਤਨਾ ਹੀ ਇਸ ਹੜਤਾਲ ਦੀ ਸਭ ਤੋਂ ਵੱਡੀ ਉਪਲਬਧੀ ਹੈ। ਲੁਧਿਆਣੇ ਦੇ ਟੈਕਟਾਈਲ ਮਜ਼ਦੂਰਾਂ ਵਿੱਚ ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ ਅਤੇ ਬਿਗੁਲ ਮਜ਼ਦੂਰ ਦਸਤਾ ਵੱਲੋਂ ਕੀਤੇ ਗਏ ਪ੍ਰਚਾਰ-ਪ੍ਰਸਾਰ, ਜੱਥੇਬੰਦਕ ਕੰਮ, ਅਤੇ ਘੋਲ਼ ਸਰਗਰਮੀਆਂ ਦੀ ਇਹ ਖਾਸ ਪ੍ਰਾਪਤੀ ਹੈ। ਸਰਮਾਏਦਾਰ ਜਮਾਤ ਖ਼ਿਲਾਫ ਮਜ਼ਦੂਰ ਜਮਾਤ ਦੀ ਲੜਾਈ ਓਨੀ ਹੀ ਮਜ਼ਬੂਤੀ ਨਾਲ਼ ਅੱਗੇ ਵਧੇਗੀ ਜਿੰਨੀ ਮਜ਼ਦੂਰਾਂ ਵਿੱਚ ਜਮਾਤੀ ਘੋਲ਼ ਦੀ ਸਿਆਸੀ ਸਮਝ ਅੱਗੇ ਵਧੇਗੀ।

### ਸ਼ਹੀਦ ਪ੍ਰਿਥੀਪਾਲ ਰੰਧਾਵਾ

# ਜਿਉਣ-ਮਰਨ ਦੀ ਸ਼ਾਨਦਾਰ ਰਵਾਇਤ !

"ਸਾਰੇ ਬੰਦਿਆਂ ਨੇ ਮਰ ਹੀ ਜਾਣਾ ਹੈ, ਪਰ ਮਹੱਤਤਾ ਪੱਖੋਂ ਮੌਤ ਮੌਤ ਵਿੱਚ ਫਰਕ ਹੋ ਸਕਦਾ ਹੈ। ਪਰਾਚੀਨ ਚੀਨੀ ਲਿਖਾਰੀ ਜ਼ੂਮਾ ਚੀਅਨ ਨੇ ਕਿਹਾ ਸੀ, "ਭਾਵੇਂ ਸਾਰੇ ਬੰਦਿਆਂ ਨੂੰ ਇੱਕੋ ਜਿਹੀ ਮੌਤ ਆਉਂਦੀ ਹੈ, ਪਰ ਇਹ ਤਾਈ ਪਰਬਤ ਤੋਂ ਭਾਰੀ ਵੀ ਹੋ ਸਕਦੀ ਹੈ ਜਾਂ ਖੰਭ ਤੋਂ ਹੌਲੀ ਵੀ" ਲੋਕਾਂ ਵਾਸਤੇ ਮਰਨਾ ਤਾਈ ਪਰਬਤ ਤੋਂ ਭਾਰੀ ਹੈ ਪਰ ਫਾਸਿਸਟਾਂ ਵਾਸਤੇ ਕੰਮ ਕਰਨਾ ਅਤੇ ਲੁਟੇਰਿਆਂ ਤੇ ਜਾਬਰਾਂ ਵਾਸਤੇ ਮਰ ਜਾਣਾ ਖੰਭ ਤੋਂ ਹੌਲਾ ਹੈ।" -ਮਾਓ-ਜ਼ੇ-ਤੁੰਗ

ਅੱਜ ਤੋਂ 33 ਵਰ੍ਹੇ ਪਹਿਲਾਂ ਪੰਜਾਬ ਦੇ ਵਿਦਿਆਰਥੀਆਂ ਨੌਜਵਾਨਾਂ ਦਾ ਸਭ ਤੋਂ ਸਤਿਕਾਰਿਆ ਜਾਣ ਵਾਲਾ ਆਗੂ ਪਿਰਥੀਪਾਲ ਸਿੰਘ ਰੰਧਾਵਾ ਅਜਿਹੀ ਹੀ ਪਰਬਤੋਂ ਭਾਰੀ ਮੌਤ ਦੇ ਗਲ ਜਾ ਲੱਗਿਆ। ਮੌਤ! ਜਿਹੜੀ ਲੁੱਟ ਅਤੇ ਦਾਬੇ ਵਿਰੁੱਧ ਲੋਕਾਂ ਦੀ ਮੁਕਤੀ ਦੇ ਕਾਜ਼ ਲਈ ਜੂਝਦੇ ਹਜ਼ਾਰਾਂ ਜੁਝਾਰੂਆਂ ਦੇ ਮਨਾਂ ਅੰਦਰਲੀ ਜਮਾਤੀ ਨਫਰਤ ਨੂੰ ਪਰਚੰਡ ਕਰਨ ਵਾਲਾ ਪ੍ਰੇਰਨਾ ਸਰੋਤ ਬਣ ਗਈ।



18 ਜੁਲਾਈ 1979, (ਜਿਸ ਦਿਨ ਲੋਕ ਦੁਸ਼ਮਣ ਤਾਕਤਾਂ ਦੇ ਸ਼ਿਸ਼ਕਾਰੇ ਹੋਏ ਜ਼ਰਖਰੀਦ ਗੁੰਡਿਆਂ ਨੇ ਇਸ ਹੋਣਹਾਰ ਸਖਸ਼ੀਅਤ ਨੂੰ ਨਿਗਲਿਆ ਸੀ) ਜਿੱਥੇ ਆਏ ਵਰ੍ਹੇ ਪੰਜਾਬ ਦੀ ਇਨਕਲਾਬੀ ਜਨਤਕ ਲਹਿਰ ਲਈ, ਇਸ ਸੁਘੜ ਜਨਤਕ ਆਗੂ ਦੀ ਅਣਹੋਂਦ ਦਾ ਦਿਲ ਵਿੰਨ੍ਹਵਾਂ ਅਹਿਸਾਸ ਲੈ ਕੇ ਆਉਂਦੀ ਹੈ, ਉੱਥੇ ਨਾਲ ਹੀ ਪਿਰਥੀ ਦੇ ਸ਼ਾਨਦਾਰ ਇਨਕਲਾਬੀ ਜੀਵਨ ਅਤੇ ਉਸਦੀ ਸੂਰਬੀਰਤਾ ਭਰੀ ਮੌਤ ਤੋਂ ਪ੍ਰੇਰਨਾ ਲੈ ਕੇ ਅੱਗੇ ਵਧਣ ਦਾ ਸੰਦੇਸ਼ ਲੈ ਕੇ ਆਉਂਦੀ ਹੈ।

ਪਿਰਥੀ ਨੇ ਪੰਜਾਬ ਅੰਦਰ ਇਨਕਲਾਬੀ ਜਨਤਕ ਲਹਿਰ ਦੀ ਉਸਾਰੀ ਵਿੱਚ ਇੱਕ ਜਨਤਕ ਆਗੂ ਵਜੋਂ ਸਭ ਤੋਂ ਉੱਘੜਵਾਂ ਰੋਲ ਨਿਭਾਇਆ। ਉਸਦੀ ਅਗਵਾਈ ਵਿੱਚ ਉੱਸਰੀ ਪੰਜਾਬ ਸਟੂਡੈਂਟਸ ਯੂਨੀਅਨ ਨਾ ਸਿਰਫ ਪੰਜਾਬ ਦੇ ਵਿਦਿਆਰਥੀਆਂ ਦੀ ਮਾਣ-ਤਾਣ ਵਾਲੀ ਲੜਾਕੂ ਜਥੇਬੰਦੀ ਵਜੋਂ ਉੱਭਰੀ ਸਗੋਂ ਇਸਨੇ ਪੰਜਾਬੀ ਦੀ ਇਨਕਲਾਬੀ ਜਮਹੂਰੀ ਲਹਿਰ ਅੰਦਰ ਚੇਤਨ ਅਤੇ ਖਾੜਕੂ ਜੱਦੋਜਹਿਦਾਂ ਦੀਆਂ ਸ਼ਾਨਦਾਰ ਰਵਾਇਤਾਂ ਦੀ ਸਿਰਜਣਾ ਵਿੱਚ ਮੋਹਰੀ ਰੋਲ ਅਦਾ ਕੀਤਾ। ਦਰੁਸਤ ਕਮਿਊਨਿਸਟ ਇਨਕਲਾਬੀ ਸਿਆਸਤ ਤੋਂ ਅਗਵਾਈ ਅਤੇ ਪ੍ਰੇਰਨਾ ਲੈਣ ਅਤੇ ਇਸਨੂੰ ਜਨਤਕ ਸਰਗਰਮੀ ਦੇ ਖੇਤਰ ਵਿੱਚ ਲਾਗੂ ਕਰਨ ਦੀ ਆਪਣੀ ਯੋਗਤਾ ਸਦਕਾ ਪਿਰਥੀ ਨੇ ਪੰਜਾਬ ਅੰਦਰ ਜਬਰਦਸਤ ਖਾੜਕੂ ਇਨਕਲਾਬੀ ਜਨਤਕ ਲਹਿਰ ਨੂੰ ਜਥੇਬੰਦ ਕਰਨ ਅਤੇ ਅਗਵਾਈ ਦੇਣ ਵਿੱਚ ਉੱਭਰਵਾਂ ਰੋਲ ਅਦਾ ਕੀਤਾ। ਇਹ ਦਰੁਸਤ ਇਨਕਲਾਬੀ ਸਿਆਸਤ ਵਿੱਚ ਉਸਦੀ ਅਡੋਲ ਨਿਹਚਾ ਕਰਕੇ ਹੀ ਸੀ ਕਿ ਉਸਨੇ 1970-71 ਦੇ ਉਸ ਦੌਰ ਵਿੱਚ ਖਿੰਡੀ ਹੋਈ ਇਨਕਲਾਬੀ ਵਿਦਿਆਰਥੀ ਜਥੇਬੰਦੀ ਨੂੰ ਮੁੜ ਜਥੇਬੰਦ ਕਰਨ ਦਾ ਬੀੜਾ ਚੁੱਕਿਆ ਜਦੋਂ ਕਮਿਊਨਿਸਟ ਇਨਕਲਾਬੀ ਲਹਿਰ ਅੰਦਰਲਾ ਮਾਅਰਕੇਬਾਜ਼ ਰੁਝਾਨ ਚੜ੍ਹਤ ਵਿੱਚ ਸੀ। ਜਦੋਂ ਇਨਕਲਾਬੀ ਜਨਤਕ ਲੀਹ ਵਿੱਚ ਅਡੋਲ ਨਿਹਚਾ ਦੇ ਬਗੈਰ- ਇਹ ਵਿਸ਼ਵਾਸ਼ ਕਰਨਾ ਸੰਭਵ ਨਹੀਂ ਸੀ ਕਿ ਹਾਕਮ ਜਮਾਤਾਂ ਦੇ ਭਿਆਨਕ ਜਬਰ ਦੇ ਬਾਵਜੂਦ ਜਨਤਕ ਜਥੇਬੰਦੀਆਂ ਉਸਾਰੀਆਂ ਅਤੇ ਕਾਇਮ ਰੱਖੀਆਂ ਜਾ ਸਕਦੀਆਂ ਹਨ। ਪਿਰਥੀ ਦੀ ਅਗਵਾਈ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਨੇ ਇਨਕਲਾਬੀ ਜਨਤਕ ਲੀਹ ਦੀ ਖਰੀ ਝੰਡਾਬਰਦਾਰ ਵਜੋਂ ਮਾਅਰਕੇਬਾਜ਼ ਅਤੇ ਸੋਧਵਾਦੀ ਰੁਝਾਨਾਂ ਵਿਰੁੱਧ ਡਟਵੀਂ ਲੜਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਵਿਸ਼ਾਲ ਹਿੱਸਿਆਂ ਨੂੰ ਇਹਨਾਂ ਰੁਝਾਨਾਂ ਤੋਂ ਮੁਕਤ ਰੱਖਿਆ।

ਰੰਧਾਵਾ ਦੀ ਅਗਵਾਈ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਵੱਖ ਵੱਖ ਤਬਕਿਆਂ ਦੀ ਸਾਂਝੀ ਜਨਤਕ ਲਹਿਰ ਦੀ ਉਸਾਰੀ ਕਰਨ ਅਤੇ ਲੋਕਾਂ ਅੰਦਰ ਜਮਹੂਰੀ ਹੱਕਾਂ ਦੀ ਸੋਝੀ ਦਾ ਪਸਾਰਾ ਕਰਨ ਵਿੱਚ ਨਿਭਾਏ ਵਿਲੱਖਣ ਰੋਲ ਨੇ ਵਿਦਿਆਰਥੀਆਂ-ਨੌਜੁਆਨਾਂ ਤੋਂ ਇਲਾਵਾ ਲੋਕਾਂ ਦੇ ਹੋਰਨਾਂ ਜੁਝਾਰ ਹਿੱਸਿਆਂ ਦੇ ਮਨਾਂ ਵਿੱਚ ਵੀ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਪਿਰਥੀਪਾਲ ਰੰਧਾਵਾ ਦੀ ਵਿਸ਼ੇਸ਼ ਥਾਂ ਬਣਾ ਦਿੱਤੀ ਸੀ। ਇਸੇ ਕਰਕੇ ਪਿਰਥੀ ਦਾ ਨਕਸ਼ਾ ਇੱਕ ਹਰਮਨ ਪਿਆਰੇ ਵਿਦਿਆਰਥੀ ਆਗੂ ਤੋਂ ਅੱਗੇ ਵਧ ਕੇ ਆਮ ਲੋਕਾਂ ਦੇ ਇੱਕ ਆਗੂ ਵਿੱਚ ਵਟਦਾ ਜਾ ਰਿਹਾ ਸੀ।

ਪਿਰਥੀ ਦੀ ਸਖਸ਼ੀਅਤ ਇੱਕ ਵਧੀਆ ਕਮਿਊਨਿਸਟ ਵਾਲੇ ਸ਼ਾਨਦਾਰ ਗੁਣਾਂ ਦੀ ਮਾਲਕ ਸੀ। ਵਿਦਿਆਰਥੀਆਂ ਅਤੇ ਹੋਰਨਾਂ ਲੋਕਾਂ ਵਿੱਚ ਬਣੇ ਉਸਦੇ ਮਾਣ ਤਾਣ ਵਾਲੇ ਰੁਤਬੇ ਨੇ ਉਸਨੂੰ ਕਦੇ ਵੀ ਫਤੂਰ ਨਹੀਂ ਚਾੜ੍ਹਿਆ। ਆਪਣੇ ਸਮੁੱਚੇ ਇਨਕਲਾਬੀ ਜੀਵਨ ਦੌਰਾਨ ਉਸਨੇ ਇਨਕਲਾਬੀ ਜਥੇਬੰਦੀ ਦੀ ਸਮੂਹਿਕ ਇੱਛਾ ਸਾਹਮਣੇ ਚੇਤਨ ਆਪਾ ਸਮਰਪਣ ਦੀ ਸ਼ਾਨਦਾਰ ਰਵਾਇਤ ਨੂੰ ਉੱਚੀ ਚੁੱਕਿਆ। ਵਿਦਿਆਰਥੀਆਂ ਅਤੇ ਲੋਕਾਂ ਲਈ ਗਹਿਰੇ ਨਿੱਘ ਅਤੇ ਸਤਿਕਾਰ ਦੀਆਂ ਭਾਵਨਾਵਾਂ ਨਾਲ ਭਰੇ ਇਸ ਆਗੂ ਦੀ ਸਖਸ਼ੀਅਤ ਲਈ ਛੋਟਾਪਣ ਅਤੇ ਤੰਗਨਜ਼ਰੀ ਬਿਲਕੁੱਲ ਓਪਰੇ ਸਨ। ਮਾਅਰਕੇਬਾਜ਼ ਅਤੇ ਸੋਧਵਾਦੀ ਸਿਆਸਤ ਦੇ ਪੈਰੋਕਾਰਾਂ ਵੱਲੋਂ ਸਮੇਂ ਸਮੇਂ ਉਸਦੀ ਸਖਸ਼ੀਅਤ ਉੱਤੇ ਘਟੀਆ ਨਿੱਜੀ ਤੋਹਮਤਬਾਜ਼ੀ ਨਾਲ ਭਰੇ ਜ਼ਹਿਰੀਲੇ ਹਮਲੇ ਹੁੰਦੇ ਰਹੇ। ਪਰ ਉਸ ਨੇ ਨਾ ਹੀ ਇਹਨਾਂ ਦੀ ਕਦੇ ਪ੍ਰਵਾਹ ਕੀਤੀ ਅਤੇ ਨਾ ਹੀ ਆਪਣੇ ਆਪ ਨੂੰ, ਸਿਆਸੀ ਵਿਰੋਧੀਆਂ ਨਾਲ ਵਿਚਾਰਧਾਰਕ ਲੜਾਈ ਰਾਹੀਂ ਨਜਿੱਠਣ ਦੇ ਮਿਆਰ ਤੋਂ ਨੀਵਾਂ ਡਿਗਣ ਦਿੱਤਾ। ਆਪਣੇ ਗੰਭੀਰ, ਵਿਚਾਰਸ਼ੀਲ ਅਤੇ ਨਿੱਘੇ ਸੁਭਾਅ ਕਰਕੇ ਉਹ ਉਹਨਾਂ ਸਾਰੇ ਲੋਕਾਂ ਨੂੰ ਪਿਆਰਾ ਲੱਗਣ ਲੱਗ ਪਿਆ ਸੀ, ਜਿਹੜੇ ਵੀ ਉਸਦੀ ਪ੍ਰਭਾਵਸ਼ਾਲੀ ਸਖਸ਼ੀਅਤ ਦੇ ਵਾਹ ਵਿੱਚ ਆਏ।

ਬਹੁਤ ਹੀ ਹਰਮਨ ਪਿਆਰਾ ਅਤੇ ਸਤਿਕਾਰਿਆ ਇਨਕਲਾਬੀ ਘੁਲਾਟੀਆ ਹੋਣ ਕਰਕੇ ਅਤੇ ਇੱਕ ਵਿਲੱਖਣ ਇਨਕਲਾਬੀ ਜਨਤਕ ਆਗੂ ਵਾਲੇ ਗੁਣਾਂ ਦਾ ਮਾਲਕ ਹੋਣ ਕਰਕੇ ਪਿਰਥੀ ਦੀ ਸਖਸ਼ੀਅਤ ਇਸ ਲੁਟੇਰੇ ਸਮਾਜਿਕ ਪ੍ਰਬੰਧ ਲਈ ਖਤਰਾ ਬਣ ਕੇ ਉੱਭਰ ਰਹੀ ਸੀ। ਪਿਰਥੀ ਦੀ ਸ਼ਹੀਦੀ ਨਾਲ ਵੀ ਲੋਕ ਦੁਸ਼ਮਣ ਤਾਕਤਾਂ ਇਸ ਖਤਰੇ ਤੋਂ ਸੁਰਖ਼ਰੂ ਨਹੀਂ ਹੋ ਸਕੀਆਂ। ਉਸਦੇ ਕਤਲ ਵਿਰੁੱਧ ਚੱਲੀ ਲੋਕਾਂ ਦੀ ਜਬਰਦਸਤ ਵਿਰੋਧ ਲਹਿਰ ਲੋਕ ਮਨਾਂ ਅੰਦਰ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਪਿਰਥੀਪਾਲ ਰੰਧਾਵਾ ਦੀ ਸਖਸ਼ੀਅਤ ਦੇ ਡੂੰਘੇ ਅਸਰ ਦਾ ਬੱਝਵਾਂ ਪ੍ਰਗਟਾਵਾ ਸੀ। ਰੰਧਾਵਾ ਘੋਲ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਵੱਲੋਂ ਇੱਕ ਦਹਾਕੇ ਵਿੱਚ ਸਿਰਜੀਆਂ ਉਹਨਾਂ ਸ਼ਾਨਦਾਰ ਰਵਾਇਤਾਂ ਦਾ ਪ੍ਰਤੀਕ ਸੀ- ਜਿਹਨਾਂ ਨੂੰ ਪ੍ਰਫੁੱਲਤ ਕਰਨ ਵਿੱਚ ਪਿਰਥੀ ਨੇ ਉੱਭਰਵਾਂ ਰੋਲ ਨਿਭਾਇਆ। ਇਨਕਲਾਬੀ ਜਨਤਕ ਲਹਿਰ ਨੂੰ ਹੁਲਾਰਾ ਦੇ ਕੇ ਅਤੇ ਹਾਕਮ ਜਮਾਤਾਂ ਵਿਰੁੱਧ ਲੋਕਾਂ ਦੀ ਜਮਾਤੀ ਨਫਰਤ ਨੂੰ ਹੋਰ ਪਰਚੰਡ ਕਰਕੇ ਇਸ ਘੋਲ ਨੇ ਵਿਖਾ ਦਿੱਤਾ ਕਿ ਲੋਕ ਆਗੂਆਂ ਦੇ ਕਤਲਾਂ ਰਾਹੀਂ ਹਾਕਮ ਜਮਾਤਾਂ ਇਨਕਲਾਬੀ ਸ਼ਕਤੀਆਂ ਹੱਥੋਂ ਆਪਣੀ ਮੌਤ ਦੇ ਖਤਰੇ ਤੋਂ 'ਸੁਰਖਰੂ' ਨਹੀਂ ਹੋ ਸਕਦੀਆਂ।

ਪਿਰਥੀ ਦੀ ਜ਼ਿੰਦਗੀ ਅਤੇ ਮੌਤ ਇਨਕਲਾਬੀ ਲਹਿਰ ਦੇ ਕਾਜ ਅੰਦਰ ਦ੍ਰਿੜ੍ਹ ਵਿਸ਼ਵਾਸ਼ ਵਾਲੇ ਇਨਕਲਾਬੀ ਹੌਂਸਲੇ ਅਤੇ ਕੁਰਬਾਨੀ ਦੀ ਸ਼ਾਨਦਾਰ ਕਮਿਊਨਿਸਟ ਰਵਾਇਤ ਦੀ ਤਰਜਮਾਨ ਸੀ। ਅੱਜ ਪਿਰਥੀ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਅਰਥ ਉਸਦੀ ਜ਼ਿੰਦਗੀ ਅਤੇ ਮੌਤ ਤੋਂ ਪ੍ਰੇਰਨਾ ਲੈਂਦਿਆਂ ਉਸ ਦਰੁਸਤ ਇਨਕਲਾਬੀ ਲੀਹ ਦੀ ਰਾਖੀ ਅਤੇ ਵਧਾਰੇ ਲਈ ਡਟਣਾ ਹੈ, ਜੀਹਦੇ 'ਤੇ ਪਿਰਥੀ ਅੰਤਲੇ ਸਾਹਾਂ ਤੱਕ ਡਟਿਆ ਰਿਹਾ।

## ਨਿਯੁਕਤੀ



ਅਸੀਂ ਮਾਣ ਮਹਿਸੂਸ ਕਰਦੇ ਹਾਂ ਸ੍ਰ. ਗੁਰਬਚਨ ਸਿੰਘ ਬਰਾੜ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕੀ ਬੋਰਡ ਵਿਚ ਮੈਂਬਰ ਵਜੋਂ ਸ਼ਾਮਲ ਹੋਏ ਹਨ। 'ਸਰੋਕਾਰਾਂ ਦੀ ਆਵਾਜ਼' ਦਾ ਸਾਹਿਤਕ ਪੰਨਾ ਇਨ੍ਹਾਂ ਦੀ ਦੇਖ-ਰੇਖ ਵਿਚ ਰਹੇਗਾ। ਇਨ੍ਹਾਂ ਦਾ ਸੰਪਾਦਕੀ ਬੋਰਡ ਦਾ ਮੈਂਬਰ ਬਣਨ 'ਤੇ ਅਦਾਰਾ ਮਾਣ ਮਹਿਸੂਸ ਕਰਦਾ ਹੈ।

**ਗੁਰਬਚਨ ਸਿੰਘ ਬਰਾੜ**
ਕੈਲਗਰੀ (N.E.) ਐਲਬਰਟਾ (ਕੈਨੇਡਾ)
403-470-2628
brargurbachan@yahoo.ca

## ਸਰੋਕਾਰਾਂ ਦੀ ਆਵਾਜ਼ ਨੂੰ ਲੋੜ ਹੈ

ਕੈਨੇਡਾ ਤੋਂ ਛਪਣ ਵਾਲੇ ਮਹੀਨਾਵਾਰ ਅਖ਼ਬਾਰ 'ਸਰੋਕਾਰਾਂ ਦੀ ਆਵਾਜ਼' ਨੂੰ ਵੱਖ-ਵੱਖ ਥਾਵਾਂ ਤੋਂ ਬਿਜਨਿਸ ਪ੍ਰਤੀਨਿਧਾਂ ਦੀ ਲੋੜ ਹੈ। ਚਾਹਵਾਨ ਤੁਰੰਤ ਸੰਪਰਕ ਕਰਨ

**HARBANS SINGH**
**416-817-7142**
Email: ppapmg@gmail.com
Website: www.ppapmg.com


Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

ਗੀਤਾਂ ਨਾਲ ਪ੍ਰੀਤਾਂ
ਮੁਕੰਮਲ ਪਰਿਵਾਰਕ ਰੇਡੀਓ ਪ੍ਰੋਗਰਾਮ
• ਸਦਾਬਹਾਰ ਤੇ ਨਵਾਂ ਗੀਤ ਸੰਗੀਤ
• ਮਾਹੌਲ ਤੇ ਮੌਸਮ ਦੇ ਝਰੋਖੇ 'ਚੋਂ
• ਚਟਪਟਾ ਮਨੋਰੰਜਨ
• ਲਾਈਵ ਫੋਨ ਇਨ
ਰੰਗ ਪੰਜਾਬੀ ਪੜ੍ਹਨ ਅਤੇ
ਪੰਜਾਬ ਤੋਂ ਖ਼ਬਰਾਂ ਕਿਸੇ ਵੇਲੇ ਵੀ ਸੁਣਨ ਲਈ
www.rungpunjabi.com
ਭਾਰਤ ਤੋਂ :
ਪ੍ਰੋ. ਕੰਵਲਜੀਤ ਸਿੰਘ ਢੁੱਡੀਕੇ
ਸਾਹਿਤਕ ਪੇਸ਼ਕਾਰ :
ਨੀਟਾ ਬਲਵਿੰਦਰ ਸਿੰਘ
ਰੋਜ਼ਾਨਾ ਰਾਸ਼ਟਰੀ ਤੇ ਅੰਤਰਰਾਸ਼ਟਰੀ ਖ਼ਬਰਾਂ :
ਰਣਵੀਰ ਸ਼ਾਰਧਾ
ਪਿਛਲੇ ਡੇਢ ਦਹਾਕੇ ਤੋਂ ਤੁਹਾਡੀ ਸੇਵਾ ਵਿਚ
ਹੁਣ ਹਰ ਰੋਜ਼ ਸੋਮਵਾਰ ਤੋਂ ਸ਼ੁੱਕਰਵਾਰ
VOICE OF THE CITY CJMR 1320
ਸੋਮਵਾਰ ਤੋਂ ਸ਼ੁਕਰਵਾਰ
ਦੁਪਹਿਰੇ 2 ਤੋਂ 3 ਵਜੇ ਤੱਕ
ਇੰਟਰਨੈਟ 'ਤੇ ਵੀ ਲਾਈਵ www.cjmr1320.ca
ਟੋਨੀ ਮਰਵਾਹਾ
ਸੰਚਾਲਕ
Ph: 416-670-3539
Fax : 905-281-9322

FIVE STAR INSURANCE BROKERS LIMITED
Put our 5 star service to work for you
Our Services:
• Auto & Home Insurance
• Truck Insurance
• Business Insurance
• Commercial Insurance
• Medical Insurance
• Health Insurance
• Marine Insurance
• Manufacturers Insurance
• Professional Office Insurance
• Restaurant Insurance
• Contractors Insurance
• Life Insurance
• Disability Insurance
& we will handle all your specialty needs quickly and efficiently
FIVE STAR INSURANCE BROKERS LIMITED
"Ensuring Proper Insurance Coverage"
Brampton
350 Rutherford Rd South, Building #2, Suite #310, Brampton, ON L6W 3M2
We will Compare 15 Insurance Company Rates Instantly.
Save 51%
(with qualified discounts)
Tel: 905-459-0555
Toll Free : 1-877-847-6263
Fax: 1-888-562-5094
Get Quotes Online and Buy Insurance Online
Email: dave@fivestarinsurance.ca
Website: www.fivestarinsurance.ca
270 Orenda Road #200, Brampton, ON L6T 4X6

UPPAL TRAVEL
A Name You Can Trust.
Complete Worldwide Travel, Visa, Passport & Citizen Photo Services
Tel: 905-676-8200
Email: uppaltravel@hotmail.com
2857 Derry Rd. E. Mississauga, ON L4T 1A6
Fax: 905-672-784
Avtar Uppal
PRESIDENT

Hiring Drivers/Owners/Operators
GALAXY Freightline inc.
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

ਵਿਗਿਆਨਕ ਸੋਚ ਅਪਣਾਓ! ਤਰਕਸ਼ੀਲ ਬਣੋ!

## ਕਾਮਾਗਾਟਾ ਮਾਰੂ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ

## 5ਵਾਂ ਤਰਕਸ਼ੀਲ

# ਸੱਭਿਆਚਾਰਕ ਨਾਟਕ ਸਮਾਗਮ

**30 ਅਗਸਤ 2014 ਸ਼ਨੀਵਾਰ 2 ਤੋਂ 6 ਵਜੇ ਤੱਕ ਔਰਫੀਅਸ ਥੀਏਟਰ ਸੇਟ ਕਾਲਜ 1301-16th Ave NW ਕੈਲਗਰੀ ਵਿਖੇ ਹੋਵੇਗਾ**

**Saturday Aug. 30th, 2014 from 2pm-6pm at Orpheus Theater SAIT College, 1301-16th Ave. NW CALGARY**

ਟਿਕਟ ਸਿਰਫ 10 ਡਾਲਰ

1. ਪਹਿਲਾ ਨਾਟਕ : 'ਕਾਮਗਾਟਾ ਮਾਰੂ ਸ਼ਤਾਬਦੀ' ਸਬੰਧੀ
   ਲੇਖਕ : ਹਰਕੇਸ਼ ਚੌਧਰੀ ਅਤੇ ਸੁਰਿੰਦਰ ਸ਼ਰਮਾ।
2. ਦੂਸਰਾ ਨਾਟਕ : 'ਟੋਆ'
   ਲੇਖਕ : ਗੁਰਸ਼ਰਨ ਭਾਅ ਜੀ (ਭਾਈ ਮੰਨਾ ਸਿੰਘ)
3. ਬੱਚਿਆਂ ਦੀਆਂ ਕੋਰਿਓਗ੍ਰਾਫ਼ੀਆਂ, ਜਾਦੂ ਦੇ ਟ੍ਰਿਕ ਅਤੇ ਐਕਸ਼ਨ ਗੀਤ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ।
   ਤਰਕਸ਼ੀਲ ਅਤੇ ਉਸਾਰੂ ਸਾਹਿਤ ਦੀ ਸਟਾਲ ਲੱਗੇਗੀ।



**ਨੋਟ :** ਪ੍ਰੋਗਰਾਮ ਦੀ ਤਿਆਰੀ ਲਈ ਡਾਇਰੈਕਟਰ ਅਤੇ ਲੇਖਕ ਹਰਕੇਸ਼ ਚੌਧਰੀ ਅਤੇ ਸੁਰਿੰਦਰ ਸ਼ਰਮਾ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਪੰਜਾਬ ਤੋਂ ਵਿਸ਼ੇਸ਼ ਰੂਪ 'ਚ 15 ਅਗਸਤ ਨੂੰ ਪਹੁੰਚ ਜਾਣਗੇ।

ਅਪੀਲ - ਪ੍ਰੈੱਸ ਮੀਡੀਆ, ਸਭ ਸਭਾ ਸੋਸਾਇਟੀਆਂ/ਜਥੇਬੰਦੀਆਂ ਨੂੰ ਸਹਿਯੋਗ ਅਤੇ ਪਰਿਵਾਰਾਂ ਸਮੇਤ ਪੁੱਜਣ ਦੀ ਜ਼ੋਰਦਾਰ ਅਪੀਲ

## ਨਾਟਕ ਵਿੱਚ ਭਾਗ ਲੈਣ ਵਾਲੇ, ਹੋਰ ਸਹਾਇਤਾ ਅਤੇ ਜਾਣਕਾਰੀ ਲਈ ਸੰਪਰਕ ਕਰੋ:

| | | |
|---|---|---|
| ਸੋਹਣ ਮਾਨ<br>ਪ੍ਰਧਾਨ<br>403-275-0931 | ਮਾਸਟਰ ਭਜਨ<br>ਸਕੱਤਰ<br>403-455-4220 | ਜੀਤ ਇੰਦਰਪਾਲ<br>ਵਿੱਤ ਸਕੱਤਰ<br>403-248-5842 |
| ਜਤਿੰਦਰ ਸਵੈਚ<br>ਪ੍ਰੈਸ ਸਕੱਤਰ<br>403-903-5601 | ਕਮਲਪ੍ਰੀਤ ਪੰਧੇਰ<br>ਐਡੀਟਰ<br>403-479-4220 | ਪ੍ਰੋ. ਗੋਪਾਲ ਸਿੰਘ<br>ਡਾਇਰੈਕਟਰ<br>403-970-3588 |

ਭਰਪੂਰ ਹੁੰਗਾਰੇ ਦੀ ਆਸ ਨਾਲ ਐਗਜੈਕਟਿਵ ਕਮੇਟੀ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ (ਰਜਿ.) ਕੈਲਗਰੀ (ਕੈਨੇਡਾ)